# ਸਮਾਜ ਸ਼ਾਸਤਰ

*(X1 ਸ਼੍ਰੇਣੀ ਲਈ)*


**ਪੰਜਾਬ ਸਕੂਲ ਸਿੱਖਿਆ ਬੋਰਡ**

**ਸਾਹਿਬਜ਼ਾਦਾ ਅਜੀਤ ਸਿੰਘ ਨਗਰ**

© ਪੰਜਾਬ ਸਰਕਾਰ

**ਪਹਿਲਾ ਸੰਸਕਰਨ** : 2015...................... **ਕਾਪੀਆਂ**

**ਸਾਰੇ ਅਧਿਕਾਰ, ਅਨੁਵਾਦ, ਪੁਨਰ: ਛਪਾਈ ਆਦਿ ਪੰਜਾਬ ਸਰਕਾਰ ਵੱਲੋਂ ਰਾਖਵੇਂ ਹਨ।**

| | | |
|---|---|---|
| **ਮੁੱਖ ਸੋਧਕ** | **:** | **ਡਾ. ਸ਼ੈਰੀ ਸੱਭਰਵਾਲ**<br>ਪ੍ਰੋਫ਼ੈਸਰ, ਸਮਾਜ–ਸ਼ਾਸਤਰ ਵਿਭਾਗ<br>ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ। |
| **ਪੰਜਾਬੀ ਅਨੁਵਾਦਕ** | **:** | **ਸ਼੍ਰੀਮਤੀ ਸੁਨੀਤ ਕੌਰ**<br>ਐਸੋਸੀਏਟ ਪ੍ਰੋਫ਼ੈਸਰ, ਸਮਾਜ–ਸ਼ਾਸਤਰ ਵਿਭਾਗ<br>ਸਰਕਾਰੀ ਕਾਲਜ, ਸਾਹਿਬਜ਼ਾਦਾ ਅਜੀਤ ਸਿੰਘ ਨਗਰ<br>(ਮੋਹਾਲੀ)।<br>**ਡਾ. ਰਮਨਦੀਪ ਕੌਰ**<br>ਸਹਾਇਕ–ਪ੍ਰੋਫ਼ੈਸਰ, ਸਮਾਜ–ਸ਼ਾਸਤਰ |
| **ਕੋ-ਆਰਡੀਨੇਟਰ ਅਤੇ ਸੰਪਾਦਕ** | **:** | **ਸੀਮਾ ਚਾਵਲਾ**<br>ਵਿਸ਼ਾ ਮਾਹਿਰ, ਪੰਜਾਬ ਸਕੂਲ ਸਿੱਖਿਆ ਬੋਰਡ |

**ਚੇਤਾਵਨੀ**

1. ਕੋਈ ਵੀ ਏਜੰਸੀ ਧਾਰਕ ਵਾਧੂ ਪੈਸੇ ਲੈਣ ਦੇ ਉਦੇਸ਼ ਨਾਲ਼ ਪਾਠ–ਪੁਸਤਕ ਦੀ ਜਿਲਦਬੰਦੀ ਨਹੀਂ ਕਰ ਸਕਦਾ (ਏਜੰਸੀ ਵਾਲਿਆਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ: 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪ੍ਰਕਾਸ਼ਿਤ ਪਾਠ ਪੁਸਤਕਾਂ ਦੀ ਜਾਲ੍ਹੀ ਅਤੇ ਨਕਲੀ ਪ੍ਰਕਾਸ਼ਨ (ਪਾਠ–ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮਾਖ਼ੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਸਜ਼ਾ ਪ੍ਰਣਾਲੀ ਦੇ ਅਧੀਨ ਗ਼ੈਰ–ਕਾਨੂੰਨੀ ਅਪਰਾਧ ਹੈ। (ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ–ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲ਼ੇ ਕਾਗਜ਼ ਦੇ ਉਪਰ ਹੀ ਛਾਪੀਆਂ ਜਾਂਦੀਆਂ ਹਨ।

**ਮੁੱਲ :**

ਸਕੱਤਰ : ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਸਾਹਿਬਜ਼ਾਦਾ ਅਜੀਤ ਸਿੰਘ ਨਗਰ 160062

# ਮੁੱਖਬੰਧ

ਪੰਜਾਬ ਸਕੂਲ ਸਿੱਖਿਆ ਬੋਰਡ ਆਪਣੀ ਸਥਾਪਨਾ ਦੇ ਸਮੇਂ ਤੋਂ ਹੀ ਸਕੂਲ ਸਿੱਖਿਆ ਦੇ ਪੱਧਰ 'ਤੇ ਸਮੂਹ ਸ਼੍ਰੇਣੀਆਂ ਲਈ ਵੱਖ-ਵੱਖ ਵਿਸ਼ਿਆਂ ਦੀਆਂ ਪਾਠ-ਪੁਸਤਕਾਂ ਤਿਆਰ ਕਰਨ ਦੇ ਉਪਰਾਲੇ ਕਰਦਾ ਆ ਰਿਹਾ ਹੈ। ਇਸੇ ਸਿਲਸਿਲੇ ਅਧੀਨ ਹੱਥਲੀ ਪਾਠ-ਪੁਸਤਕ ਇਸੇ ਲੜੀ ਵਿੱਚੋਂ ਇੱਕ ਹੈ ਅਤੇ ਇਹ ਗਿਆਰ੍ਹਵੀਂ ਸ਼੍ਰੇਣੀ ਦੇ ਸਮਾਜ ਸ਼ਾਸਤਰ ਦੇ ਵਿਦਿਆਰਥੀਆਂ ਲਈ 'ਵਿਦਿਆਰਥੀ ਕੇਂਦਰਿਤ' ਸਿੱਖਿਆ ਸਿਧਾਂਤ ਨੂੰ ਮੁੱਖ ਰੱਖ ਕੇ ਤਿਆਰ ਕੀਤੀ ਗਈ ਹੈ। ਰਾਸ਼ਟਰੀ ਪਾਠਕ੍ਰਮ ਦੀ ਰੂਪ ਰੇਖਾ-2005 ਤੇ ਅਧਾਰਿਤ ਪੰਜਾਬ ਪਾਠਕ੍ਰਮ ਰੂਪ ਰੇਖਾ 2013 ਦੀ ਸਿਫਾਰਸ਼ ਹੈ ਕਿ ਵਿਦਿਆਰਥੀ ਦੀ ਸਕੂਲ ਦੀ ਜ਼ਿੰਦਗੀ ਨੂੰ ਸਕੂਲ ਤੋਂ ਬਾਹਰਲੀ ਦੁਨੀਆਂ ਨਾਲ਼ ਜੋੜਿਆ ਜਾਵੇ। ਜੋ ਵਿਦਿਆਰਥੀਆਂ ਲਈ 'ਪੁਸਤਕ ਅਧਾਰਿਤ ਸਿੱਖਿਆ' ਦੀ ਪਰੰਪਰਾ ਤੋਂ 'ਗਤੀਵਿਧੀ ਅਧਾਰਿਤ ਸਿੱਖਿਆ' ਵੱਲ ਵਧਣ ਦਾ ਇੱਕ ਕਦਮ ਹੈ।

ਸੀਨੀਅਰ ਸੈਂਕਡਰੀ ਸ਼੍ਰੇਣੀਆਂ ਲਈ ਸਮਾਜ ਸ਼ਾਸਤਰ ਨੂੰ 'ਹਿਉਮੈਂਨਟੀਜ਼' ਸਟਰੀਮ ਦੇ ਅਧੀਨ ਇੱਕ ਚੋਣਵੇਂ ਵਿਸ਼ੇ ਵਜੋਂ ਲਾਗੂ ਕੀਤਾ ਗਿਆ ਹੈ। ਇਹ ਵਿਸ਼ਾ ਸਮਾਜ, ਸੱਭਿਆਚਾਰ, ਸਮਾਜਿਕ ਸਮੂਹ, ਸਮੁਦਾਇ, ਪਰਿਵਾਰ, ਵਿਆਹ, ਨਾਤੇਦਾਰੀ, ਰਾਜਨੀਤੀ, ਧਰਮ, ਅਰਥ ਵਿਵਸਥਾ ਅਤੇ ਸਿੱਖਿਆ ਦੇ ਅਧਿਐਨ 'ਤੇ ਜ਼ੋਰ ਦਿੰਦਾ ਹੈ ਤਾਂ ਕਿ ਵਿਦਿਆਰਥੀ ਸਮਾਜਿਕ ਯਥਾਰਥ ਨੂੰ ਚੇਤੰਨ ਤੌਰ ਤੇ ਸਮਝ ਸਕਣ ਅਤੇ ਸਮਾਜਿਕ, ਆਰਥਿਕ ਵਿਕਾਸ ਵਿੱਚ ਯੋਗਦਾਨ ਦੇਣ ਲਈ ਸਮਰੱਥ ਹੋ ਸਕਣ। ਵਿਸ਼ਾ ਵਸਤੂ ਨੂੰ ਵਧੇਰੇ ਪ੍ਰਸੰਗਿਕ ਅਤੇ ਦਿਲਚਸਪ ਬਣਾਉਣ ਲਈ ਵਿਦਿਆਰਥੀਆਂ ਦੇ ਮਾਨਸਿਕ ਪੱਧਰ ਦੇ ਅਨੁਸਾਰ ਚਿੱਤਰ ਅਤੇ ਅਭਿਆਸ ਦਿੱਤੇ ਗਏ ਹਨ। ਵਿਦਿਆਰਥੀਆਂ ਨੂੰ ਸ੍ਵੈ-ਸਿੱਖਿਆ ਲਈ ਉਤਸ਼ਾਹਿਤ ਕਰਨ ਹਿੱਤ ਬਾਕਸ ਆਇਟਮਜ਼ ਨੂੰ ਵੀ ਪਾਠ-ਪੁਸਤਕ ਵਿੱਚ ਸ਼ਾਮਲ ਕੀਤਾ ਗਿਆ ਹੈ। ਇਹ ਪਾਠ-ਪੁਸਤਕ ਯੂਨੀਵਰਸਿਟੀਆਂ, ਕਾਲਜਾਂ, ਐਨ.ਸੀ. ਈ. ਆਰ .ਟੀ. ਅਤੇ ਐੱਸ, ਸੀ. ਈ. ਆਰ. ਟੀ. ਦੇ ਵਿਸ਼ਾ ਮਾਹਰਾਂ ਦੇ ਸੁਝਾਅ ਤੇ ਅਧਾਰਿਤ ਬਾਲ ਮਨੋਵਿਗਿਆਨ ਦੇ ਮਹੱਤਵਪੂਰਨ ਵਿਚਾਰਾਂ ਦੇ ਨਾਲ਼ ਗਿਆਨ ਨੂੰ ਨਵੀਂ ਦਿਸ਼ਾ ਦੇਣ ਦਾ ਇੱਕ ਉਪਰਾਲਾ ਹੈ।

ਪੰਜਾਬ ਸਕੂਲ ਸਿੱਖਿਆ ਬੋਰਡ ਇਸ ਪੁਸਤਕ ਨੂੰ ਤਿਆਰ ਕਰਨ ਵਾਲ਼ੀ ਪਾਠ-ਪੁਸਤਕ ਵਿਕਾਸ ਕਮੇਟੀ ਦੇ ਵੱਲੋਂ ਕੀਤੇ ਗਏ ਸੁਹਿਰਦ ਯਤਨਾਂ ਦੀ ਸ਼ਲਾਘਾ ਕਰਦਾ ਹੈ। ਬੋਰਡ ਪਾਠ-ਪੁਸਤਕ ਵਿੱਚ ਸੁਧਾਰ ਲਈ ਆਉਂਣ ਵਾਲ਼ੇ ਸੁਝਾਂਵਾਂ ਦਾ ਖੈਰ ਮਕਦਮ ਕਰਦਾ ਹੈ।

**ਚੇਅਰਪਰਸਨ**

ਪੰਜਾਬ ਸਕੂਲ ਸਿੱਖਿਆ ਬੋਰਡ

# ਪਾਠ ਪੁਸਤਕ ਰਚਨਾ ਕਮੇਟੀ

**ਸੋਧਕ : ਡਾ. ਸ਼ੈਰੀ ਸਭਰਵਾਲ**, ਪ੍ਰੋਫੈਸਰ, ਸਮਾਜ ਸ਼ਾਸਤਰ ਵਿਭਾਗ , ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

## ਮੈਂਬਰ

**ਡਾ. ਮੰਜੂ ਭੱਟ**, ਪ੍ਰੋਫੈਸਰ, ਸਮਾਜ ਸ਼ਾਸਤਰ ਅਤੇ ਮਾਨਵ ਵਿਗਿਆਨ ਵਿਭਾਗ, ਐੱਨ.ਸੀ.ਈ.ਆਰ.ਟੀ ਨਵੀਂ ਦਿੱਲੀ।

**ਡਾ. ਐੱਮ.ਐੱਸ. ਗਿੱਲ**, ਪ੍ਰੋਫੈਸਰ, ਸਮਾਜ ਸ਼ਾਸਤਰ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

**ਡਾ. ਜਗਦੀਸ਼ ਮਹਿਤਾ** ਐਸੋਸੀਏਟ ਪ੍ਰੋਫੈਸਰ, ਮੁਖੀ ਸਮਾਜ ਸ਼ਾਸਤਰ ਵਿਭਾਗ ਡੀ.ਏ.ਵੀ. ਕਾਲਜ ਸੈਕਟਰ -10, ਚੰਡੀਗੜ੍ਹ।

**ਡਾ. ਮਨੋਜ ਕੁਮਾਰ**, ਸਹਾਇਕ ਪ੍ਰੋਫੈਸਰ, ਸਮਾਜ ਸ਼ਾਸਤਰ ਵਿਭਾਗ ਸਰਕਾਰੀ ਕੰਨਿਆ ਕਾਲਜ, ਸੈਕਟਰ–11, ਚੰਡੀਗੜ੍ਹ।

**ਡਾ. ਬਲੀ ਬਹਾਦੁਰ**, ਸਹਾਇਕ ਪ੍ਰੋਫੈਸਰ, ਮੁਖੀ, ਸਮਾਜ ਸ਼ਾਸ਼ਤਰ ਵਿਭਾਗ, ਗੁਰੂ ਨਾਨਕ ਗਰਲਜ਼ ਕਾਲਜ, ਸ੍ਰੀ ਮੁਕਤਸਰ ਸਾਹਿਬ (ਪੰਜਾਬ)।

**ਡਾ. ਸੰਗੀਤਾ ਸ਼ਰਮਾ**, ਸਹਾਇਕ ਪ੍ਰੋਫੈਸਰ, ਸਮਾਜ ਸ਼ਾਸਤਰ ਵਿਭਾਗ 'ਦੇਸ਼ ਭਗਤ ਯੂਨੀਵਰਸਿਟੀ', ਮੰਡੀ ਗੋਬਿੰਦਗੜ੍ਹ (ਪੰਜਾਬ)।

**ਸ੍ਰੀਮਤੀ ਸੀਮਾ ਬੈਨਰਜੀ**, ਪੀ.ਜੀ.ਟੀ, ਲੱਛਮਣ ਪਬਲਿਕ ਸਕੂਲ ਨਵੀ ਦਿੱਲੀ।

**ਕੁਮਾਰੀ ਜੋਤੀ ਰਾਣੀ**, ਲੈਕਚਰਾਰ, ਪੋਸਟ ਗਰੇਜੁਏਟ ਗੌਰਮਿੰਟ ਗਰਲਜ਼ ਕਾਲਜ ਸੈਕਟਰ–42 ਚੰਡੀਗੜ੍ਹ।

### ਡਿਜ਼ਾਇਨ/ਚਿੱਤਰ/ਗ੍ਰਾਫ਼ਿਕਸ ਟੀਮ

**ਸ੍ਰੀ ਵਰਿੰਦਰ ਕੁਮਾਰ**, ਪੀ.ਆਰ.ਟੀ, ਸਰਕਾਰੀ ਪ੍ਰਾਇਮਰੀ ਸਕੂਲ ਮਚਾਕੀ ਮੱਲ ਸਿੰਘ ਫਰੀਦਕੋਟ

**ਮਾਸਟਰ ਕੁੰਵਰ ਅਰੋੜਾ**, ਵਿਜ਼ੁਅਲ ਮੀਡੀਆ ਸੈਕਟਰ -34 ਚੰਡੀਗੜ੍ਹ।

**ਸ੍ਰੀ ਰਜਿੰਦਰ ਪਨੇਸਰ**, ਬਾਬਾ ਫਰੀਦ ਡਿਜ਼ੀਟਲ ਸਟੂਡੀਓ ਫਰੀਦਕੋਟ

### ਕੋਆਰਡੀਨੇਟਰ ਅਤੇ ਸੰਪਾਦਕ

**ਸੀਮਾ ਚਾਵਲਾ**, ਵਿਸ਼ਾ ਮਾਹਿਰ, ਪੰਜਾਬ ਸਕੂਲ ਸਿੱਖਿਆ ਬੋਰਡ, ਸਾਹਿਬਜ਼ਾਦਾ ਅਜੀਤ ਸਿੰਘ ਨਗਰ।

# ਭੂਮਿਕਾ

ਸਮਾਜ ਸ਼ਾਸਤਰ ਵਿਸ਼ੇ ਦਾ ਪ੍ਰਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਸਮਾਜ ਸ਼ਾਸਤਰ ਦੇ ਮੂਲ ਸੰਕਲਪਾਂ ਅਤੇ ਪ੍ਰਕਿਰਤੀ ਦੀ ਸਮਝ ਪੈਦਾ ਕਰਨਾ ਹੈ। ਸਮਾਜ ਸ਼ਾਸਤਰ ਦੇ ਅਧਿਐਨ ਨਾਲ਼ ਵਿਦਿਆਰਥੀਆਂ ਨੂੰ ਸਮਾਜ ਅਤੇ ਰੋਜ਼ਾਨਾ ਜੀਵਨ ਨੂੰ ਬਿਹਤਰ ਢੰਗ ਨਾਲ਼ ਸਮਝਣ ਵਿੱਚ ਮੱਦਦ ਮਿਲ਼ਦੀ ਹੈ। ਵਰਤਮਾਨ ਪਾਠਕ੍ਰਮ ਦਾ ਉਦੇਸ਼ ਵਿਦਿਆਰਥੀਆਂ ਨੂੰ ਮਨੁੱਖੀ ਵਿਵਹਾਰ ਦੀ ਗਤੀਸ਼ੀਲਤਾ  ਅਤੇ ਜਟਿਲਤਾ ਦੇ ਬਾਵਜੂਦ ਸਮਾਜ ਨੂੰ ਸਮਝਣ ਵਿੱਚ ਸਮਰੱਥ ਬਣਾਉਣਾ ਹੈ ਅਤੇ ਨਾਲ਼ ਹੀ ਇਹ ਵਿਸ਼ਾ ਵਿਦਿਆਰਥੀਆਂ ਦੇ ਮਨਾਂ ਵਿੱਚ ਖੜ੍ਹੇ ਹੋਣ ਵਾਲ਼ੇ ਉਨ੍ਹਾਂ ਪ੍ਰਸ਼ਨਾਂ ਦੇ ਵੀ ਉੱਤਰ ਪ੍ਰਦਾਨ ਕਰਦਾ ਹੈ, ਜਦੋਂ ਉਹ ਸਮਾਜਿਕ ਜੀਵਨ ਨੂੰ ਸਮਝਣ ਦਾ ਯਤਨ ਕਰ ਰਹੇ ਹੁੰਦੇ ਹਨ।

ਉਦੇਸ਼

- ਸਮਾਜ-ਸ਼ਾਸਤਰ ਦੇ ਆਧਾਰਭੂਤ ਸੰਕਲਪਾਂ ਤੋਂ ਜਾਣੂ ਕਰਵਾਉਣਾ ਤਾਂ ਜੋ ਵਿਦਿਆਰਥੀ ਸਮਾਜਿਕ ਜ਼ਿੰਦਗੀ ਦਾ ਪ੍ਰੇਖਣ ਤੇ ਵਿਆਖਿਆ ਕਰ ਸਕਣ।
- ਸ਼੍ਰੇਣੀ ਕਮਰੇ ਦੇ ਅਧਿਆਪਨ ਨੂੰ ਸਮਾਜ ਨਾਲ਼ ਜੋੜਨਾ।
- ਸਮਾਜਿਕ ਸੰਰਚਨਾ ਅਤੇ ਸਮਾਜਿਕ ਪ੍ਰਕਿਰਿਆ ਦੀ ਜਟਿਲਤਾ ਸੰਬੰਧੀ ਜਾਗਰੁਕਤਾ ਪੈਦਾ ਕਰਨਾ।
- ਵਿਦਿਆਰਥੀਆਂ ਵਿੱਚ ਬਦਲ ਰਹੇ ਭਾਰਤੀ ਸਮਾਜ ਦੀ ਸਮਝ ਤੇ ਵਿਸ਼ਲੇਸ਼ਣ ਕਰਨ ਦੀ ਸਮਰੱਥਾ ਪੈਦਾ ਕਰਨਾ।
- ਭਾਰਤੀ ਸਮਾਜ ਦੀ ਵਿਭਿੰਨਤਾ ਅਤੇ ਵਿਸ਼ਵ ਪੱਧਰ 'ਤੇ ਹੋ ਰਹੀਆਂ ਤਬਦੀਲੀਆਂ ਦਾ ਭਾਰਤੀ ਸਮਾਜ 'ਤੇ ਪ੍ਰਭਾਵ ਸੰਬੰਧੀ ਸਮਝ ਪੈਦਾ ਕਰਨਾ ।
- ਸਮਾਜ ਦੇ ਵੰਚਿਤ/ਵਾਝੇਂ ਵਰਗਾਂ ਦੀਆਂ ਸਮੱਸਿਆਵਾਂ ਨੂੰ ਸਮਝਣਾ।

ਇਸ ਤੋਂ ਇਲਾਵਾ, ਸਮਾਜਿਕ ਸੰਰਚਨਾ ਨੂੰ ਸਮਝਣ ਲਈ ਵਿਸ਼ਲੇਸਣਾਤਮਕ ਦ੍ਰਿਸ਼ਟੀਕੋਣ ਵਿਕਸਿਤ ਕਰਨ ਦੀ ਲੋੜ ਹੈ ਤਾਂ ਜੋ ਸਮਾਜਿਕ ਪਰਿਵਰਤਨ ਦੀ ਪ੍ਰਕਿਰਿਆ ਵਿੱਚ ਅਰਥ-ਪੂਰਨ ਹਿੱਸਾ ਪਾਇਆ ਜਾ ਸਕੇ। ਇਸ ਪਾਠ ਪੁਸਤਕ ਦੇ  ਪਾਠਾਂ ਨੂੰ ਤਿਆਰ ਕਰਦੇ ਸਮੇਂ 'ਵਿਦਿਆਰਥੀ ਕੇਂਦਰਤ' ਸਿਧਾਂਤ  ਨੂੰ ਅਪਣਾਇਆ ਗਿਆ ਹੈ ਤਾਂ ਜੋ ਉਹ ਜਿਸ ਸਮਾਜ ਵਿੱਚ ਰਹਿੰਦੇ ਹਨ ਉਸ ਦੀ ਸਰੰਚਨਾ  ਅਤੇ ਸਮਾਜਿਕ ਪ੍ਰਕਿਰਿਆ ਤੋਂ ਜਾਣੂ ਹੋ ਸਕਣ। ਲਿੰਗ ਵਾਤਾਵਰਨ ਅਤੇ ਸਮਾਜਿਕ ਸਮੱਸਿਆਵਾਂ ਦੇ ਪ੍ਰਤੀ ਸੰਵੇਦਨਸ਼ੀਲਤਾ ਬਣਾਏ ਰੱਖਣ ਲਈ ਵੀ ਵਿਸ਼ੇਸ਼ ਜਤਨ ਕੀਤੇ ਗਏ ਹਨ।

**ਸੀਮਾ ਚਾਵਲਾ**, ਵਿਸ਼ਾ ਮਾਹਿਰ।

# ਆਭਾਰ

ਪੰਜਾਬ ਸਕੂਲ ਸਿੱਖਿਆ ਬੋਰਡ, ਡਾ ਸ਼ੈਰੀ ਸਭਰਵਾਲ, ਪ੍ਰੋਫੈਸਰ, ਸਮਾਜ ਸ਼ਾਸਤਰ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਅਨਮੋਲ ਯੋਗਦਾਨ ਨੂੰ ਸਵੀਕਾਰ ਕਰਦਾ ਹੈ ਜਿਨ੍ਹਾਂ ਵੱਲੋਂ ਪਾਠ-ਪੁਸਤਕ ਦੇ ਖਰੜੇ ਦੇ ਸੋਧਕ ਵਜੋਂ ਆਪਣੀਆਂ ਸੇਵਾਵਾਂ ਬੋਰਡ ਨੂੰ ਪ੍ਰਦਾਨ ਕੀਤੀਆਂ ਗਈਆਂ ਹਨ। ਬੋਰਡ ਐੱਨ.ਸੀ.ਈ. ਆਰ. ਟੀ ਦੇ ਨਿਰਦੇਸ਼ਕ, ਜਿਨ੍ਹਾਂ ਨੇ ਪਾਠ-ਪੁਸਤਕ ਦੀ ਰਚਨਾਂ ਵਿੱਚ ਆਪਣੇ ਵਿਸ਼ਾ ਮਾਹਿਰਾਂ ਦੀਆਂ ਸੇਵਾਂਵਾਂ ਉਪਲਬਧ ਕਰਵਾ ਕੇ ਸਾਨੂੰ ਸਹਿਯੋਗ ਦਿੱਤਾ ਹੈ, ਦੇ ਵੀ ਧੰਨਵਾਦੀ ਹਾਂ।

ਅਸੀਂ ਸ੍ਰੀ ਵਰਿੰਦਰ ਕੁਮਾਰ, ਪੀ.ਆਰ.ਟੀ, ਸਰਕਾਰੀ ਪ੍ਰਾਇਮਰੀ ਸਕੂਲ ਮਚਾਕੀ ਮੱਲ ਸਿੰਘ ਫਰੀਦਕੋਟ, ਮਾਸਟਰ ਕੁੰਵਰ ਅਰੋੜਾ, ਵਿਜ਼ੁਅਲ ਮੀਡੀਆ ਸੈਕਟਰ -34 ਚੰਡੀਗੜ੍ਹ, ਸ੍ਰੀ ਰਜਿੰਦਰ ਪਨੇਸਰ, ਬਾਬਾ ਫਰੀਦ ਡਿਜ਼ੀਟਲ ਸਟੂਡੀਓ ਫਰੀਦਕੋਟ ਦਾ ਪੁਸਤਕ ਦੇ ਗ੍ਰਾਫਿਕਸ ਅਤੇ ਡਿਜ਼ਾਇਨ ਤਿਆਰ ਕਰਨ ਲਈ ਧੰਨਵਾਦ ਕਰਦੇ ਹਾਂ। ਅਸੀਂ ਪਾਠ ਪੁਸਤਕ ਕਮੇਟੀ ਦੇ ਮੈਂਬਰਾਂ ਅਤੇ ਡਾ. ਮੰਜੂ ਭੱਟ, ਪ੍ਰੋਫੈਸਰ, ਸਮਾਜ ਸ਼ਾਸਤਰ ਵਿਭਾਗ, ਸਮਾਜਿਕ ਵਿਗਿਆਨ ਵਿਭਾਗ, ਐੱਨ.ਸੀ.ਈ.ਆਰ.ਟੀ ਨਵੀਂ ਦਿੱਲੀ, ਡਾ. ਐੱਮ.ਐੱਸ. ਗਿੱਲ, ਪ੍ਰੋਫੈਸਰ, ਸਮਾਜ ਸ਼ਾਸਤਰ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਸ਼੍ਰੀਮਤੀ ਸੁਨੀਤ ਕੌਰ, ਐਸੋਸੀਏਟ ਪ੍ਰੋਫ਼ੈਸਰ, ਸਮਾਜ-ਸ਼ਾਸਤਰ ਵਿਭਾਗ, ਸਰਕਾਰੀ ਕਾਲਜ ਮੁਹਾਲੀ, ਡਾ. ਸੰਗੀਤਾ ਸ਼ਰਮਾ, ਸਹਾਇਕ ਪ੍ਰੋਫੈਸਰ, ਸਮਾਜ ਸ਼ਾਸਤਰ ਵਿਭਾਗ ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ (ਪੰਜਾਬ), ਸ੍ਰੀਮਤੀ ਸੀਮਾ ਬੈਨਰਜੀ, ਪੀ.ਜੀ.ਟੀ, ਲੱਛਮਣ ਪਬਲਿਕ ਸਕੂਲ ਨਵੀ ਦਿੱਲੀ, ਡਾ. ਰਮਨਦੀਪ ਕੌਰ, ਸਹਾਇਕ-ਪ੍ਰੋਫ਼ੈਸਰ, ਸਮਾਜ-ਸ਼ਾਸਤਰ ਵਿਭਾਗ, ਐਮ. ਸੀ. ਐਮ. ਡੀ. ਏ. ਵੀ. ਕਾਲਜ ਚੰਡੀਗੜ੍ਹ, ਕੁਮਾਰੀ ਜੋਤੀ ਰਾਣੀ, ਰੀਸੋਰਸ ਪਰਸਨ (ਲੈਕਚਰਾਰ), ਪੋਸਟ ਗਰੇਜੁਏਟ ਗੌਰਮਿੰਟ ਗਰਲਜ਼ ਕਾਲਜ ਸੈਕਟਰ-42 ਚੰਡੀਗੜ੍ਹ, ਸ਼੍ਰੀ ਮੋਹਨ ਲਾਲ, ਰਿਟਾ: ਪ੍ਰਿੰਸੀਪਲ, ਸਰਕਾਰੀ ਸਕੂਲ ਚੰਡੀਗੜ੍ਹ, ਸ਼੍ਰੀਮਤੀ ਮਨੀਪਾਲ ਕੌਰ , ਸਹਾਇਕ ਪ੍ਰੋਫ਼ੈਸਰ, ਸਮਾਜ ਸ਼ਾਸਤਰ ਵਿਭਾਗ, ਐੱਸ.ਜੀ.ਜੀ. ਐੱਸ ਕਾਲਜ ਚੰਡੀਗੜ੍ਹ, ਉਪਰੋਕਤ ਸਾਰਿਆਂ ਦਾ, ਜਿਨ੍ਹਾਂ ਨੇ ਖਰੜੇ ਦੀ ਸਮੀਖਿਆ ਕਰਨ ਵਿੱਚ ਸਹਿਯੋਗ ਦਿੱਤਾ, ਦਾ ਤਹਿ ਦਿਲੋ ਧੰਨਵਾਦ ਕਰਦੇ ਹਾਂ।

ਬੋਰਡ ਡਾ. ਐਮ. ਰਾਜੀਵ ਲੋਚਨ, ਪ੍ਰੋ. ਇਤਿਹਾਸ ਵਿਭਾਗ, ਪੰਜਾਬ ਯੂਨੀਵਰਸਟੀ ਚੰਡੀਗੜ੍ਹ ਅਤੇ ਡਾ. ਜੋਤੀ ਸੇਠ, ਮੁਖੀ ਸਮਾਜ ਸ਼ਾਸਤਰ ਵਿਭਾਗ ਪੋਸਟ ਗਰੇਜੁਏਟ ਗੌਰਮਿੰਟ ਗਰਲਜ਼ ਕਾਲਜ ਸੈਕਟਰ-42 ਚੰਡੀਗੜ੍ਹਦੇ ਮਹੱਤਵਪੂਰਨ ਸੁਝਾਵਾਂ ਦੇ ਲਈ ਵੀ ਆਭਾਰੀ ਹੈ।

# ਪਾਠ ਕ੍ਰਮ

**ਇਕਾਈ-1 ਸਮਾਜ ਸ਼ਾਸਤਰ ਦੀ ਉਤਪਤੀ ਅਤੇ ਵਿਕਾਸ**

1. ਸਮਾਜ ਸ਼ਾਸਤਰ ਦਾ ਉਤਪਤੀ : ਇਤਿਹਾਸਿਕ ਪਿਛੋਕੜ, ਅਰਥ, ਸਮਾਜ ਸ਼ਾਸਤਰ ਦੀ ਪ੍ਰਕਿਰਤੀ ਅਤੇ ਵਿਸ਼ਾ ਖੇਤਰ
2. ਸਮਾਜ ਸ਼ਾਸਤਰ ਦਾ ਦੂਜੇ ਸਮਾਜਿਕ ਵਿਗਿਆਨਾਂ ਨਾਲ਼ ਸੰਬੰਧ : ਰਾਜਨੀਤੀ ਵਿਗਿਆਨ, ਇਤਿਹਾਸ, ਅਰਥਸ਼ਾਸਤਰ, ਮਨੋਵਿਗਿਆਨ ਅਤੇ ਮਾਨਵਵਿਗਿਆਨ।

**ਇਕਾਈ - II : ਸਮਾਜ ਸ਼ਾਸਤਰ ਦੀਆਂ ਮੂਲ ਧਾਰਨਾਵਾਂ**

3. ਸਮਾਜ, ਸਮੁਦਾਇ ਅਤੇ ਸਭਾ : ਸਮਾਜ – ਅਰਥ ਅਤੇ ਵਿਸ਼ੇਸ਼ਤਾਵਾਂ, ਵਿਅਕਤੀ ਅਤੇ ਸਮਾਜ ਦਾ ਸੰਬੰਧ, ਸਭਾ– ਅਰਥ ਅਤੇ ਵਿਸ਼ੇਸ਼ਤਾਵਾਂ, ਸਮੁਦਾਇ – ਅਰਥ ਅਤੇ ਵਿਸ਼ੇਸ਼ਤਾਵਾਂ, ਸਮਾਜ, ਸਮੁਦਾਇ ਅਤੇ ਸਭਾ ਵਿੱਚ ਭਿੰਨਤਾ
4. ਸਮਾਜਿਕ ਸਮੂਹ: ਅਰਥ ਅਤੇ ਵਿਸ਼ੇਸ਼ਤਾਵਾਂ, ਕਿਸਮਾਂ– ਮੁੱਢਲੇ ਅਤੇ ਗੌਣ ਸਮੂਹ, ਅੰਤਰਸਮੂਹ ਅਤੇ ਬਾਹਰੀ ਸਮੂਹ

**ਇਕਾਈ- III: ਸੱਭਿਆਚਾਰ ਅਤੇ ਸਮਾਜੀਕਰਨ**

5. ਸੱਭਿਆਚਾਰ : ਅਰਥ ਅਤੇ ਵਿਸ਼ੇਸ਼ਤਾਵਾਂ, ਭੌਤਿਕ ਅਤੇ ਅਭੌਤਿਕ ਸੱਭਿਆਚਾਰ
6. ਸਮਾਜੀਕਰਨ : ਅਰਥ, ਸਮਾਜੀਕਰਨ ਸਿੱਖਣ ਦੀ ਪ੍ਰਕਿਰਿਆ ਦੇ ਰੂਪ ਵਿੱਚ, ਸਮਾਜੀਕਰਨ ਦੀਆਂ ਏਜੰਸੀਆਂ : ਰਸਮੀ ਅਤੇ ਗ਼ੈਰ ਰਸਮੀ ਏਜੰਸੀਆਂ

**ਇਕਾਈ - IV: ਸਮਾਜਿਕ ਸੰਸਥਾਵਾਂ**

7. ਵਿਆਹ, ਪਰਿਵਾਰ ਅਤੇ ਨਾਤੇਦਾਰੀ
8. ਰਾਜਨੀਤਿਕ, ਧਾਰਮਿਕ, ਆਰਥਿਕ ਅਤੇ ਸਿੱਖਿਆ ਸੰਸਥਾਵਾਂ।

**ਇਕਾਈ-V: ਸਮਾਜਿਕ ਸੰਰਚਨਾ, ਸਮਾਜਿਕ ਸਤਰੀਕਰਨ ਅਤੇ ਸਮਾਜਿਕ ਪਰਿਵਰਤਨ**

9. ਸਮਾਜਿਕ ਸੰਰਚਨਾ : ਅਰਥ ਵਿਸ਼ੇਸ਼ਤਾਵਾਂ, ਤੱਤ - ਰੁਤਬਾ ਅਤੇ ਭੂਮਿਕਾ
10. ਸਮਾਜਿਕ ਸਤਰੀਕਰਨ : ਧਾਰਨਾ, ਕਿਸਮਾਂ, ਜਾਤੀ ਅਤੇ ਵਰਗ, ਵਿਸ਼ੇਸ਼ਤਾਵਾਂ ਅਤੇ ਭਿੰਨਤਾਵਾਂ
11. ਸਮਾਜਿਕ ਪਰਿਵਰਤਨ : ਅਰਥ, ਵਿਸ਼ੇਸ਼ਤਾਵਾਂ ਅਤੇ ਕਾਰਕ – ਜਨਸੰਖਿਅਕ ਸਿੱਖਿਆ ਅਤੇ ਤਕਨੀਕੀ ਕਾਰਕ

**ਇਕਾਈ - VI: ਸਮਾਜ ਵਿਗਿਆਨ ਦੇ ਸੰਸਥਾਪਕ ਪਿਤਾਮਾ**

12. ਪੱਛਮੀ–ਸਮਾਜ ਵਿਗਿਆਨ ਦੇ ਵਿਚਾਰਕ : ਅਗਸਤ ਕਾਮਤੇ : ਸਾਕਾਰਤਮਕਤਾ, ਤਿੰਨ ਪੱਧਰੀ ਸਿਧਾਂਤ, ਕਾਰਲ ਮਾਰਕਸ : ਵਰਗ ਅਤੇ ਵਰਗ ਸੰਘਰਸ਼, ਈਮਾਈਲ ਦੁਰਖ਼ੀਮ : ਸਮਾਜਿਕ ਤੱਥ, ਕਿਰਤ ਵੰਡ, ਮੈਕਸ ਵੈਬਰ : ਸਮਾਜਿਕ ਕਿਰਿਆ, ਸੱਤਾ ਦੀਆਂ ਕਿਸਮਾਂ, ਧਰਮ ਦਾ ਸਮਾਜ ਸ਼ਾਸਤਰ


# ਵਿਸ਼ਾ-ਸੂਚੀ


| ਅਧਿਆਇ | ਪਾਠ ਦਾ ਨਾਮ | ਪੰਨਾ ਨੰ : |
|---|---|---|
| | **ਇਕਾਈ-1** | |
| 1. | ਸਮਾਜ ਸ਼ਾਸਤਰ ਦੀ ਉਤਪਤੀ | |
| 2. | ਸਮਾਜ ਸ਼ਾਸਤਰ ਦਾ ਦੂਜੇ ਸਮਾਜਿਕ ਵਿਗਿਆਨਾਂ ਨਾਲ਼ ਸੰਬੰਧ | |
| | **ਇਕਾਈ-2** | |
| 3. | ਸਮਾਜ, ਸਮੂਦਾਇ ਅਤੇ ਸਭਾ | |
| 4. | ਸਮਾਜਿਕ ਸਮੂਹ | |
| | **ਇਕਾਈ-3** | |
| 5. | ਸੱਭਿਆਚਾਰ | |
| 6. | ਸਮਾਜੀਕਰਨ | |
| | **ਇਕਾਈ-4** | |
| 7. | ਵਿਆਹ, ਪਰਿਵਾਰ ਅਤੇ ਨਾਤੇਦਾਰੀ | |
| 8. | ਰਾਜਨੀਤਿਕ, ਧਾਰਮਿਕ, ਆਰਥਿਕ ਅਤੇ ਸਿੱਖਿਆ ਸੰਸਥਾਵਾਂ। | |
| | **ਇਕਾਈ-5** | |
| 9. | ਸਮਾਜਿਕ ਸੰਰਚਨਾ | |
| 10. | ਸਮਾਜਿਕ ਸਤਰੀਕਰਨ | |
| 11. | ਸਮਾਜਿਕ ਪਰਿਵਰਤਨ | |
| | **ਇਕਾਈ-6** | |
| 12. | ਪੱਛਮੀ-ਸਮਾਜ ਵਿਗਿਆਨ ਦੇ ਵਿਚਾਰਕ | |

ਇਕਾਈ -I

# ਸਮਾਜ ਸ਼ਾਸਤਰ ਦੀ ਉਤਪਤੀ ਅਤੇ ਵਿਕਾਸ





ਅਧਿਆਏ 1

# ਸਮਾਜ ਸ਼ਾਸਤਰ ਦੀ ਉਤਪਤੀ

**ਮੁੱਖ ਅੰਸ਼ :**

1.1 ਇਤਿਹਾਸਿਕ ਪਿਛੋਕੜ
1.1.1 ਫਰਾਂਸ ਦੀ ਕ੍ਰਾਂਤੀ ਅਤੇ ਨਵਜਾਗਰਨ ਅੰਦੋਲਨ
1.1.2 ਪ੍ਰਾਕਿਰਤਿਕ ਵਿਗਿਆਨ ਦਾ ਵਿਕਾਸ
1.1.3 ਉਦਯੋਗਿਕ ਕ੍ਰਾਂਤੀ ਅਤੇ ਸ਼ਹਿਰੀਕਰਨ
1.2 ਸਮਾਜ ਸ਼ਾਸਤਰ ਨੂੰ ਸਮਝਣਾ
1.3 ਸਮਾਜ ਸ਼ਾਸਤਰ ਦੀ ਪ੍ਰਕਿਰਤੀ
1.4 ਸਮਾਜ ਸ਼ਾਸਤਰ ਦਾ ਵਿਸ਼ਾ ਖੇਤਰ
1.4.1 ਸਰੂਪਾਤਮਕ ਸਕੂਲ
1.4.2 ਮਿਸ਼ਰਤ ਸਕੂਲ

## ਜਾਣ-ਪਛਾਣ

ਸਮਾਜਿਕ ਵਿਗਿਆਨ ਦੇ ਇਤਿਹਾਸ ਵਿੱਚ ਸਮਾਜ ਸ਼ਾਸਤਰ ਦਾ ਇੱਕ ਵਿਸ਼ੇ ਦੇ ਰੂਪ ਵਿੱਚ ਵਿਕਾਸ ਨਵਾਂ ਹੈ। ਸਮਾਜ ਸ਼ਾਸਤਰ ਦੀ ਉਤਪਤੀ ਦਾ ਕੋਈ ਨਿਸ਼ਚਿਤ ਸਮਾਂ ਨਹੀਂ ਉਲੀਕਿਆ ਜਾ ਸਕਦਾ। ਕਈ ਮਹਾਨ ਦਾਰਸ਼ਨਿਕਾਂ (ਜਿਵੇਂ ਹੀਰੋਡੋਟਸ, ਜੋ ਇਤਿਹਾਸ ਦੇ ਪਿਤਾਮਾ ਹਨ, ਪਲੇਟੋ ਅਤੇ ਅਰਸਤੂ ਜੋ ਰਾਜਨੀਤੀ ਸ਼ਾਸਤਰ ਦੇ ਸੰਸਥਾਪਕ ਹਨ; ਅਬਦਲ ਰਹਿਮਾਨ ਇਬਨ-ਖ਼ਲਦੂਨ ਨੇ ਉੱਤਰੀ ਅਫ਼ਰੀਕਾ ਵਿੱਚ ਅਜਿਹਾ ਵਿਸ਼ਾ-ਵਸਤੂ ਵਿਕਸਿਤ ਕੀਤਾ ਜੋ ਸਮਕਾਲੀਨ ਸਮਾਜ ਸ਼ਾਸਤਰ ਦੇ ਵਿਚਾਰਾਂ ਨਾਲ਼ ਮੇਲ ਖਾਂਦਾ ਹੈ) ਦੇ ਯੋਗਦਾਨਾਂ ਦੇ ਅਧਾਰ ਤੇ ਸਮਾਜ ਦੇ ਅਧਿਐਨ ਨੂੰ ਸਮਝਿਆ ਜਾ ਸਕਦਾ ਹੈ। ਭਾਰਤੀ ਸੰਦਰਭ ਵਿੱਚ 2000 ਸਾਲ ਤੋਂ ਵੀ ਪਹਿਲਾਂ ਮਹਾਨ ਕਾਨੂੰਨ ਨਿਰਮਾਤਾ, ਮਨੂ, ਕੌਟਿਲਆ ਅਤੇ ਕਈ ਹੋਰ ਵਿਦਵਾਨਾ ਨੇ ਸਮਾਜਿਕ ਜੀਵਨ ਦੇ ਭਿੰਨ ਪਹਿਲੂਆਂ ਬਾਰੇ ਲਿਖਿਆ। ਯੂਰਪ ਦੇ ਬੋਧਿਕ ਅੰਦੋਲਨ ਜਿਵੇਂ ਨਵਜਾਗਰਨ ਕਾਲ਼, ਬੋਧ ਗਿਆਨ ਜੋ 17ਵੀਂ ਅਤੇ 18ਵੀਂ ਸ਼ਤਾਬਦੀ ਵਿੱਚ ਹੋਈਆਂ ਸਮਾਜਿਕ ਘਟਨਾਵਾਂ ਨੇ, ਵਿਗਿਆਨਕ ਅਧਿਐਨ ਦੀ ਉੱਤਪਤੀ ਤੇ ਗਹਿਰਾ ਅਸਰ ਪਾਇਆ। ਸਮਾਜ

ਸ਼ਾਸਤਰ ਕੁਝ ਸਮਾਂ ਪਹਿਲਾਂ ਹੀ ਹੋਂਦ ਵਿੱਚ ਆਇਆ ਹੈ, ਇਸ ਦੀ ਇੱਕ ਵਿਸ਼ੇ ਦੀ ਰੂਪ ਵਿੱਚ ਉਤਪਤੀ ਨੂੰ 19ਵੀਂ ਸ਼ਤਾਬਦੀ ਵਿੱਚ ਹੋਣ ਵਾਲ਼ੀ ਤਬਦੀਲੀ ਨਾਲ਼ ਜੋੜਿਆ ਜਾਂਦਾ ਹੈ। ਫ਼੍ਰਾਂਸ ਦੀ ਕ੍ਰਾਂਤੀ ਅਤੇ ਉਦਯੋਗਿਕ ਕ੍ਰਾਂਤੀ ਕਾਰਨ ਵੱਡੀ ਸੰਖਿਆ ਵਿੱਚ ਲੋਕਾਂ ਨੇ ਘਰ ਛੱਡ ਦਿੱਤੇ ਅਤੇ ਸ਼ਹਿਰਾਂ ਵਿੱਚ ਉਦਯੋਗਿਕ ਸਥਾਨਾਂ ’ਤੇ ਪਲਾਇਣ ਕਰ ਗਏ। ਇਹਨਾਂ ਕ੍ਰਾਂਤੀਆਂ ਅਤੇ ਵਿਕਾਸ ਦੀਆਂ ਹੋਰ ਘਟਨਾਵਾਂ ਦੇ ਸਿੱਟੇ ਵਜੋਂ ਸਮਾਜ ਸ਼ਾਸਤਰ, ਇੱਕ ਵਿਸ਼ੇ ਦੇ ਰੂਪ ਵਿੱਚ ਵਿਕਸਿਤ ਹੋਇਆ । ਇਸ ਨਾਲ਼ ਸਮਾਜ ਦਾ ਸਮਾਜ ਸ਼ਾਸਤਰੀ ਦ੍ਰਿਸ਼ਟੀਕੋਣ ਤੋਂ ਅਧਿਐਨ ਕਰਨ ਵਿੱਚ ਮਦਦ ਮਿਲੀ। ਇਸ ਤੋਂ ਇਲਾਵਾ 18ਵੀਂ ਅਤੇ 19ਵੀਂ ਸਦੀ ਦੇ ਬੌਧਿਕ ਸੰਕਟ ਨੇ ਸਮਾਜ ਸ਼ਾਸਤਰ ਨੂੰ ਸਿੱਖਣ ਦੀ ਇਕ ਨਵੀਂ ਸ਼ਾਖਾ ਦੇ ਰੂਪ ਵਿੱਚ ਵਿਕਸਿਤ ਹੋਣ ਲਈ ਵੀ ਯੋਗਦਾਨ ਦਿੱਤਾ। ਕਈ ਵਿਚਾਰਕ ਜਿਵੇਂ ਅਗਸਤ ਕਾਮਟੇ, ਹਰਬਰਟ ਸਪੈਂਸਰ, ਈਮਾਈਲ ਦੁਰਖ਼ੀਮ ਅਤੇ ਮੈਕਸ ਵੇਬਰ ਨੇ ਸਭ ਤੋਂ ਪਹਿਲਾਂ ਕਈ ਤਰ੍ਹਾਂ ਦੇ ਮਸਲੇ ਜਿਵੇਂ ਸਮਾਜਿਕ ਵਿਵਸਥਾ, ਸੰਘਰਸ਼, ਸਥਿਰਤਾ ਅਤੇ ਪਰਿਵਰਤਨ ਦੇ ਪੱਖਾਂ ਉੱਤੇ ਧਿਆਨ ਕੇਂਦਰਿਤ ਕੀਤਾ, ਜਿਸ ਦੇ ਸਿੱਟੇ ਵਜੋਂ ਸਮਾਜ ਸ਼ਾਸਤਰ ਦਾ ਵਿਸ਼ਾ ਵਿਕਸਿਤ ਹੋਇਆ। ਸਮਾਜ ਵਿਗਿਆਨ ਦੇ ਰੂਪ ਵਿੱਚ ਸਮਾਜ ਸ਼ਾਸਤਰ ਨੂੰ ਇੱਕ ਵੱਖਰੇ ਵਿਗਿਆਨ ਵਜੋਂ ਵਿਕਸਿਤ ਕਰਨ ਲਈ ਨਿਮਨ ਲਿਖਤ ਤਿੰਨ ਮੁੱਖ ਪ੍ਰਕਿਰਿਆਵਾਂ ਦਾ ਯੋਗਦਾਨ :

1. ਫਰਾਂਸ ਦੀ ਕ੍ਰਾਂਤੀ ਅਤੇ ਪੁਨਰ ਗਿਆਨ ਅੰਦੋਲਨ
2. ਪ੍ਰਾਕਿਰਤਿਕ ਵਿਗਿਆਨਾਂ ਦਾ ਵਿਕਾਸ
3. ਉਦਯੋਗਿਕ ਕ੍ਰਾਂਤੀ ਅਤੇ ਸ਼ਹਿਰੀਕਰਨ

## ਫਰਾਂਸ ਦੀ ਕ੍ਰਾਂਤੀ ਅਤੇ ਪੁਨਰ ਗਿਆਨ ਅੰਦੋਲਨ



ਫਰਾਂਸੀਸੀ ਕ੍ਰਾਂਤੀ



ਪੁਨਰ ਗਿਆਨ ਅੰਦੋਲਨ

ਫਰਾਂਸਿਸੀ ਕ੍ਰਾਂਤੀ 1789 ਵਿੱਚ ਹੋਈ। ਇਹ ਆਪਣੀ ਕਿਸਮ ਦਾ ਪਹਿਲਾ ਵਿਦਰੋਹ ਸੀ। ਇਸਦਾ ਸਮਾਜ ’ਤੇ ਗਹਿਰਾ ਪ੍ਰਭਾਵ ਪਿਆ, ਇਸ ਨਾਲ਼ ਸਮਾਜ ਦਾ ਢਾਂਚਾ ਪਰੰਪਰਾਗਤ ਤੋਂ ਆਧੁਨਿਕ ਅਤੇ ਸਾਮੰਤਸ਼ਾਹੀ ਤੋਂ ਪੂੰਜੀਵਾਦ ਵਿੱਚ ਬਦਲਿਆ। ਇਸ ਨਾਲ਼ ਹੀ ਪੁਨਰਗਿਆਨ ਦਾ ਅੰਦੋਲਨ ਜੁੜਿਆ ਹੈ ਜਿਹੜਾ ਕਿ ਬੌਧਿਕ ਅੰਦੋਲਨ ਸੀ, ਅਤੇ ਕਈ ਦਾਰਸ਼ਨਿਕਾਂ ਦੇ ਵਿਚਾਰਾਂ ਦੀ ਦੇਣ ਸੀ। ਜਾਗਰੂਕ

ਵਿਚਾਰਕਾਂ ਦਾ ਉਦੇਸ਼ ਚਰਚ ਦੀ ਪ੍ਰਭੂਤਾ ਨੂੰ ਚੁਣੌਤੀ ਦੇਣਾ ਸੀ। ਉਨ੍ਹਾਂ ਨੇ ਲੋਕਾਂ ਨੂੰ ਚਰਚ ਦੇ ਵਿਚਾਰਾਂ ਨੂੰ ਅਤੇ ਫੈਸਲਿਆਂ ਨੂੰ ਬਿਨਾਂ ਸੋਚੇ ਸਮਝੇ ਅਪਣਾਉਣ ਤੋਂ ਮਨ੍ਹਾ ਕੀਤਾ ਅਤੇ ਉਹਨਾਂ ਨੂੰ ਆਪਣੇ-ਆਪ ਸੋਚਣ ਲਈ ਕਿਹਾ। ਉਹਨਾਂ ਨੇ ਲੋਕਾਂ ਨੂੰ ਇਹ ਸਲਾਹ ਦਿੱਤੀ ਕਿ ਉਹ ਅਪਣੀਆਂ ਸਮੱਸਿਆਵਾਂ ਆਪ ਤਰਕ ਦੇ ਅਧਾਰ 'ਤੇ ਸੁਲਝਾਉਣ।

ਇਸ ਤਰੀਕੇ ਨਾਲ਼ ਨਵ-ਜਾਗਰਨ ਕਾਲ ਦੀ ਵਿਚਾਰਧਾਰਾ ਨੇ ਸਮਾਜ ਸ਼ਾਸਤਰ ਦੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕੀਤੀ।ਇਹ ਅਲੋਚਨਾਤਮਕ ਵਿਚਾਰਧਾਰਾ ਦਾ ਸਰੋਤ ਬਣੀ ਅਤੇ ਇਸ ਨੇ ਸਮਾਜ ਵਿੱਚ ਸੁਤੰਤਰਤਾ ਅਤੇ ਲੋਕਤਾਂਤਰਿਕ ਕੀਮਤਾਂ ਨੂੰ ਸਥਾਪਿਤ ਕੀਤਾ। ਇਸ ਨੇ ਜਗੀਰਦਾਰੀ ਯੁੱਗ ਵਿਚਲੀਆਂ ਸਮਾਜਿਕ ਭਿੰਨਤਾਵਾਂ ਨੂੰ ਘਟਾਇਆ ਅਤੇ ਚਰਚ ਦੀ ਪ੍ਰਭੂਤਾ ਨੂੰ ਸੀਮਤ ਕੀਤਾ।

ਸੰਖੇਪ ਵਿੱਚ ਕਿਹਾ ਜਾ ਸਕਦਾ ਹੈ ਕਿ 18ਵੀਂ ਸਦੀ ਦੇ ਅੰਤ ਅਤੇ 19ਵੀਂ ਸਦੀ ਦੇ ਸ਼ੁਰੂ ਵਿੱਚ ਹੋਈ ਇੰਗਲੈਂਡ ਦੀ ਉਦਯੋਗਿਕ ਕ੍ਰਾਂਤੀ, ਸੰਯੁਕਤ ਰਾਸ਼ਟਰ ਅਮਰੀਕਾ ਅਤੇ ਫਰਾਂਸ ਦੀਆਂ ਲੋਕਤਾਂਤਰਿਕ ਕ੍ਰਾਂਤੀਆਂ ਨੇ ਸਮਾਜ ਦੀ ਮੌਜੂਦਾ ਸੰਗਠਾਤਮਕ ਸਰੰਚਨਾ ਨੂੰ ਚੁਣੌਤੀ ਦਿੱਤੀ।

## ਪ੍ਰਾਕਿਰਤਿਕ ਵਿਗਿਆਨ ਦਾ ਵਿਕਾਸ

19ਵੀਂ ਸ਼ਤਾਬਦੀ ਦਾ ਸਮਾਂ ਹੀ ਉਹ ਸਮਾਂ ਹੈ ਜਿਸ ਵਿੱਚ ਪ੍ਰਾਕਿਰਤਿਕ ਵਿਗਿਆਨ ਨੇ ਬਹੁਤ ਜ਼ਿਆਦਾ ਤਰੱਕੀ ਕੀਤੀ। ਪ੍ਰਾਕਿਰਤਿਕ ਵਿਗਿਆਨ ਦੇ ਖੇਤਰ ਵਿੱਚ ਕੰਮ ਕਰਨ ਵਾਲ਼ੇ ਲੋਕਾਂ ਦੀ ਸਫਲਤਾ ਨੇ ਸਮਾਜਿਕ ਵਿਚਾਰਕਾਂ ਨੂੰ ਪ੍ਰੇਰਿਤ ਕੀਤਾ। ਇਹ ਵਿਸ਼ਵਾਸ ਸੀ ਕਿ ਜੇ ਭੌਤਿਕ ਦੁਨੀਆਂ ਵਿੱਚ ਪ੍ਰਾਕਿਰਤਿਕ ਵਿਗਿਆਨ ਦੀਆਂ ਵਿਧੀਆ ਨਾਲ਼ ਭੌਤਿਕ ਵਿਗਿਆਨ ਨੂੰ ਸਫਲਤਾ ਪੂਰਵਕ ਸਮਝਿਆ ਜਾ ਸਕਦਾ ਹੈ ਤਾਂ ਉਹਨਾਂ ਵਿਧੀਆਂ ਨੂੰ ਹੀ ਸਮਾਜਿਕ ਜੀਵਨ ਦੀਆਂ ਸਮਾਜਿਕ ਘਟਨਾਵਾਂ ਨੂੰ ਸਮਝਣ ਵਿੱਚ ਸਫਲਤਾ ਪੂਰਵਕ ਪ੍ਰਯੋਗ ਕੀਤਾ ਜਾ ਸਕਦਾ ਹੈ। ਕਈ ਵਿਚਾਰਕ ਜਿਵੇਂ ਆਗਸਤ ਕਾਮਤੇ, ਹਰਬਰਟ ਸਪੈਂਸਰ, ਇਮਾਈਲ ਦੁਰਖ਼ੀਮ, ਮੈਕਸ ਵੈਬਰ ਅਤੇ ਹੋਰ ਸਮਾਜ ਸ਼ਾਸਤਰੀਆਂ ਨੇ ਸਮਾਜ ਦੇ ਅਧਿਐਨ ਲਈ ਵਿਗਿਆਨਕ ਅਧਿਐਨ ਦੀ ਪ੍ਰੋੜਤਾ ਕੀਤੀ, ਜਿਵੇਂ ਕਿ ਉਹ ਪ੍ਰਾਕਿਰਤਕ ਵਿਗਿਆਨ ਦੇ ਆਵਿਸ਼ਕਾਰਾਂ ਤੋਂ ਉਤਸ਼ਾਹਿਤ ਸਨ ਅਤੇ ਸਮਾਜ ਦਾ ਵੀ ਉਸੇ ਰੂਪ ਵਿੱਚ ਅਧਿਐਨ ਕਰਨਾ ਚਾਹੁੰਦੇ ਸਨ।

## ਉਦਯੋਗਿਕ ਕ੍ਰਾਂਤੀ ਅਤੇ ਸ਼ਹਿਰੀਕਰਨ



ਉਦਯੋਗਿਕ ਕ੍ਰਾਂਤੀ



ਸ਼ਹਿਰੀਕਰਨ

18ਵੀਂ ਸਦੀ ਦੇ ਦੌਰਾਨ ਯੂਰਪ ਵਿੱਚ ਹੋਣ ਵਾਲ਼ੀ ਉਦਯੋਗਿਕ ਕ੍ਰਾਂਤੀ ਨੇ ਵੀ ਸਮਾਜ ਸ਼ਾਸਤਰ ਦੀ ਉਤਪਤੀ ਨੂੰ ਪ੍ਰਭਾਵਿਤ ਕੀਤਾ, ਜਿਸਨੇ ਪੂਰੇ ਯੂਰਪ ਵਿੱਚ ਪਰਿਵਰਤਨ ਲਿਆਂਦਾ। ਕਾਰਖ਼ਾਨਾ ਪ੍ਰਬੰਧ ਦੀ ਵਿਆਪਕ ਉਤਪਾਦਨ ਸਮਰੱਥਾ ਨੇ ਸਮਾਜ ਦੇ ਸਮੁੱਚੇ ਪਰੰਪਰਾਗਤ ਢਾਂਚੇ ਨੂੰ ਤਬਦੀਲ ਕਰ ਦਿੱਤਾ। ਸਾਧਾਰਨ ਪੇਂਡੂ ਜੀਵਨ ਅਤੇ ਲਘੂ ਉਦਯੋਗ ਦੀ ਥਾਂ ਵੱਡੇ ਕਾਰਖ਼ਾਨਿਆਂ ਵਿੱਚ ਹੋਣ ਵਾਲ਼ੇ ਵਧੇਰੇ ਉਤਪਾਦਨ ਨੇ ਲੈ ਲਈ। ਇਸ ਨਾਲ਼ ਮੱਧਕਾਲ਼ੀ ਰੀਤੀ-ਰਿਵਾਜ, ਮਾਨਤਾਵਾਂ ਤੇ ਆਦਰਸ਼ਾਂ ਦੇ ਬੁਨਿਆਦੀ ਸਰੂਪ ਵਿੱਚ ਸੁਧਾਰ ਆਇਆ ਅਤੇ ਸਮਾਜ ਪਰੰਪਰਾਗਤ ਤੋਂ ਆਧੁਨਿਕ ਸਮਾਜ ਵਿੱਚ ਬਦਲ ਗਿਆ।

ਇਸ ਤਰ੍ਹਾਂ ਉਦਯੋਗੀਕਰਨ ਨਾਲ਼ ਸ਼ਹਿਰੀਕਰਨ ਵਿੱਚ ਵਾਧਾ ਹੋਇਆ। ਸ਼ਹਿਰਾਂ ਦੇ ਵਿਸਥਾਰ ਨਾਲ ਕਈ ਸ਼ਹਿਰੀ ਸਮੱਸਿਆਵਾਂ ਸਾਹਮਣੇ ਆਈਆਂ-ਜਿਵੇਂ ਭੀੜ, ਕਈ ਤਰ੍ਹਾਂ ਦੇ ਪਰਦੂਸ਼ਨ, ਸ਼ੋਰ ਪ੍ਰਦੂਸ਼ਨ ਅਤੇ ਆਵਾਜਾਈ ਦਾ ਪ੍ਰਦੂਸ਼ਨ ਆਦਿ। ਸ਼ਹਿਰੀਕਰਨ ਕਾਰਨ, ਇਨ੍ਹਾਂ ਸ਼ਹਿਰਾ ਵੱਲ ਵੱਡੇ ਪੱਧਰ ’ਤੇ ਪਲਾਇਨ ਵੱਧਦਾ ਗਿਆ। ਇਸਦੇ ਸਿੱਟੇ ਵਜੋਂ ਲੋਕ ਪਰੰਪਰਾਗਤ ਪੇਂਡੂ ਵਾਤਾਵਰਨ ਤੋਂ ਦੂਰ ਹੋ ਗਏ। ਇਸ ਤਰ੍ਹਾਂ ਸ਼ਹਿਰੀ ਖੇਤਰਾਂ ਵਿੱਚ ਗੰਦੀਆਂ ਬਸਤੀਆਂ ਦਾ ਤੇਜ਼ੀ ਨਾਲ਼ ਵਾਧਾ ਹੋਣ ਲੱਗਾ। ਸ਼ਹਿਰੀ ਖੇਤਰਾਂ ਵਿੱਚ ਉਦਯੋਗਿਕ ਸਮਾਜ ਅਧੀਨ ਨਵੇਂ ਵਰਗ ਬਣਨੇ ਸ਼ੁਰੂ ਹੋ ਗਏ। ਅਮੀਰ ਹੋਰ ਅਮੀਰ ਹੋਣ ਲੱਗੇ ਤੇ ਗ਼ਰੀਬ ਹੋਰ ਗ਼ਰੀਬ। ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਵਿਚਾਰਾਤਮਕ ਖੇਤਰ ਵਿੱਚ ਹੋਈ ਵਿਆਪਕ ਉਥਲਪੁਥਲ ਕਾਰਨ ਜੁਰਮ ਵਿੱਚ ਵਾਧਾ ਹੋਣ ਲੱਗਿਆ।

ਅਗਸਤ ਕਾਮਤੇ, ਹਰਬਰਟ ਸਪੈਂਸਰ, ਮੈਕਸ ਵੈਬਰ ਅਤੇ ਜਾਰਜ ਸਿਮਲ ਵਰਗੇ ਵਿਚਾਰਕਾਂ ਨੇ ਮਹਿਸੂਸ ਕੀਤਾ ਕਿ ਸਮਾਜ ਵਿੱਚ ਤੇਜ਼ੀ ਨਾਲ਼ ਆਏ ਪਰਿਵਰਤਨ ਕਾਰਨ ਉੱਭਰੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ, ਸਮਾਜ ਦਾ ਵਿਗਿਆਨਕ ਅਧਿਐਨ ਬਹੁਤ ਜ਼ਰੂਰੀ ਹੈ। ਇਸ ਨਾਲ਼ ਸਮਾਜ ਸ਼ਾਸਤਰ ਦਾ ਇਕ ਵਿਸ਼ੇ ਵਜੋਂ ਵਿਕਾਸ ਹੋਇਆ।

**ਗਤੀਵਿਧੀ 1**

ਇੱਕ ਸੁਤੰਤਰ ਵਿਗਿਆਨ ਦੇ ਰੂਪ ਵਿੱਚ ਸਮਾਜ ਸ਼ਾਸਤਰ ਦੇ ਵਿਕਾਸ ਵਿੱਚ ਪ੍ਰੰਪਰਾਗਤ ਵਿਚਾਰਕਾਂ ਦੇ ਯੋਗਦਾਨ ਦਾ ਇਕ ਚਾਰਟ ਬਣਾਓ।

## ਸਮਾਜ ਸ਼ਾਸਤਰ ਨੂੰ ਸਮਝਣਾ

ਸਮਾਜ ਸ਼ਾਸਤਰ ਸ਼ਬਦ ਅੰਗਰੇਜ਼ੀ ਦੇ ਸ਼ਬਦ 'ਸੋਸ਼ਾਲੋਜੀ ਦਾ ਸਮਾਨਾਰਥੀ  ਹੈ ਜੋ ਲਾਤੀਨੀ ਭਾਸ਼ਾ ਦੇ ਸ਼ਬਦ 'ਸੋਸ਼ਸ' ਜਿਸ ਦਾ ਅਰਥ ਸਮਾਜ ਅਤੇ ਗ੍ਰੀਕ ਭਾਸ਼ਾ ਦੇ ਸ਼ਬਦ 'ਲੋਗੋਸ' ਜਿਸਦਾ ਅਰਥ ਅਧਿਐਨ ਹੈ ਤੋਂ ਲਿਆ ਗਿਆ ਹੈ। ਇਸ ਤਰ੍ਹਾਂ ਸਮਾਜ ਸ਼ਾਸਤਰ ਦਾ ਅਰਥ ਸਮਾਜ ਦਾ ਅਧਿਐਨ ਹੈ।




ਸਮਾਜ ਸ਼ਾਸਤਰ ਆਧੁਨਿਕ ਸਮਾਜਿਕ ਵਿਗਿਆਨ ਹੈ। ਸਮਾਜ ਦਾ ਵਿਗਿਆਨਕ ਢੰਗ ਨਾਲ਼ ਅਧਿਐਨ 1839 ਵਿੱਚ ਸ਼ੁਰੂ ਹੋਇਆ ਜਦੋਂ ਅਗਸਤ ਕਾਮਤੇ ਨੇ 'ਸਮਾਜ ਸ਼ਾਸਤਰ' ਸ਼ਬਦ ਮਨੁੱਖੀ ਸਮਾਜ ਅਤੇ ਸਮਾਜਿਕ ਵਿਵਹਾਰ ਦਾ ਸਿਲਸਲੇਵਾਰ/ਵਿਧੀ ਪੂਰਵਕ ਅਧਿਐਨ ਕਰਨ ਲਈ ਪ੍ਰਯੋਗ ਕੀਤਾ। ਸਮਾਜ ਸ਼ਾਸਤਰ ਦਾ ਵਿਸ਼ਾ ਵਸਤੂ ਵਿਆਪਕ ਹੈ ਪਰ ਇਹ ਮੁੱਖ ਰੂਪ ਵਿੱਚ ਸਮੂਹ ਵੱਲੋਂ ਤਿਆਰ ਕੀਤੇ ਮਨੁੱਖੀ ਵਿਵਹਾਰ ਦਾ ਅਧਿਐਨ ਹੈ, ਜਿਸ ਸਮੂਹ ਵਿੱਚ ਵਿਅਕਤੀ ਰਹਿੰਦਾ ਹੈ ਅਤੇ ਜਿਸ ਸਮੂਹ

ਵਿਚ ਸਮਾਜਿਕ ਅੰਤਰ-ਕਿਰਿਆ ਕਰਦਾ ਹੈ। ਸਮਾਜ ਸ਼ਾਸਤਰ ਦਾ ਮੁੱਖ ਕੇਂਦਰ ਸਮੂਹ ਹੁੰਦਾ ਹੈ ਸਮਾਜ ਸ਼ਾਸਤਰੀ ਲੋਕਾਂ ਦੀ ਅੰਤਰ ਕਿਰਿਆ ਵਿੱਚ ਰੁਚੀ ਰੱਖਦੇ ਹਨ, ਜਿਵੇਂ ਲੋਕ ਇੱਕ ਦੂਜੇ ਨਾਲ਼ ਕਿਵੇਂ ਪੇਸ਼ ਆਉਂਦੇ ਹਨ, ਇੱਕ ਦੂਜੇ ਨਾਲ਼ ਪ੍ਰਤੀਕਿਰਿਆ ਕਰਦੇ ਹਨ। ਦੂਜੇ ਵਿਗਿਆਨ ਮਨੁੱਖਾਂ ਦਾ ਵਿਅਕਤੀਗਤ ਰੂਪ ਵਿੱਚ ਜਾ ਵਿਅਕਤੀਆਂ ਦੇ ਇੱਕਠ ਦੇ ਰੂਪ ਵਿੱਚ ਮਨੁੱਖਾਂ ਦਾ ਅਧਿਐਨ ਕਰਦੇ ਸਨ ਪਰ ਸਮਾਜ ਸ਼ਾਸਤਰ ਇਨ੍ਹਾਂ ਦੀ ਅੰਤਰ ਨਿਰਭਰਤਾ ਅਤੇ ਅਰਥਪੂਰਨ ਅੰਤਰ ਕਿਰਿਆ ਦਾ ਅਧਿਐਨ ਕਰਦਾ ਹੈ।

**ਬਾਕਸ-1**

**ਸਮਾਜ ਸ਼ਾਸਤਰ ਦੀ ਪਰਿਭਾਸ਼ਾ**

"ਸਮਾਜ ਸ਼ਾਸਤਰ ਮਨੁੱਖ ਅਤੇ ਉਸਦੇ ਮਨੁੱਖੀ ਵਾਤਾਵਰਨ ਦੇ ਸੰਬੰਧਾਂ ਦਾ ਅਧਿਐਨ ਹੈ" - **ਹੈਨਰੀ ਫੇਅਰਚਾਈਲਡ।**

"ਸਮਾਜ ਸ਼ਾਸਤਰ ਸਮਾਜਿਕ ਜੀਵਨ ਦਾ ਵਿਗਿਆਨਕ ਅਧਿਐਨ ਹੈ।" - **ਵਿਲੀਅਮ ਐਫ ਔਂਗਬਰਨ ਅਤੇ ਐੱਮ. ਐੱਫ ਨਿਮਕੋਫ਼।**

"ਸਮਾਜ ਸ਼ਾਸਤਰ ਸਮੂਹਿਕ ਵਿਵਹਾਰ ਦਾ ਵਿਗਿਆਨ ਹੈ" - **ਪਾਰਕ ਅਤੇ ਬਰਗਸ।**

"ਸਮਾਜ ਸ਼ਾਸਤਰ ਸਮਾਜ ਜਾਂ ਸਮਾਜਿਕ ਤੱਤ ਦਾ ਵਿਗਿਆਨ ਹੈ" - **ਐੱਲ.ਐੱਫ.ਵਾਰਡ**

ਸਮਾਜ ਸ਼ਾਸਤਰੀਆਂ ਅਨੁਸਾਰ ਸਮਾਜ ਸ਼ਾਸਤਰ ਨੂੰ ਨਿਮਨ ਅਨੁਸਾਰ ਪਰਿਭਾਸ਼ਤ ਕੀਤਾ ਜਾ ਸਕਦਾ ਹੈ।

1. ਸਮਾਜ ਸ਼ਾਸਤਰ ਸਮੁੱਚੇ ਸਮਾਜ ਦਾ ਵਿਗਿਆਨ ਹੈ।
2. ਸਮਾਜ ਸ਼ਾਸਤਰ ਦੂਜੇ ਵਿਗਿਆਨਾਂ ਦੀ ਤਰ੍ਹਾਂ ਸੁਤੰਤਰ ਵਿਗਿਆਨ ਹੈ।
3. ਸਮਾਜ ਸ਼ਾਸਤਰ ਸਮੂਹਾਂ ਅਤੇ ਸਮਾਜਿਕ ਵਿਵਸਥਾ ਦਾ ਅਧਿਐਨ ਹੈ।
4. ਸਮਾਜ ਸ਼ਾਸਤਰ ਸਮਾਜਿਕ ਸੰਬੰਧਾਂ ਦਾ ਅਧਿਐਨ ਹੈ।
5. ਸਮਾਜ ਸ਼ਾਸਤਰ ਮਨੁੱਖੀ ਅੰਤਰ-ਕਿਰਿਆ, ਅੰਤਰ-ਸੰਬੰਧਾਂ ਅਤੇ ਅੰਤਰ-ਨਿਰਭਰਤਾ ਦਾ ਅਧਿਐਨ ਹੈ।

## ਸਮਾਜ ਸ਼ਾਸਤਰ ਇੱਕ ਵਿਸ਼ੇ ਦੇ ਰੂਪ ਵਿੱਚ

ਸਮਾਜ ਸ਼ਾਸਤਰ ਦੂਜੇ ਸਮਾਜਿਕ ਵਿਗਿਆਨਾਂ ਦੀ ਤੁਲਨਾ ਵਿੱਚ ਨਵਾਂ ਵਿਸ਼ਾ ਹੈ। ਇਹ ਤਬਦੀਲੀ ਦਾ ਨਤੀਜਾ ਹੈ, ਜੋ ਯੂਰਪ ਵਿੱਚ 18ਵੀਂ ਅਤੇ 19ਵੀਂ ਸਦੀ ਵਿੱਚ ਹੋਈ। ਅਸਲ ਵਿੱਚ ਸਮਾਜ ਸ਼ਾਸਤਰ ਇੱਕ ਅਲੱਗ ਵਿਸ਼ੇ ਦੇ ਰੂਪ ਵਿੱਚ ਸਾਹਮਣੇ ਆਇਆ ਜੋ ਫਰਾਂਸ ਦੀ ਕ੍ਰਾਂਤੀ ਅਤੇ ਉਦਯੋਗਿਕ ਕ੍ਰਾਂਤੀ ਦੇ ਕਾਰਨ ਹੋਏ ਪਰਿਵਰਤਨਾਂ ਦਾ ਸਿੱਟਾ ਸੀ। ਸਮਾਜ ਸ਼ਾਸਤਰ ਦਾ ਵਿਕਾਸ ਇੱਕ ਗਿਆਨ ਦੀ ਸ਼ਾਖਾ ਦੇ ਰੂਪ ਵਿੱਚ ਹੋਣ ਨਾਲ਼, ਇਹ ਵਿਸ਼ਾ ਉੱਚ ਸਿੱਖਿਆ ਵਿੱਚ ਪਾਠਕ੍ਰਮ ਦਾ ਹਿੱਸਾ ਬਣ ਗਿਆ। ਇਹ

ਵਿਸ਼ਾ 1876 ਵਿਚ ਅਮਰੀਕਾ ਦੀ ਯੇਲ ਯੂਨਿਵਰਸਿਟੀ ਵਿੱਚ ਪਾਠਕ੍ਰਮ ਦਾ ਹਿੱਸਾ ਬਣਿਆ, ਇਸ ਤੋਂ ਬਾਅਦ ਇਹ ਦੂਜੀਆਂ ਯੂਨਿਵਰਸਿਟੀਆਂ ਫਰਾਂਸ, ਪੋਲੈਂਡ, ਮਿਸਰ ਅਤੇ ਸਵੀਡਨ ਦੇ ਪਾਠਕ੍ਰਮ ਦਾ ਹਿੱਸਾ ਬਣਿਆ।

## ਭਾਰਤ ਵਿੱਚ ਸਮਾਜ ਸ਼ਾਸਤਰ ਦਾ ਵਿਕਾਸ

ਯੂਰਪ ਅਤੇ ਅਮਰੀਕਾ ਵਿੱਚ ਸਮਾਜ ਸ਼ਾਸਤਰ ਵਿਸ਼ੇ ਦਾ ਵਿਕਾਸ 19ਵੀਂ ਸ਼ਤਾਬਦੀ ਤੋਂ ਬਾਅਦ ਹੋਇਆ, ਜਦੋਂ ਕਿ ਭਾਰਤ ਵਿੱਚ ਇਸ ਦੀ ਉਤਪਤੀ ਕੁਝ ਸਮੇਂ ਬਾਅਦ ਹੋਈ ਅਤੇ ਇਸ ਵਿਸ਼ੇ ਨੂੰ ਅਧਿਐਨ ਦੇ ਰੂਪ ਵਿੱਚ ਦੂਜੇ ਪੱਧਰ ’ਤੇ ਮਹੱਤਤਾ ਦਿੱਤੀ ਗਈ। ਭਾਰਤ ਦੀ ਸੁਤੰਤਰਤਾ ਤੋਂ ਬਾਅਦ ਸਮਾਜ ਸ਼ਾਸਤਰ ਦਾ ਪੱਧਰ ਉੱਚਾ ਹੋਇਆ ਅਤੇ ਦੇਸ਼ ਦੀਆਂ ਸਾਰੀਆਂ ਯੂਨੀਵਰਸਿਟੀਆਂ ਵਿੱਚ ਇਹ ਸੁਤੰਤਰ ਵਿਸ਼ੇ ਦੇ ਰੂਪ ਵਿੱਚ ਪਾਠਕ੍ਰਮ ਦਾ ਹਿੱਸਾ ਬਣਿਆ, ਨਾਲ਼ ਹੀ ਪ੍ਰਤੀਯੋਗੀ ਪ੍ਰੀਖਿਆਵਾਂ ਵਿੱਚ ਇਸ ਵਿਸ਼ੇ ਨੂੰ ਮਾਨਤਾ ਮਿਲ਼ੀ। ਰਾਧਾ ਕਮਲ ਮੁਖਰਜੀ, ਜੀ.ਐਸ.ਗੁਰੀਏ, ਡੀ. ਪੀ. ਮੁਖਰਜੀ, ਡੀ.ਐੱਨ ਮਜੂਮਦਾਰ, ਕੇ.ਐੱਮ.ਕਪਾਡੀਆ, ਐੱਮ.ਐੱਨ. ਸ੍ਰੀਨਿਵਾਸ, ਪੀ.ਐੱਨ ਪ੍ਰਭੂ, ਏ. ਆਰ ਦਿਸਾਈ, ਕੁਝ ਮਹੱਤਵਪੂਰਨ ਨਾਮ ਹਨ, ਜਿਨ੍ਹਾਂ ਨੇ ਭਾਰਤ ਵਿੱਚ ਸਮਾਜ ਸ਼ਾਸਤਰ ਦੇ ਵਿਕਾਸ ਵਿੱਚ ਯੋਗਦਾਨ ਦਿੱਤਾ।

ਭਾਰਤ ਵਿੱਚ ਸਮਾਜ ਸ਼ਾਸਤਰ ਇੱਕ ਵਿਕਾਸਸ਼ੀਲ ਵਿਗਿਆਨ ਹੈ। ਗਿਆਨ ਦੀ ਇੱਕ ਸੁੰਤਤਰ ਸ਼ਾਖਾ ਦੇ ਰੂਪ ਵਿੱਚ ਅੱਗੇ ਵੱਧ ਰਿਹਾ ਹੈ।

### ਬਾਕਸ-2

**ਅਗਸਤ ਕਾਮਤੇ**



ਇੱਕ ਫ੍ਰਾਂਸੀਸੀ ਦਾਰਸ਼ਨਿਕ, ਜਿਨ੍ਹਾਂ ਨੂੰ ਪਰੰਪਰਾਗਤ ਰੂਪ ਵਿੱਚ ਸਮਾਜ ਸ਼ਾਸਤਰ ਦਾ ਪਿਤਾਮਾ ਮੰਨਿਆ ਜਾਂਦਾ ਹੈ। ਕਾਮਤੇ ਨੇ ‘ਸੋਸ਼ਾਲੋਜੀ’ ਸ਼ਬਦ ਦਾ ਪ੍ਰਯੋਗ ਕੀਤਾ ਉਸਨੇ ਸਮਾਜ ਸ਼ਾਸਤਰ ਦੇ ਵਿਸ਼ੇ ਖੇਤਰ ਨੂੰ ਦੂਜੇ ਸਮਾਜਿਕ ਵਿਗਿਆਨਾਂ ਤੋਂ ਵੱਖ ਕੀਤਾ ਹੈ। ਉਸਨੇ ਸਭ ਤੋਂ ਪਹਿਲਾਂ ਸੋਸ਼ਾਲੋਜੀ ਸ਼ਬਦ ਦਾ ਪ੍ਰਯੋਗ ਆਪਣੀ ਪੁਸਤਕ ‘ਪੋਜ਼ੋਟਿਵ ਫਿਲਾਸ਼ਫ਼ੀ’ ਵਿੱਚ 1839 ਵਿੱਚ ਕੀਤਾ।

## ਸਮਾਜ ਸ਼ਾਸਤਰ ਦੀ ਪ੍ਰਕਿਰਤੀ

ਸਮਾਜ ਸ਼ਾਸਤਰ ਦੀ ਪ੍ਰਕਿਰਤੀ ਦੇ ਸੰਬੰਧ ਵਿੱਚ ਮਤਭੇਦ ਹਨ। ਸਮਾਜ ਸ਼ਾਸਤਰ ਵਿਗਿਆਨ ਹੈ ਜਾਂ ਨਹੀਂ, ਬਾਰੇ ਕਿਹਾ ਜਾ ਸਕਦਾ ਹੈ ਕਿ ਕੁਝ ਸਮਾਜ ਸ਼ਾਸਤਰੀ, ਸਮਾਜ ਸ਼ਾਸਤਰ ਨੂੰ ਵਿਗਿਆਨ ਮੰਨਣ ਵਿੱਚ ਵਿਸ਼ਵਾਸ ਨਹੀਂ ਰੱਖਦੇ ਜਦੋਂ ਕਿ ਕੁਝ ਇਸ ਨੂੰ ਵਿਗਿਆਨ ਮੰਨਦੇ ਹਨ।

## ਸਮਾਜ ਸ਼ਾਸਤਰ ਨੂੰ ਇੱਕ ਵਿਗਿਆਨ ਮੰਨਣ ਦੇ ਪੱਖ ਵਿੱਚ ਤਰਕ

ਜੋ ਵਿਦਵਾਨ ਸਮਾਜ ਸ਼ਾਸਤਰ ਨੂੰ ਇੱਕ ਵਿਗਿਆਨ ਮੰਨਦੇ ਹਨ, ਉਹਨਾਂ ਦਾ ਮੱਤ ਹੈ ਕਿ ਸਮਾਜ ਸ਼ਾਸਤਰ ਆਪਣੇ ਵਿਸ਼ਾ ਵਸਤੂ ਦਾ ਅਧਿਐਨ ਵਿਗਿਆਨਕ ਤਰੀਕਿਆਂ ਨਾਲ਼ ਕਰਦਾ ਹੈ, ਇਸ ਲਈ ਇਸ ਨੂੰ ਇਕ ਵਿਗਿਆਨ ਕਿਹਾ ਜਾ ਸਕਦਾ ਹੈ। ਇਸ ਸੰਦਰਭ ਵਿੱਚ ਪ੍ਰਮੁੱਖ ਤਰਕ ਹੇਠ ਲਿਖੇ ਹਨ।

1. **ਸਮਾਜ ਸ਼ਾਸਤਰ ਵਿਗਿਆਨਕ ਵਿਧੀਆਂ ਦਾ ਪ੍ਰਯੋਗ ਕਰਦਾ ਹੈ** : ਸਮਾਜ ਸ਼ਾਸਤਰ ਕਈ ਵਿਗਿਆਨਕ ਵਿਧੀਆਂ ਜਿਵੇਂ ਸੋਸਿਓਮੀਟਰੀ, ਇੰਟਰਵਿਊ ਵਿਧੀ, ਪ੍ਰਸ਼ਨਾਵਲੀ ਜਿਸ ਵਿੱਚ ਸਮਾਜਿਕ ਤੱਤਾਂ ਦਾ ਸੰਖਿਆਤਮਕ ਮਾਪਣ ਕੀਤਾ ਜਾਂਦਾ ਹੈ। ਇਸਦੇ ਨਾਲ਼ ਹੀ ਸਮਾਜ ਸ਼ਾਸਤਰੀ ਅਧਿਐਨ ਵਿੱਚ ਵੀ ਪ੍ਰਕਿਰਤਿਕ ਵਿਗਿਆਨਾਂ ਦੀ ਤਰ੍ਹਾਂ ਵਿਗਿਆਨਕ ਵਿਧੀ ਦੀ ਵਰਤੋਂ ਹੁੰਦੀ ਹੈ, ਜਿਵੇਂ ਸਮੱਸਿਆ ਦੀ ਚੋਣ, ਅੰਕੜੇ ਇੱਕਠੇ ਕਰਨਾ, ਵਰਗੀਕਰਨ ਅਤੇ ਸਾਰਣੀਕਰਨ ।ਪਰਿਕਲਪਨਾ ਦਾ ਟੈਸਟ ਅਤੇ ਸਧਾਰਨੀਕਰਨ ਆਦਿ।
2. **ਨਿਰੀਖਣ ਅਤੇ ਤੁਲਨਾਤਮਕ ਵਿਧੀਆਂ ਦੀ ਮਹੱਤਤਾ** : ਸਮਾਜ ਸ਼ਾਸਤਰ ਵਿਚ ਹਮੇਸ਼ਾ ਨਿਰੀਖਣ ਤੇ ਤੁਲਨਾਤਮਕ ਵਿਧੀਆਂ ਦੀ ਵਰਤੋਂ ਹੁੰਦੀ ਹੈ। ਸਮਾਜ ਸ਼ਾਸਤਰ, ਸਮਾਜਿਕ ਸਮੂਹਾਂ, ਉਹਨਾਂ ਦੇ ਵਰਗੀਕਰਨ ਅਤੇ ਸਮਾਜਿਕ ਸੰਰਚਨਾ ਦੇ ਵਿਸ਼ਲੇਸ਼ਣ ਨਾਲ਼ ਸੰਬੰਧਿਤ ਰਿਹਾ ਹੈ। ਇਹ ਉਹਨਾਂ ਵਿਸ਼ੇਸ਼ਤਾਵਾਂ ਨਾਲ਼ ਸੰਬੰਧਿਤ ਹੈ, ਜੋ ਸਾਰੇ ਸਮੂਹਾਂ ਤੇ ਸਮਾਜਾਂ ਵਿਚ ਸਮਰੂਪ ਪਾਈਆਂ ਜਾਂਦੀਆਂ ਹਨ। ਬਹੁਤ ਸਾਰੇ ਪ੍ਰਸ਼ਨਾਂ ਦਾ ਹੱਲ ਲੱਭਣ ਲਈ ਸਮਾਜ ਸ਼ਾਸਤਰੀ ਨਿਰੀਖਣ ਤੇ ਤੁਲਨਾਤਮਕ ਵਿਧੀਆਂ ਅਪਣਾਉਂਦੇ ਹਨ।

| **ਸਮਾਜ ਸ਼ਾਸਤਰ ਨੂੰ ਇੱਕ ਵਿਗਿਆਨ ਕਿਉਂ ਮੰਨਿਆ ਜਾਣਾ ਚਾਹੀਦਾ ਹੈ** |
|---|
| ਸਮਾਜ ਸ਼ਾਸਤਰ ਵਿਗਿਆਨਕ ਵਿਧੀਆਂ ਦਾ ਪ੍ਰਯੋਗ ਕਰਦਾ ਹੈ: ਪੈਮਾਨੇ, ਸੋਸਿਓਮੀਟਰੀ, ਪ੍ਰਸ਼ਨਾਵਲੀ, ਇੰਟਰਵਿਊ ਸਮਾਂ ਸੂਚੀ, ਕੇਸ ਸਟੱਡੀ ਵਿਧੀ ਆਦਿ। |
| ਜਾਂਚ ਪੜਤਾਲ ਦੇ ਮੂਲ ਤਰੀਕੇ : ਨਿਰੀਖਨ, ਵਿਸ਼ਲੇਸ਼ਣ, ਤੁਲਨਾ। |
| ਕੁਝ ਉਹ ਪ੍ਰਯੋਗ ਜੋ ਨਿਊਟਨ ਅਤੇ ਆਰਕਮਿਡੀਜ਼ ਨੇ ਪ੍ਰਕਿਰਤਿਕ ਤੇ ਭੌਤਿਕ ਵਿਗਿਆਨ ਵਿੱਚ ਕੀਤੇ, ਅਤੇ ਖਗੋਲ (ਤਾਰਾ) ਵਿਗਿਆਨ ਤੇ ਜ਼ੋਤਿਸ਼ ਵਿਗਿਆਨ ਵਿੱਚ ਵੀ ਪ੍ਰਯੋਗਸ਼ਾਲਾਵਾਂ ਦੀ ਜ਼ਰੂਰਤ ਨਹੀਂ ਹੁੰਦੀ। |
| ਸਮਾਜ ਸ਼ਾਸਤਰ ਨਿਯਮਾਂ ਦੀ ਖੋਜ ਕਰਦਾ ਹੈ, ਜੋ ਕਿ ਸਮਾਜ ਉਪਰ ਪੂਰਨ ਰੂਪ ਵਿੱਚ ਲਾਗੂ ਕੀਤੇ ਜਾ ਸਕਦੇ ਹਨ। |
| ਸਮਾਜ ਸ਼ਾਸਤਰ ਕਾਰਨ ਅਤੇ ਪਰਿਣਾਮ ਸੰਬੰਧਾਂ ਦਾ ਅਧਿਐਨ ਕਰਦਾ ਹੈ, ਉਦਾਹਰਨ ਦੇ ਲਈ, ਸ਼ਹਿਰੀਕਰਨ ਅਤੇ ਪਰਿਵਾਰਾਂ ਦਾ ਟੁੱਟਣਾ |
| ਸਮਾਜ ਸ਼ਾਸਤਰ ਵਿਸ਼ੇ ਵਸਤੂ ਦਾ ਵਿਗਿਆਨਕ ਢੰਗ ਨਾਲ਼ ਅਧਿਐਨ ਕਰਦਾ ਹੈ। |

3. **ਸਮਾਜ ਸ਼ਾਸਤਰ ਤੱਥਾਂ ਤੇ ਅਧਾਰਤ ਹੈ :** ਸਮਾਜ ਸ਼ਾਸਤਰੀ ਮੱਤਾਂ 'ਤੇ ਅਧਾਰਿਤ ਗਿਆਨ ਦੀ ਜਗ੍ਹਾ ਤੱਥਾਂ 'ਤੇ ਅਧਾਰਿਤ ਗਿਆਨ ਨੂੰ ਤਰਜ਼ੀਹ ਦਿੰਦਾ ਹੈ। ਅਸਲ ਵਿੱਚ ਪ੍ਰਸਿੱਧ ਫਰਾਂਸਿਸੀ ਸਮਾਜ ਸ਼ਾਸਤਰੀ ਦੁਰਖ਼ੀਮ ਨੇ ਸਮਾਜ ਸ਼ਾਸਤਰ ਨੂੰ ਸਮਾਜਿਕ ਤੱਥਾਂ ਦੇ ਅਧਿਐਨ ਦਾ ਵਿਗਿਆਨ ਕਿਹਾ ਹੈ।

4. **ਸਾਰੇ ਭੌਤਿਕ ਵਿਗਿਆਨਾਂ ਵਿੱਚ ਪ੍ਰਯੋਗ ਸੰਭਵ ਨਹੀਂ :** ਜੇਕਰ ਕਿਸੇ ਵਿਸ਼ੇ ਵਿੱਚ ਪ੍ਰਯੋਗਸ਼ਾਲਾ ਵਿੱਚ ਪ੍ਰਯੋਗ ਨਹੀਂ ਕਰਵਾਏ ਜਾਂਦੇ ਤਾਂ ਵੀ ਉਹ ਵਿਸ਼ਾ ਵਿਗਿਆਨਿਕ ਹੋ ਸਕਦਾ ਹੈ। ਬਹੁਤ ਸਾਰੇ ਭੌਤਿਕ ਵਿਗਿਆਨ ਹਨ, ਜਿਨ੍ਹਾਂ ਵਿਚ ਪ੍ਰਯੋਗਸ਼ਾਲਾ ਦੀ ਵਰਤੋਂ ਨਹੀਂ ਹੁੰਦੀ। ਉਦਾਹਰਨ ਲਈ ਖਗੋਲ ( ਤਾਰਾ) ਵਿਗਿਆਨੀ ਆਪਣੇ ਵਸਤੂ 'ਤੇ ਪ੍ਰਯੋਗਸ਼ਾਲਾ ਵਿੱਚ ਪ੍ਰਯੋਗ ਨਹੀਂ ਕਰ ਸਕਦੇ ਪਰ ਅੱਜ ਤੱਕ ਉਸ ਦੇ ਵਿਗਿਆਨ ਹੋਣ ਸਬੰਧੀ ਪ੍ਰਸ਼ਨ ਵਿੱਚ ਕੋਈ ਵਿਵਾਦ ਨਹੀਂ ਹੈ। ਇਸੇ ਤਰ੍ਹਾਂ ਸਮਾਜ ਸ਼ਾਸਤਰ ਦੇ ਪੱਖ ਵਿੱਚ ਵੀ ਦਲੀਲ ਦਿੱਤੀ ਜਾ ਸਕਦੀ ਹੈ। ਕਹਿਣ ਤੋਂ ਭਾਵ ਹੈ ਕਿ ਕਿਸੇ ਵਿਸ਼ੇ ਦੇ ਵਿਗਿਆਨਕ ਹੋਣ ਲਈ ਪ੍ਰਯੋਗਸ਼ਾਲਾ ਬੁਨਿਆਦੀ ਜ਼ਰੂਰਤ ਨਹੀਂ ਹੈ।

5. **ਸਮਾਜ ਸ਼ਾਸਤਰ ਸਰਵਵਿਆਪੀ ਕਾਨੂੰਨ ਬਣਾਉਣ ਦੇ ਸਮਰੱਥ ਹੈ :** ਸਮਾਜ ਸ਼ਾਸਤਰ ਵਿੱਚ ਖੋਜ ਸਮੇਂ ਅਤੇ ਥਾਂ ਕਰਕੇ ਸੀਮਤ ਹੈ ਕਿਉਂਕਿ ਸੱਭਿਆਚਾਰਕ ਕਾਰਨ ਹਰ ਥਾਂ ਤੇ ਭਿੰਨ ਹਨ। ਇਸ ਤਰ੍ਹਾਂ ਭੌਤਿਕ ਵਿਗਿਆਨਾਂ ਦੀ ਤਰ੍ਹਾਂ ਸਮਾਜ ਸ਼ਾਸਤਰ ਵੀ ਸਾਧਾਰਨ ਨਿਯਮ ਬਣਾਉਣ ਦਾ ਯਤਨ ਕਰਦਾ ਹੈ ਜੋ ਸੱਭਿਆਚਾਰ ਦੀ ਵਿਭਿੰਨਤਾ ਦੀ ਪ੍ਰਵਾਹ ਕੀਤੇ ਬਿਨਾ ਹਰ ਸਥਾਨ ਅਤੇ ਹਰ ਕਾਲ਼ ਵਿੱਚ ਲਾਗੂ ਹੁੰਦੇ ਹਨ।

6. **ਸਮਾਜ ਸ਼ਾਸਤਰ ਪੂਰਵ ਅਨੁਮਾਨ ਲਗਾਉਣ ਦੇ ਸਮਰੱਥ ਹੈ :** ਸਮਾਜ ਸ਼ਾਸਤਰ ਕਈ ਨਿਯਮ ਬਣਾਉਂਦਾ ਹੈ ਜਿਨ੍ਹਾਂ ਨਾਲ਼ ਪੂਰਵ ਅਨੁਮਾਨ ਲਗਾਇਆ ਜਾਂਦਾ ਹੈ ਅਤੇ ਇਸ ਨਾਲ਼ ਪੂਰਵ ਅਨੁਮਾਨ ਗ਼ਲਤ ਵੀ ਹੋ ਸਕਦੇ ਹਨ। ਤੱਥ ਇਹ ਹੈ ਕਿ ਕੋਈ ਵੀ ਵਿਗਿਆਨ ਸਪਸ਼ਟ ਨਿਸ਼ਚਿਤ ਭਵਿੱਖਬਾਣੀ ਦਾ ਦਾਵਾ ਨਹੀਂ ਕਰ ਸਕਦਾ। ਇਸ ਤਰ੍ਹਾਂ ਵਿਗਿਆਨ ਨਾਲ਼ ਸੰਬੰਧਿਤ ਕਈ ਸਿਧਾਂਤ ਸਮੇਂ ਦੇ ਨਾਲ਼ ਬਦਲ ਜਾਂਦੇ ਹਨ। ਕਈ ਭੌਤਿਕ ਵਿਗਿਆਨਾਂ ਵਿੱਚ ਕਈ ਵਾਰ, ਕੀਤੀ ਗਈ ਭਵਿਖਵਾਣੀ ਸਹੀ ਸਾਬਤ ਨਹੀਂ ਹੁੰਦੀ। ਉਦਾਹਰਨ ਦੇ ਲਈ ਮੌਸਮ ਵਿਭਾਗ ਦੀ ਮੌਸਮ ਸੰਬੰਧੀ ਪੂਰਵ ਅਨੁਮਾਨ ਹਮੇਸ਼ਾ ਸਹੀ ਨਹੀਂ ਹੁੰਦੀ, ਫਿਰ ਵੀ ਮੌਸਮ ਸਬੰਧੀ ਭਵਿੱਖਬਾਣੀ ਨੂੰ ਇੱਕ ਵਿਗਿਆਨ ਮੰਨਿਆ ਜਾਂਦਾ ਹੈ।

(ਇਸ ਤਰ੍ਹਾਂ ਸਮਾਜ ਸ਼ਾਸਤਰ ਸਮਾਜਿਕ ਸੰਗਠਨ ਵਿੱਚ ਕਾਰਜ-ਪਰਿਣਾਮ ਸੰਬੰਧ ਦੇ ਰੂਪ ਵਿੱਚ ਨਜ਼ਰ ਆਉਂਦਾ ਹੈ)। ਇਹ ਕਿਵੇਂ, ਕਿਉਂ ਵਰਗੇ ਪ੍ਰਸ਼ਨ ਜੋ ਸਮਾਜਿਕ ਪ੍ਰਕਿਰਿਆਵਾਂ ਅਤੇ ਸੰਬੰਧਾਂ ਵਿੱਚ ਹਨ, ਉਹਨਾਂ ਦੇ ਉੱਤਰ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਸਮਾਜ ਸਾਸ਼ਤਰ ਮਨੁੱਖ ਦੇ ਸਮਾਜਿਕ ਵਿਵਹਾਰ

ਦੇ ਵਿਸ਼ੇ ਵਿੱਚ ਸਧਾਰਨੀਕਰਨ  ਵੀ ਪੇਸ਼ ਕਰਦਾ ਹੈ। ਇਸ ਤਰ੍ਹਾਂ ਸਮਾਜ ਸ਼ਾਸਤਰ ਨੂੰ ਇੱਕ ਵਿਗਿਆਨ ਦੇ ਰੂਪ ਵਿੱਚ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ।

## ਸਮਾਜ ਸ਼ਾਸਤਰ ਵਿਗਿਆਨ ਦੇ ਵਿਪੱਖ ਵਿੱਚ ਤਰਕ

ਬਹੁਤ ਸਾਰੇ ਵਿਦਵਾਨ ਇਹ ਨਹੀਂ ਮੰਨਦੇ ਕਿ ਸਮਾਜ ਸ਼ਾਸਤਰ ਵਿਗਿਆਨ ਹੈ। ਇਸ ਵਿਚਾਰ ਦੀ ਪੁਸ਼ਟੀ ਲਈ ਉਹਨਾਂ ਦੇ ਤਰਕ ਨਿਮਨ ਪ੍ਰਕਾਰ ਹਨ :

1. **ਵਿਗਿਆਨਕ ਵਿਧੀ ਦੀ ਕਮੀ :** ਸਮਾਜ ਸ਼ਾਸਤਰ ਦਾ ਵਿਸ਼ਾ ਖੇਤਰ ਸਮੂਹਾਂ ਵਿੱਚ ਮਨੁੱਖੀ ਸੰਬੰਧ ਹੈ ਜਿਨ੍ਹਾਂ ਦਾ ਪ੍ਰਯੋਗਸ਼ਾਲਾ ਵਿੱਚ ਅਧਿਐਨ ਨਹੀਂ ਕੀਤਾ ਜਾ ਸਕਦਾ। ਭੌਤਿਕ ਵਿਗਿਆਨਾਂ ਵਿੱਚ ਪ੍ਰਯੋਗਸ਼ਾਲਾ ਦਾ ਇਸਤੇਮਾਲ ਹੁੰਦਾ ਹੈ ਅਤੇ ਭਵਿੱਖਬਾਣੀ ਵੀ ਸੰਭਵ ਹੈ। ਪਰ ਸਮਾਜ ਸ਼ਾਸਤਰ ਵਿੱਚ ਨਾ ਤਾਂ ਪ੍ਰਯੋਗ ਹਨ ਅਤੇ ਨਾ ਹੀ ਸਮਾਜ ਦੇ ਮਨੁੱਖੀ ਸੰਬੰਧਾਂ ਦੀ ਸਹੀ ਭਵਿੱਖਬਾਣੀ ਹੋ ਸਕਦੀ ਹੈ।

| **ਸਮਾਜ ਸ਼ਾਸਤਰ ਨੂੰ ਵਿਗਿਆਨ ਕਿਉਂ ਨਹੀਂ ਕਿਹਾ ਜਾ ਸਕਦਾ।** |
|---|
| ਸਮਾਜ ਸ਼ਾਸਤਰ ਵਿੱਚ ਤਕਨੀਕੀ ਸ਼ਬਦਾਵਲੀ ਦੀ ਕਮੀ ਹੈ। |
| ਮਨੁੱਖੀ ਸੰਬੰਧਾਂ ਦਾ ਅਧਿਐਨ ਪਰਖ ਨਲੀ ਜਾਂ ਪ੍ਰਯੋਗਸ਼ਾਲਾ ਵਿੱਚ ਨਹੀਂ ਕੀਤਾ ਜਾ ਸਕਦਾ। |
| ਸਮਾਜ ਸ਼ਾਸਤਰ ਵਿੱਚ ਵਸਤੂਨਿਸ਼ਠਤਾ ਦੀ ਕਮੀ ਹੈ। |
| ਇਹ ਸ਼ੁਧ ਵਿਗਿਆਨ ਨਹੀਂ ਹੈ। |
| ਮਨੁੱਖੀ ਵਿਵਹਾਰ ਦੇ ਵਿਸ਼ੇ ਵਿੱਚ ਭਵਿੱਖਬਾਣੀ ਕਰਨਾ ਮੁਸ਼ਕਿਲ ਹੈ ? |

2. **ਵਸਤੂਨਿਸ਼ਠਤਾ ਦੀ ਕਮੀ :** ਮਨੁੱਖ ਦੀਆਂ ਆਪਣੀਆਂ ਪਰਿਕਲਪਨਾਵਾਂ ਅਤੇ ਪੱਖਪਾਤ ਹੁੰਦੇ ਹਨ। ਮਨੁੱਖਾਂ ਦਾ ਵਿਵਹਾਰ ਗਤੀਸ਼ੀਲ ਹੁੰਦਾ ਹੈ ਇਸ ਕਾਰਨ ਹੀ ਇੱਕ ਵਿਅਕਤੀ ਪੂਰੀ ਤਰ੍ਹਾਂ ਵਸਤੂਨਿਸ਼ਠ ਨਹੀਂ ਬਣ ਸਕਦਾ। ਦੂਜੇ ਸ਼ਬਦਾਂ ਵਿੱਚ ਸਮਾਜਿਕ ਸੰਬੰਧਾਂ ਦਾ ਅਧਿਐਨ ਪਰਿਕਲਪਨਾਵਾਂ ਤੋਂ ਬਿਨਾ ਨਹੀਂ ਕੀਤਾ ਜਾ ਸਕਦਾ। ਇਸ ਤਰ੍ਹਾਂ ਸਮਾਜ ਸ਼ਾਸਤਰ ਵਿੱਚੋਂ ਵਿਸ਼ੇ ਦੇ ਰੂਪ ਵਿੱਚ ਵਸਤੂਨਿਸ਼ਠਤਾ ਦੀ ਘਾਟ ਹੁੰਦੀ ਹੈ।

3 **ਸ਼ੁੱਧਤਾ ਦੀ ਕਮੀ :** ਸਮਾਜ ਸ਼ਾਸਤਰ ਨੂੰ ਸ਼ੁੱਧ ਵਿਗਿਆਨ ਨਹੀਂ ਕਿਹਾ ਜਾ ਸਕਦਾ ਕਿਉਂ ਜੋ ਇਸ ਵਿੱਚ ਦ੍ਰਿੜਤਾ ਦੀ ਕਮੀ ਹੈ। ਇਸਦੇ ਨਿਯਮ ਅਤੇ ਪਰਿਣਾਮ ਨੂੰ ਸਪਸ਼ਟ ਸ਼ਬਦਾਂ ਵਿੱਚ ਨਹੀਂ ਦੱਸਿਆ ਜਾ ਸਕਦਾ। ਦੂਜੇ ਪਾਸੇ ਵਿਗਿਆਨ ਦੀ ਸਪਸ਼ਟਤਾ, ਵਿਸ਼ਾ ਖੇਤਰ ਤੇ ਨਿਰਭਰ ਕਰਦੀ ਹੈ, ਸਮਾਜ ਸ਼ਾਸਤਰ ਦਾ ਵਿਸ਼ਾ-ਵਸਤੂ ਇਸ ਦੇ ਸ਼ੁੱਧ ਵਿਗਿਆਨ ਬਣਨ ਵਿੱਚ ਵਿਘਨ ਪਾਉਂਦਾ ਹੈ।

4 **ਤਕਨੀਕੀ ਸ਼ਬਦਾਵਲੀ ਦੀ ਕਮੀ :** ਸਮਾਜ ਸ਼ਾਸਤਰ ਇੱਕ ਨਵਾਂ ਸਮਾਜਿਕ ਵਿਗਿਆਨ ਹੈ। ਇਸ ਸੰਬੰਧ ਵਿੱਚ ਢੁਕਵੀਂ ਤਕਨੀਕੀ ਸ਼ਬਦਾਵਲੀ ਪ੍ਰਾਪਤ ਨਹੀਂ ਹੈ।

5 **ਸਮਾਜਿਕ ਸੰਬੰਧਾਂ ਦੀ ਜਟਿਲਤਾ ਕਾਰਨ ਸਧਾਰਨੀਕਰਨ ਔਖਾ ਹੁੰਦਾ ਹੈ :** ਸਮਾਜ ਸ਼ਾਸਤਰ, ਕੁਦਰਤੀ ਵਿਗਿਆਨਾਂ ਵਾਂਗ ਸਧਾਰਨੀਕਰਨ ਨਹੀਂ ਕਰ ਸਕਦਾ ਜਿਨ੍ਹਾ ਨੂੰ ਸਰਬ ਵਿਆਪੀ ਰੂਪ ਵਿਚ ਲਾਗੂ ਕੀਤਾ ਜਾ ਸਕੇ। ਇਸ ਨਾਲ਼ ਸੰਬੰਧਿਤ ਵਿਦਵਾਨਾਂ ਦਾ ਵਿਚਾਰ ਹੈ ਕਿ ਸਮਾਜਿਕ ਸੰਬੰਧਾਂ ਦਾ ਭੌਤਿਕ ਰੂਪ ਵਿੱਚ ਅਧਿਐਨ ਨਹੀਂ ਕੀਤਾ ਜਾ ਸਕਦਾ। ਅਸੀਂ ਦੇਖਦੇ ਹਾਂ ਕਿ ਸਮਾਜਿਕ ਸੰਬੰਧ ਸਾਡੀ ਅੰਦਰੂਨੀ ਜ਼ਿੰਦਗੀ ਦਾ ਬਾਹਰੀ ਪ੍ਰਗਟਾਵਾ ਹਨ। ਪਰ ਭੌਤਿਕ ਵਿਗਿਆਨੀ ਅਜਿਹੀਆਂ ਜਟਿਲ ਘਟਨਾਵਾਂ ਦਾ ਸਾਹਮਣਾ ਨਹੀਂ ਕਰਦੇ। ਸਮਾਜ ਵਿਗਿਆਨੀ ਬਾਹਰੀ ਕਿਰਿਆ ਨੂੰ ਸਮਝਣ ਲਈ ਵਿਸ਼ੇ ਦੇ ਅੰਦਰੂਨੀ ਪੱਖ ਦਾ ਅਧਿਐਨ ਕਰਦੇ ਹਨ ਸੋ ਸਮਾਜ ਸ਼ਾਸਤਰ ਸਧਾਰਨ ਨਤੀਜੇ, ਨਿਯਮ ਅਤੇ ਸਿਧਾਂਤ ਦੇਣ ਤੋਂ ਅਸਮਰੱਥ।

6. **ਸਹੀ ਅੰਕੜੇ ਪ੍ਰਾਪਤ ਕਰਨਾ ਮੁਸ਼ਕਿਲ :** ਭੌਤਿਕ ਵਿਗਿਆਨਾਂ ਵਿਚ ਕੁਝ ਸਿਧਾਂਤ ਤੱਥਾਧਾਰਿਤ ਹੁੰਦੇ ਹਨ। ਭੌਤਿਕ ਵਿਗਿਆਨ ਦੇ ਅੰਕੜੇ ਸਰਲ ਹੁੰਦੇ ਹਨ ਤੇ ਇਹਨਾਂ ਨੂੰ ਪ੍ਰਯੋਗਸ਼ਾਲਾ ਵਿੱਚ ਲੋੜ ਅਨੁਸਾਰ ਵਰਤਿਆ ਜਾ ਸਕਦਾ ਹੈ ਪਰ ਸਮਾਜ ਵਿਗਿਆਨ ਦੇ ਅੰਕੜੇ ਫੀਲਡ ਵਰਕ, ਦਸਤਾਵੇਜ ਅਤੇ ਅੰਕੜੇ ਇਕੱਠੇ ਕਰਨਾ ਆਦਿ ਰਾਹੀਂ ਲਏ ਜਾਂਦੇ ਹਨ। ਸਮਾਜ ਸ਼ਾਸਤਰ ਵਿੱਚ ਭਿੰਨ ਜਟਿਲ ਮਸਲਿਆਂ ਜਿਵੇਂ ਪਰਿਵਾਰ, ਜੁਰਮ ਤੇ ਗ਼ਰੀਬੀ ਸੰਬੰਧੀ ਸ਼ੁੱਧ ਅੰਕੜੇ ਮਿਲ਼ਣੇ ਔਖੇ ਹੁੰਦੇ ਹਨ। ਜੇਕਰ ਸਾਡੇ ਕੋਲ਼ ਇਹਨਾਂ ਸੰਬੰਧੀ ਲੋੜੀਦੇ ਅੰਕੜੇ ਨਹੀਂ ਹੋਣਗੇ ਤਾਂ ਸਾਡੇ ਨਤੀਜੇ ਗ਼ਲਤ ਵੀ ਹੋ ਸਕਦੇ ਹਨ।


## ਸਮਾਜ ਸ਼ਾਸਤਰ ਦਾ ਵਿਸ਼ਾ ਖੇਤਰ :

ਵਿਸ਼ਾ ਖੇਤਰ ਤੋਂ ਭਾਵ ਅਧਿਐਨ ਦਾ ਖੇਤਰ ਹੈ। ਹਰ ਵਿਗਿਆਨ ਦੀ ਜਾਣਕਾਰੀ ਦਾ ਅਪਣਾ ਕੇਂਦਰ ਹੁੰਦਾ ਹੈ। ਇੱਕ ਵਿਗਿਆਨ ਨੂੰ ਕ੍ਰਮਬੱਧ ਰੂਪ ਵਿੱਚ ਅਧਿਐਨ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਜਦੋਂ ਤੱਕ ਇਸ ਦੇ ਵਿਸ਼ੇ ਖੇਤਰ ਦੀ ਸੀਮਾ ਨਿਸ਼ਚਿਤ ਨਾ ਕੀਤੀ ਜਾਵੇ। ਸਮਾਜ ਸ਼ਾਸਤਰ ਦੀ ਵਿਗਿਆਨ ਦੇ ਰੂਪ ਵਿੱਚ ਅਪਣੀ ਸੀਮਾ ਅਤੇ ਵਿਸ਼ਾ ਖੇਤਰ ਹੈ। ਇਹ ਸਮਾਜ ਨੂੰ ਸਮਝਣ ਵਿੱਚ, ਭਿੰਨ ਸੰਸਥਾਵਾਂ ਮਨੁੱਖੀ ਜੀਵਨ ਨੂੰ ਕਿਵੇਂ ਪ੍ਰਭਾਵਿਤ ਕਰਦੀਆਂ ਹਨ ਅਤੇ ਮਨੁੱਖ ਅਤੇ ਸਮਾਜ ਦਾ ਕੀ ਸੰਬੰਧ ਹੈ, ਇਹਨਾਂ ਸਭ 'ਤੇ ਚਾਨਣਾ ਪਾਉਂਦੀ ਹੈ। ਸਮਾਜ ਸ਼ਾਸਤਰ ਦਾ ਵਿਸ਼ਾ ਖੇਤਰ ਵਿਅਕਤੀਆਂ ਵਿੱਚ ਅੰਤਰ ਕਿਰਿਆ ਹੈ ਜਿਵੇਂ ਦੁਕਾਨਦਾਰ ਅਤੇ ਗਾਹਕ, ਅਧਿਆਪਕ ਅਤੇ ਵਿਦਿਆਰਥੀ, ਦੋ ਦੋਸਤ ਜਾਂ ਪਰਿਵਾਰ ਦੇ ਮੈਂਬਰਾਂ ਵਿਚਕਾਰ ਅੰਤਰ ਕਿਰਿਆ ਆਦਿ ਪਰ ਇਹ ਦੇਖਿਆ ਜਾ ਸਕਦਾ ਹੈ ਕਿ ਸਮਾਜ ਸ਼ਾਸਤਰ ਦੇ ਵਿਸ਼ੇ ਖੇਤਰ ਦੇ ਸੰਬੰਧ ਵਿੱਚ ਸਮਾਜ ਸ਼ਾਸਤਰੀਆਂ ਵਿੱਚ ਕੋਈ ਇੱਕ ਮੱਤ ਨਹੀਂ ਹੈ। ਸਮਾਜ ਸ਼ਾਸਤਰ ਦੇ ਪੂਰਵਜ ਜਿਵੇਂ ਕਾਮਤੇ, ਸਪੈਂਸਰ, ਦੁਰਖ਼ੀਮ ਅਤੇ ਗਿਡਿੰਗਸ ਸਮਾਜ ਸ਼ਾਸਤਰੀਆਂ ਨੇ ਸਮਾਜ-ਸ਼ਾਸਤਰ ਦੀ ਖੋਜ ਵਿੱਚ ਸੀਮਾ ਨਿਸ਼ਚਿਤ ਕੀਤੀ ਹੈ।

ਸਮਾਜ ਸ਼ਾਸਤਰ ਦੇ ਵਿਸ਼ੇ ਖੇਤਰ ਦੇ ਸੰਬੰਧ ਵਿੱਚ ਦੋ ਸਕੂਲ ਹਨ- ਸਰੂਪਾਤਮਕ ਸਕੂਲ ਅਤੇ ਮਿਸ਼ਰਤ ਸਕੂਲ।

## ਸਰੂਪਾਤਮਕ ਸਕੂਲ ਅਤੇ ਮਿਸ਼ਰਤ  ਸਕੂਲ

ਪਹਿਲੇ ਤਰ੍ਹਾਂ ਦੇ ਵਿਚਾਰਕ ਮੰਨਦੇ ਹਨ ਕਿ ਸਮਾਜ ਸ਼ਾਸਤਰ ਨੂੰ ਇਕ ਸਮਾਜ ਵਿਗਿਆਨ ਵਜੋਂ ਲਿਆ ਜਾ ਸਕਦਾ ਹੈ ਜਿਸ ਦਾ ਇਕ ਵਿਸ਼ੇਸ਼ ਅਤੇ ਨਿਸ਼ਚਿਤ ਖੇਤਰ ਹੈ। ਅਜਿਹੇ ਵਿਚਾਰ ਜਾਰਜ ਸਿਮਲ, ਫਰਡੀਨੈਂਟ ਟੌਨਿਸ, ਐਲਫ਼ਰਡ ਵੀਰਕਾਂਤ ਅਤੇ ਲਿਓਪੋਲਡ ਵੌਨਵੀਸ ਦੇ ਹਨ। ਦੂਜੇ ਪਾਸੇ ਮਿਸ਼ਰਤ ਸਕੂਲ ਦੇ ਵਿਦਵਾਨਾ ਜਿਨ੍ਹਾ ਵਿਚ ਇਮਾਇਲ ਦੁਰਖ਼ੀਮ, ਐੱਲ ਟੀ. ਹਾਬਹਾਉਸ, ਪੀ. ਸੌਰਕਿਨ ਆਦਿ ਹਨ, ਦਾ ਮੰਨਣਾ ਹੈ ਕਿ ਸਮਾਜ ਸ਼ਾਸਤਰ ਸਾਰੇ ਸਮਾਜ ਵਿਗਿਆਨਾਂ ਦਾ ਮਿਸ਼ਰਨ ਹੈ ਜੋ ਦੂਜਿਆਂ ਤੋਂ ਪ੍ਰਭਾਵਤ ਹੁੰਦਾ ਹੈ ਤੇ ਉਹਨਾਂ ਨੂੰ ਪ੍ਰਭਾਵਿਤ ਕਰਦਾ ਹੈ।




## ਸਰੂਪਾਤਮਕ ਸਕੂਲ

ਸਰੂਪਾਤਮਕ ਸਕੂਲ ਦਾ ਉਦੇਸ਼ ਹੈ ਕਿ ਸਮਾਜ ਸ਼ਾਸਤਰ ਨੂੰ ਅਲੱਗ ਵਿਸ਼ਾ ਬਣਾਉਣ ਲਈ ਇਸ ਦਾ ਵਿਸ਼ਾ ਖੇਤਰ ਨਿਸ਼ਚਿਤ ਕੀਤਾ ਜਾਵੇ। ਇਸ ਸਕੂਲ ਨੂੰ ਮੰਨਣ ਵਾਲਿਆਂ ਦੇ ਅਨੁਸਾਰ, ਸਮਾਜ ਸ਼ਾਸਤਰ ਸਮੁੱਚੇ ਸਮਾਜਿਕ ਜੀਵਨ ਦਾ ਅਧਿਐਨ ਨਹੀਂ ਕਰ ਸਕਦਾ ਕਿਉਂਕਿ ਇਸਦਾ ਵਿਸ਼ਾ ਖੇਤਰ ਸੀਮਿਤ ਹੈ। ਇਸ ਬੌਧਿਕ ਸਕੂਲ ਦੇ ਸਮਾਜ ਸ਼ਾਸਤਰੀ ਸਮਾਜ ਸ਼ਾਸਤਰ ਦੇ ਖੇਤਰ ਨੂੰ ਦੂਜੇ ਸਮਾਜ ਵਿਗਿਆਨਾਂ ਤੋਂ ਅਲੱਗ ਕਰਨਾ ਚਾਹੁੰਦੇ ਹਨ। ਉਹ ਸਮਾਜ ਸ਼ਾਸਤਰ ਨੂੰ ਸੁਤੰਤਰ ਤੇ ਸ਼ੁੱਧ ਵਿਗਿਆਨ ਮੰਨਦੇ ਹਨ।

ਸਮਾਜ ਸ਼ਾਸਤਰ ਦਾ ਸਰੂਪਾਤਮਕ ਸਕੂਲ ਸਮਾਜਿਕ ਸੰਬੰਧਾਂ ਦੇ ਰੂਪਾਂ ਨਾਲ਼ ਸੰਬੰਧਿਤ ਹੈ। ਸਮਾਜ ਸ਼ਾਸਤਰ ਦੇ ਦੂਜੇ ਵਿਗਿਆਨਾਂ ਨਾਲ਼ ਸੰਬੰਧ ਨੂੰ ਇੰਝ ਹੀ ਦੇਖਿਆ ਜਾਂਦਾ ਹੈ ਜਿਵੇਂ ਰੇਖਾ ਗਣਿਤ ਅਤੇ ਭੌਤਿਕ ਵਿਗਿਆਨ ਦਾ ਸੰਬੰਧ ਹੈ। ਉਦਾਹਰਨ ਦੇ ਲਈ ਰੇਖਾ ਗਣਿਤ ਵਸਤੂਆਂ ਦੇ ਵਿਸ਼ੇਸ਼ ਰੂਪਾਂ ਅਤੇ ਵਸਤੂਆਂ ਦੇ ਸੰਬੰਧਾਂ ਦਾ ਅਧਿਐਨ ਕਰਦਾ ਹੈ ਨਾ ਕਿ ਉਹਨਾਂ ਦੀ ਅੰਤਰਵਸਤੂ ਦਾ ਅਧਿਐਨ ਕਰਦਾ ਹੈ। ਇਸ ਤਰ੍ਹਾਂ ਹੀ ਸਮਾਜ ਸ਼ਾਸਤਰ ਸਮਾਜ ਦੀਆਂ ਸਾਰੀਆਂ ਗਤੀਵਿਧੀਆਂ ਦਾ ਅਧਿਐਨ ਨਹੀਂ ਕਰਦਾ। ਇਸ ਲਈ ਸਮਾਜ ਸ਼ਾਸਤਰ ਦਾ ਵਿਸ਼ਾ ਖੇਤਰ ਸਮਾਜਿਕ ਸੰਬੰਧਾਂ ਦੇ ਵਿਸ਼ੇਸ਼ ਰੂਪਾਂ, ਵਿਵਹਾਰਾਂ ਅਤੇ ਕਿਰਿਆਵਾਂ ਦਾ ਅਧਿਐਨ ਹੈ।




**ਸਿਮਲ :** ਸਿਮਲ ਦੇ ਅਨੁਸਾਰ ਸਮਾਜ ਸ਼ਾਸਤਰ ਇੱਕ ਵਿਸ਼ੇਸ਼ ਸਮਾਜਿਕ ਵਿਗਿਆਨ ਹੈ ਜੋ ਸਮਾਜਿਕ ਸੰਬੰਧਾਂ ਦੇ ਰੂਪ ਦੀ ਵਿਆਖਿਆ, ਵਰਗੀਕਰਨ ਅਤੇ ਵਿਸ਼ਲੇਸ਼ਣ ਕਰਦਾ ਹੈ।

**ਟੋਨੀਜ਼:** ਟੋਨੀਜ਼ ਨੇ ਸਮਾਜ ਨੂੰ ਸਮਾਜ ਦੇ ਮੈਂਬਰਾਂ ਵਿਚਲੀ ਨੇੜਤਾ ਤੇ ਅੰਤਰ-ਕਿਰਿਆ ਦੇ ਆਧਾਰ ’ਤੇ ਦੋ ਸ਼੍ਰੇਣੀਆਂ ਸਮੁਦਾਇ ਅਤੇ ਸਭਾ ਵਿਚ ਵੰਡਿਆ ਹੈ। ਉਹ ਮੰਨਦਾ ਹੈ ਕਿ ਸਮਾਜ ਸ਼ਾਸਤਰ ਇਨ੍ਹਾ ਦੋ ਸ਼੍ਰੇਣੀਆਂ ਵਿਚਲੇ ਸਮਾਜਿਕ ਸੰਬੰਧਾਂ ਦਾ ਅਧਿਐਨ ਕਰਦਾ ਹੈ।

**ਮੈਕਸ ਵੈਬਰ** : ਮੈਕਸ ਵੈਬਰ ਨੇ ਉਸ ਤੱਤ ਦੇ ਵਿਸ਼ੇਸ਼ ਰੂਪ ਦੀ ਗੱਲ ਕੀਤੀ ਹੈ, ਜਿਸ ਨਾਲ਼ ਸਮਾਜ ਸ਼ਾਸਤਰ ਸੰਬੰਧਿਤ ਹੈ। ਉਸਦੇ ਵਿਚਾਰਾਂ ਅਨੁਸਾਰ ਸਮਾਜ ਸ਼ਾਸਤਰ ਵਿਗਿਆਨ ਹੈ, ਜੋ ਸਮਾਜਿਕ ਕਿਰਿਆਵਾਂ ਦੀ ਵਿਆਖਿਆ ਕਰਦਾ ਹੈ ਅਤੇ ਸਮਝਦਾ ਹੈ। ਸਮਾਜਿਕ ਕਿਰਿਆਵਾਂ ਮਨੁੱਖੀ ਸੰਬੰਧਾਂ ਦੇ ਸਮੁੱਚੇ ਖੇਤਰਾਂ ਨੂੰ ਸ਼ਾਮਲ ਨਹੀਂ ਕਰਦੀਆਂ ਭਾਵੇਂ ਕਿ ਸਾਰੀਆਂ ਮਨੁੱਖੀ ਅੰਤਰ ਕਿਰਿਆਵਾਂ ਸਮਾਜਿਕ ਨਹੀਂ ਹੁੰਦੀਆਂ।

**ਗਤੀਵਿਧੀ -2**

ਜਾਰਜ ਸਿਮਲ, ਮੈਕਸ ਵੈਬਰ, ਸੋਰੋਕਿਨ ਅਤੇ ਦੁਰਖ਼ੀਮ ਵਰਗੇ ਵਿਚਾਰਕਾਂ ਬਾਰੇ ਖੋਜ ਕਰੋ ਕਿ ਉਹ ਕਿਸ ਚਿੰਤਨ ਪਰੰਪਰਾ ਨਾਲ਼ ਸੰਬੰਧਤ ਹਨ ਅਤੇ ਉਹਨਾਂ ਦਾ ਸਮਾਜ ਸ਼ਾਸਤਰ ਵਿਸ਼ੇ ਵਿਚ ਕੀ ਯੋਗਦਾਨ ਹੈ।

**ਮਿਸ਼ਰਿਤ ਸਕੂਲ** : ਮਿਸ਼ਰਿਤ ਸਕੂਲ ਵਿੱਚ ਸਮਾਜ ਸ਼ਾਸਤਰ ਨੂੰ ਸਮਾਜਿਕ ਵਿਗਿਆਨਾਂ ਦਾ ਮਿਸ਼ਰਨ ਅਤੇ ਸਧਾਰਨ ਵਿਗਿਆਨ ਕਿਹਾ ਹੈ। ਸਮਾਜ ਸ਼ਾਸਤਰ ਵਿਗਿਆਨਾਂ ਦਾ ਵਿਗਿਆਨ ਹੈ ਅਤੇ ਸਾਰੇ ਸਮਾਜਿਕ ਵਿਗਿਆਨ ਇਸ ਦੇ ਵਿਸ਼ਾ ਖੇਤਰ ਵਿੱਚ ਸ਼ਾਮਿਲ ਹਨ। ਇਸ ਸਕੂਲ ਦੀ ਧਾਰਨਾ ਇਹ ਹੈ ਕਿ

ਸਮਾਜਿਕ ਜੀਵਨ ਦੇ ਸਾਰੇ ਪਹਿਲੂ ਅੰਤਰ ਸਬੰਧਿਤ ਹਨ। ਇਸ ਲਈ ਸਮਾਜਿਕ ਜੀਵਨ ਦੇ ਇੱਕ ਪਹਿਲੂ ਦਾ ਅਧਿਐਨ ਸਮਗਰਤਾ ਨੂੰ ਸਮਝਣ ਤੋਂ ਅਸਮਰਥ ਹੈ। ਇਸ ਉਦੇਸ਼ ਨੂੰ ਪੂਰਾ ਕਰਨ ਲਈ ਸਮਾਜ ਸ਼ਾਸਤਰ ਸਮਾਜਿਕ ਜੀਵਨ ਦਾ ਸਿਲਸਲੇਵਾਰ ਅਧਿਐਨ ਕਰਦਾ ਹੈ। ਸਾਰੇ ਸਮਾਜਿਕ ਵਿਗਿਆਨਾਂ ਦਾ ਵਿਸ਼ਾ ਖੇਤਰ ਇਕੋ ਜਿਹਾ ਹੈ ਪਰ ਉਹਨਾਂ ਨੂੰ ਦੇਖਣ ਦਾ ਨਜ਼ਰੀਆ ਭਿੰਨ ਹੈ। ਸਾਰੇ ਸਮਾਜਿਕ ਵਿਗਿਆਨਾਂ ਦਾ ਵਿਸ਼ਾ-ਵਸਤੂ ਸਮਾਜ ਹੈ ਪਰ ਸਾਰੇ ਸਮਾਜ ਵਿਗਿਆਨ ਇਸਦਾ ਆਪਣੇ ਪਹਿਲੂ ਤੋਂ ਹੀ ਅਧਿਐਨ ਕਰਦੇ ਹਨ। ਸਮਾਜ ਸ਼ਾਸਤਰ ਸਮਾਜਿਕ ਜੀਵਨ ਦੇ ਸਾਰੇ ਤੱਥਾਂ ਦਾ ਅਧਿਐਨ ਕਰਦਾ ਹੈ ਅਤੇ ਸਮਾਜਿਕ ਜੀਵਨ ਨੂੰ ਸਮੁੱਚ ਵਜੋਂ ਲੈਂਦਾ ਹੈ।

**ਐੱਲ. ਟੀ. ਹਾਬਹਾਊਸ :** ਹਾਬਹਾਊਸ ਨੇ ਸਮਾਜ ਸ਼ਾਸਤਰ ਨੂੰ ਵਿਗਿਆਨ ਕਿਹਾ ਹੈ ਜੋ ਮਨੁੱਖ ਦੇ ਪੂਰੇ ਸਮਾਜਿਕ ਜੀਵਨ ਨੂੰ ਆਪਣਾ ਖੇਤਰ ਬਣਾ ਲੈਂਦਾ ਹੈਂ। ਇਸਦਾ ਦੂਜੇ ਸਮਾਜਿਕ ਵਿਗਿਆਨਾਂ ਨਾਲ਼ ਸੰਬੰਧ ਆਪਸੀ ਲੈਣ ਦੇਣ ਅਤੇ ਆਪਸੀ ਉਤਸ਼ਾਹ ਕਾਰਨ ਹੈ। ਉਦਾਹਰਨ ਲਈ ਅਸੀਂ ਪਰਿਵਾਰ ਦੇ ਅਸੰਗਠਨ ਦੇ ਕਾਰਨਾਂ ਦਾ ਅਧਿਐਨ ਅਤੇ ਵਰਗੀਕਰਨ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਅਰਥ ਸ਼ਾਸਤਰ, ਮਨੋਵਿਗਿਆਨ ਅਤੇ ਦੂਜੇ ਸਮਾਜਿਕ ਵਿਗਿਆਨਾਂ ਦੀ ਮਦਦ ਲੈਣੀ ਪਵੇਗੀ। ਇਸ ਤਰ੍ਹਾਂ ਸਮਾਜ ਸ਼ਾਸਤਰ ਦਾ ਵਿਸ਼ਾ ਖੇਤਰ ਸਾਰੇ ਸਮਾਜਿਕ ਵਿਗਿਆਨਾਂ ਦੇ ਵਿਸ਼ੇ ਖੇਤਰ ਨੂੰ ਸ਼ਾਮਿਲ ਕਰਦਾ ਹੈ। ਇਸ ਤਰ੍ਹਾਂ ਇੱਕ ਸਕੂਲ ਦੇ ਵਿਚਾਰਕ ਸਮਾਜ ਸ਼ਾਸਤਰ ਨੂੰ ਦੂਜੇ ਸਮਾਜਿਕ ਵਿਗਿਆਨਾਂ ਤੋਂ ਅਲੱਗ ਵਿਸ਼ੇਸ਼ ਵਿਗਿਆਨ ਮੰਨਦੇ ਹਨ ਅਤੇ ਦੂਜੇ ਇਸ ਨੂੰ ਮਿਸ਼ਰਿਤ ਵਿਗਿਆਨ ਮੰਨਦੇ ਹਨ।

## ਸਮਾਜ ਸ਼ਾਸਤਰ ਦੀ ਮਹੱਤਤਾ :

ਸਮਾਜ ਸ਼ਾਸਤਰ ਦੇ ਅਧਿਐਨ ਦੀ ਵਿਸ਼ੇਸ਼ ਮਹੱਤਤਾ ਹੈ। ਇਸ ਦੀ ਮਹੱਤਤਾ ਨਿਮਨ ਲਿਖਤ ਹੈ:

1. ਸਮਾਜ ਸ਼ਾਸਤਰ ਦਾ ਅਧਿਐਨ ਸਮਾਜ ਦੇ ਵਿਗਿਆਨਕ ਅਧਿਐਨ ਨੂੰ ਸੰਭਵ ਬਣਾਉਂਦਾ ਹੈ।
2. ਸਮਾਜ ਸ਼ਾਸਤਰ ਸਮਾਜ ਵਿਚਲੀਆਂ ਸੰਸਥਾਵਾਂ ਦੀ ਭੂਮਿਕਾ ਦਾ ਅਧਿਐਨ ਕਰਦਾ ਹੈ ਜਿਵੇਂ ਪਰਿਵਾਰ, ਸਕੂਲ ਤੇ ਸਿੱਖਿਆ, ਚਰਚ ਅਤੇ ਧਰਮ, ਰਾਜ ਅਤੇ ਸਰਕਾਰ, ਉਦਯੋਗ ਅਤੇ ਕੰਮ, ਸਮੁਦਾਇ ਅਤੇ ਸਭਾ ਆਦਿ। ਇਹ ਵਿਅਕਤੀ ਦੇ ਵਿਕਾਸ ਵਿੱਚ ਇਹਨਾਂ ਸੰਸਥਾਵਾਂ ਦੀ ਭੂਮਿਕਾ ਦਾ ਅਧਿਐਨ ਕਰਦਾ ਹੈ।
3. ਸਮਾਜ ਸ਼ਾਸਤਰ ਦਾ ਅਧਿਐਨ ਸਮਾਜਿਕ ਯੋਜਨਾ ਬਣਾਉਣ ਲਈ ਜ਼ਰੂਰੀ ਹੈ ਕਿਉਂਕਿ ਸਮਾਜਿਕ ਸੰਰਚਨਾ ਦੇ ਉਚਿਤ ਅਤੇ ਸਹੀ ਗਿਆਨ ਨਾਲ਼ ਸੁਧਾਰਿਆ ਜਾ ਸਕਦਾ ਹੈ। ਸਮਾਜ ਸ਼ਾਸਤਰ ਸਮਾਜਿਕ ਸਮੱਸਿਆਵਾਂ ਦੇ ਕਾਰਨ ਅਤੇ ਹੱਲ ਲੱਭਦਾ ਹੈ।
4. ਸਮਾਜ ਸ਼ਾਸਤਰ ਸਮਾਜਿਕ ਸਮੱਸਿਆਵਾਂ ਦਾ ਹੱਲ ਲੱਭਦਾ ਹੈ ਕਿਉਂਕਿ ਇਹ ਸਮਾਜਿਕ ਬੁਰਾਈਆਂ ਦੇ ਕਾਰਨਾਂ ਦਾ ਅਧਿਐਨ ਕਰਦਾ ਹੈ।

5. ਸਮਾਜ ਸ਼ਾਸਤਰ ਸਾਡੇ ਰਵੱਈਏ ਨੂੰ ਬਦਲਣ ਵਿੱਚ ਮਦਦ ਕਰਦਾ ਹੈ, ਉਦਾਹਰਨ ਦੇ ਲਈ ਸਮਾਜ ਸ਼ਾਸਤਰ ਨੇ ਅਪਰਾਧ ਤੇ ਅਪਰਾਧੀਆਂ ਵਰਗੇ ਵਿਸ਼ਿਆਂ 'ਤੇ ਸਾਡੇ ਦ੍ਰਿਸ਼ਟੀਕੋਣ ਨੂੰ ਬਦਲਿਆ ਹੈ।

6. ਸਮਾਜ ਸ਼ਾਸਤਰ ਅਲੱਗ-ਅਲੱਗ ਸੱਭਿਆਚਾਰਾਂ ਨੂੰ ਸਮਝਣ ਵਿੱਚ ਵਿਅਕਤੀਆਂ ਦੀ ਮਦਦ ਕਰਦਾ ਹੈ।




## ਸਿੱਟਾ

ਇਸ ਤਰ੍ਹਾਂ, ਸਮਾਜ ਸ਼ਾਸਤਰ ਇੱਕ ਸਮਾਜ ਵਿਗਿਆਨ ਹੈ, ਜੋ ਮਨੁੱਖੀ ਸਮਾਜਾਂ, ਉਹਨਾਂ ਦੀਆਂ ਪਰਸਪਰ ਅੰਤਰ-ਕਿਰਿਆਵਾਂ ਅਤੇ ਪ੍ਰਕਿਰਿਆਵਾਂ, ਜੋ ਉਹਨਾਂ ਨੂੰ ਨਿਰੰਤਰਤਾ ਦਿੰਦੀਆਂ ਹਨ ਅਤੇ ਰੁਪਾਂਤਰਿਤ ਕਰਦੀਆਂ ਹਨ, ਦਾ ਅਧਿਐਨ ਕਰਦਾ ਹੈ। ਇਹ ਵਿਸ਼ਾ 18ਵੀਂ ਤੇ 19ਵੀਂ ਸਦੀ ਦੇ ਨਵਜਾਗਰਨ ਦੇ ਦਰਸ਼ਨ ਦੇ ਨਾਲ਼ ਉਭਰਿਆ ਅਤੇ ਫਰਾਂਸੀਸੀ ਕ੍ਰਾਂਤੀ, ਕੁਦਰਤੀ ਵਿਗਿਆਨਾਂ ਦੇ ਵਿਕਾਸ, ਉਦਯੋਗਿਕ ਕ੍ਰਾਂਤੀ ਅਤੇ ਸ਼ਹਿਰੀਕਰਨ ਵਰਗੇ ਪੱਖਾਂ ਨੇ ਇਸਦੇ ਵਿਕਾਸ ਵਿੱਚ ਯੋਗਦਾਨ

ਦਿੱਤਾ। ਅੱਜ ਇਹ ਨਵ-ਵਿਗਿਆਨ  ਨਾ ਸਿਰਫ਼ ਮਨੁੱਖੀ ਅਧਿਐਨ ਕਰਨ ਦਾ ਜਤਨ ਕਰਦਾ ਹੈ ਪਰ ਨਾਲ਼ ਹੀ ਸਮਾਜਿਕ ਨਿਯੋਜਨ, ਪੁਨਰ ਨਿਰਮਾਣ ਤੇ ਸੁਧਾਰ ਦਾ ਇੱਕ ਸਰੋਤ ਵੀ ਹੈ।

**ਬਾਕਸ-3**

## ਸਮਾਜ ਸ਼ਾਸਤਰ ਕਿੱਤੇ ਦੇ ਰੂਪ ਵਿੱਚ

- ਗ਼ੈਰ ਸਰਕਾਰੀ ਸੰਗਠਨ, ਅੰਤਰਰਾਸ਼ਟਰੀ ਗ਼ੈਰ-ਸਰਕਾਰੀ ਸੰਗਠਨ ਅਤੇ ਸੰਯੁਕਤ ਰਾਸ਼ਟਰ ਦੀਆਂ ਵਿਭਿੰਨ ਗਤੀਵਿਧੀਆਂ/ਵਿਭਾਗਾਂ ਵਿੱਚ ਕਿੱਤੇ ਦੇ ਮੌਕਿਆਂ ਦੀ ਚੰਗੀ ਸੰਭਾਵਨਾ।
- ਸਕੂਲ ਪੱਧਰ, ਕਾਲਜ ਪੱਧਰ ਅਤੇ ਉੱਚ ਸਿੱਖਿਆ ਪੱਧਰ 'ਤੇ ਅਧਿਆਪਨ ਵਿੱਚ ਰੁਜ਼ਗਾਰ ਦੇ ਮੌਕੇ।
- ਪੰਜਾਬ ਵਿੱਚ ਗ਼ੈਰ-ਸਰਕਾਰੀ ਸੰਗਠਨਾ ਦੇ ਵੱਧਦੇ ਸੱਭਿਆਚਾਰ ਨਾਲ਼ ਅਤੇ ਇਨ੍ਹਾਂ ਸੰਗਠਨਾਂ ਰਾਹੀਂ ਖੋਜ ਗਤੀਵਧੀਆਂ ਦੇ ਖੇਤਰ ਵਿੱਚ ਪੰਜਾਬ ਰਾਜ ਵਿੱਚ ਰੁਜ਼ਗਾਰ ਦੇ ਮੌਕੇ ਬਣ ਰਹੇ ਹਨ।
- ਪੰਜਾਬ ਸਰਕਾਰ ਦੇ ਸਮਾਜ ਕਲਿਆਣ ਅਤੇ ਬਾਲ ਕਲਿਆਣ ਦੇ ਦਫ਼ਤਰਾਂ ਵਿੱਚ ਰੁਜ਼ਗਾਰ ਦੇ ਮੌਕੇ।
- ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵਿੱਚ ਮਰੀਜ਼ਾਂ ਨੂੰ ਸਮਾਜਿਕ ਮਨੋਵਿਗਿਆਨਿਕ ਸਲਾਹ-ਮਸ਼ਵਰਾ (ਸਲਾਹ) ਦੇਣ ਲਈ ਅਗਵਾਈਕਾਰਾਂ ਦੇ ਰੂਪ ਵਿਚ ਰੁਜ਼ਗਾਰ ਦੇ ਮੌਕੇ।
- ਉਦੱਮੀ ਬਣਨ ਦੀ ਸ੍ਰੇਸ਼ਠ ਮੌਕਾ।
- ਭਿੰਨ-ਭਿੰਨ ਸਰਕਾਰੀ ਖੇਤਰਾਂ ਵਿੱਚ ਰੁਜ਼ਗਾਰ ਦੇ ਮੌਕੇ।

## ਸ਼ਬਦਾਵਲੀ

**ਪੂੰਜੀਵਾਦ :** ਆਰਥਿਕ ਖੇਤਰ ਵਿੱਚ ਵਪਾਰ ਵਿਵਸਥਾ ਬਜ਼ਾਰ 'ਤੇ ਅਧਾਰਿਤ ਹੈ। 'ਪੂੰਜੀ' ਸ਼ਬਦ ਤੋਂ ਭਾਵ ਧਨ, ਸੰਪਤੀ, ਅਤੇ ਮਸ਼ੀਨਾਂ ਤੋਂ ਹੈ ਜਿਸ ਦਾ ਪ੍ਰਯੋਗ ਲਾਭ ਦੀ ਉਮੀਦ ਨਾਲ਼ ਵਸਤੂਆਂ ਦੀ ਵਿਕਰੀ ਜਾਂ ਬਜ਼ਾਰ ਵਿੱਚ ਪੈਸਾ ਲਗਾਉਣ ਲਈ ਕੀਤੀ ਜਾਂਦੀ ਹੈ। ਇਹ ਵਿਵਸਥਾ ਨਿੱਜੀ ਮਲਕੀਅਤ ਅਤੇ  ਉਤਪਾਦਨ ਦੇ ਸਾਧਨਾ 'ਤੇ ਅਧਾਰਿਤ ਹੈ।

**ਪੁਨਰ ਗਿਆਨ :** ਪੁਨਰ ਗਿਆਨ ਦਾ ਯੁੱਗ 17ਵੀਂ ਸ਼ਤਾਬਦੀ ਵਿੱਚ ਯੂਰਪ ਵਿੱਚ ਸ਼ੁਰੂ ਹੋਏ ਬੁੱਧੀ ਜੀਵੀਆਂ ਦਾ ਇੱਕ ਸੱਭਿਆਚਾਰਕ ਅੰਦੋਲਨ ਸੀ ਜਿਸ ਨੇ ਪਰੰਪਰਾ ਦੀ ਥਾਂ ਤੇ ਤਰਕ ਅਤੇ ਵਿਅਕਤੀਵਾਦ ਤੇ ਜ਼ੋਰ ਦਿੱਤਾ। ਇਸ ਦਾ ਉਦੇਸ਼ ਤਰਕ ਦਾ ਪ੍ਰਯੋਗ ਕਰਕੇ ਸਮਾਜ ਵਿੱਚ ਸੁਧਾਰ ਕਰਨਾ, ਪਰੰਪਰਾਵਾਂ 'ਤੇ ਅਧਾਰਿਤ ਵਿਸ਼ਵਾਸ ਨੂੰ ਚੁਣੌਤੀ ਦੇਣਾ ਅਤੇ ਵਿਗਿਆਨਕ ਢੰਗ ਰਾਹੀਂ ਗਿਆਨ ਦਾ ਵਿਸਤਾਰ ਕਰਨਾ ਸੀ। ਇਸ ਨਾਲ ਵਿਗਿਆਨਕ ਚਿੰਤਨ ਅਤੇ ਬੋਧਿਕ ਵਟਾਂਦਰੇ ਨੂੰ ਵਾਧਾ ਮਿਲ਼ਦਾ ਹੈ।

**ਵਿਅਕਤੀਵਾਦ :** ਨੈਤਿਕ ਉਦੇਸ਼, ਰਾਜਨੀਤਿਕ ਦਰਸ਼ਨ ਜਾਂ ਸਮਾਜਿਕ ਦ੍ਰਿਸ਼ਟੀਕੋਣ ਜੋ ਵਿਅਕਤੀ ਦੀਆਂ ਨੈਤਿਕ ਕੀਮਤਾਂ ਤੇ ਜ਼ੋਰ ਦਿੰਦਾ ਹੈ। ਵਿਅਕਤੀਵਾਦ ਆਪਣੇ ਉਦੇਸ਼ਾਂ, ਇੱਛਾਵਾਂ, ਮੁੱਲਾਂ ਦੀ ਸੁਤੰਤਰਤਾ ਅਤੇ ਆਤਮ ਨਿਰਭਰਤਾ ਨੂੰ ਵਧਾਉਂਦਾ ਹੈ।

**ਉਦਯੋਗੀਕਰਨ :** ਸਮਾਜਿਕ ਅਤੇ ਆਰਥਿਕ ਤਬਦੀਲੀ ਦਾ ਕਾਲ਼ – ਜਿਸ ਨੇ ਮਨੁੱਖੀ ਸਮੂਹ ਨੂੰ ਖੇਤੀ ਸਮਾਜ ਤੋਂ ਉਦਯੋਗੀਕਰਨ ਵੱਲ ਤਬਦੀਲ ਕੀਤਾ।

**ਸ਼ਹਿਰੀਕਰਨ :** ਸ਼ਹਿਰੀ ਖੇਤਰਾਂ ਵਿੱਚ ਰਹਿ ਰਹੇ ਲੋਕਾਂ ਦੀ ਗਿਣਤੀ ਦੇ ਵਧਣ ਨਾਲ਼ ਸ਼ਹਿਰੀ ਖੇਤਰਾਂ ਦਾ ਭੌਤਿਕ ਵਿਕਾਸ ਹੁੰਦਾ ਹੈ। ਇਹ ਵਾਧਾ ਖੜ੍ਹੇ ਦਾਅ ਜਾਂ ਲੇਟਵੇਂ ਦਾਅ ਹੋ ਸਕਦਾ ਹੈ।

**ਮੁੱਲ :** ਇਹ ਉਹ ਆਦਰਸ਼ ਹਨ ਜੋ ਵਿਅਕਤੀ ਜਾਂ ਸਮੂਹ ਲਈ ਸ੍ਵੀਕ੍ਰਿਤ, ਅਨੁਕੂਲ ਅਤੇ ਚੰਗੇ-ਮਾੜੇ ਜਾਂ ਉਚਿਤ/ਅਨਉਚਿਤ ਦੀ ਪਹਿਚਾਣ ਕਰਾਉਂਦੇ ਹਨ।

## ਅਭਿਆਸ

### ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ 1-15 ਸ਼ਬਦਾਂ ਵਿੱਚ ਦਿਓ।

1. ਸਮਾਜ ਸ਼ਾਸਤਰ ਦਾ ਪਿਤਾਮਾ ਕਿਸ ਨੂੰ ਕਿਹਾ ਜਾਂਦਾ ਹੈ ?
2. ਸਮਾਜ ਸ਼ਾਸਤਰ ਦੇ ਇੱਕ ਅਲੱਗ ਵਿਸ਼ੇ ਦੇ ਤੌਰ 'ਤੇ ਸਥਾਪਿਤ ਹੋਣ ਦੇ ਦੋ ਮੁੱਖ ਕਾਰਨ ਦੱਸੋ ?
3. 'ਸੋਸ਼ਾਲੋਜੀ' ਸ਼ਬਦ ਕਿਹੜੇ ਸ਼ਬਦਾਂ ਦਾ ਸੰਗਮ ਹੈ । ਇਹ ਵਿਸ਼ਾ ਕਦੋਂ ਹੋਂਦ ਵਿੱਚ ਆਇਆ ?
4. ਸਮਾਜ ਸ਼ਾਸਤਰ ਦੇ ਵਿਸ਼ੇ ਖੇਤਰ ਨਾਲ਼ ਸੰਬੰਧਿਤ ਦੋ ਸਕੂਲਾਂ ਦਾ ਵਰਣਨ ਕਰੋ ?
5. ਉਦਯੋਗੀਕਰਨ ਕੀ ਹੈ ?
6. ਭਾਰਤ ਵਿੱਚ ਸਮਾਜ ਸ਼ਾਸਤਰ ਦੇ ਵਿਕਾਸ ਲਈ ਯਤਨਸ਼ੀਲ ਦੋ ਵਿਚਾਰਕਾਂ ਦੇ ਨਾਮ ਦੱਸੋ।

### ਨਿਮਨਲਿਖਤ ਛੋਟੇ ਪ੍ਰਸ਼ਨਾਂ ਦੇ ਉੱਤਰ 30-35 ਸ਼ਬਦਾਂ ਵਿੱਚ ਦਿਓ।

1. ਸਮਾਜ ਸ਼ਾਸਤਰ ਦਾ ਅਰਥ ਕੀ ਹੈ ?
2. ਉਦਯੋਗਿਕ ਕ੍ਰਾਂਤੀ ਨਾਲ਼ ਆਈਆਂ ਦੋ ਮਹੱਤਵਪੂਰਨ ਤਬਦੀਲੀਆਂ ਬਾਰੇ ਦੱਸੋ ?

3. ਸਕਾਰਾਤਮਕਵਾਦ ਕੀ ਹੈ ?
4. ਵਿਗਿਆਨਕ ਵਿਧੀ ਕੀ ਹੈ ?
5. ਵਸਤੂ ਨਿਸ਼ਠਤਾ ਦੀ ਪਰਿਭਾਸ਼ਾ ਦਿਓ।
6. ਸਮਾਜ ਸ਼ਾਸਤਰ ਦੇ ਖੇਤਰ ਅਤੇ ਵਿਸ਼ਾ ਵਸਤੂ ਦਾ ਵਰਣਨ ਕਰੋ।
7. ਸਮਾਜ ਵਿਗਿਆਨਕ ਵਿਸ਼ਾਂ-ਖੇਤਰ ਦਾ ਅਧਿਐਨ ਕਰਨ ਲਈ ਕਿਹੜੀਆਂ ਵਿਧੀਆਂ ਨੂੰ ਅਪਣਾਉਂਦੇ ਹਨ ?

## ਨਿਮਨਲਿਖਤ ਵੱਡੇ ਪ੍ਰਸ਼ਨਾਂ ਦੇ ਉੱਤਰ 75-85 ਸ਼ਬਦਾਂ ਵਿੱਚ ਦਿਓ।

1. ਸਰੂਪਾਤਮਕ ਸਕੂਲ ਦੀ ਵਿਚਾਰਧਾਰਾ ਮਿਸ਼ਰਤ ਸਕੂਲ ਤੋਂ ਕਿਵੇਂ ਭਿੰਨ ਹੈ ?
2. ਸਮਾਜ ਸ਼ਾਸਤਰ ਦੀ ਮਹੱਤਤਾ ਦੀ ਸੰਖੇਪ ਵਿਆਖਿਆ ਕਰੋ।
3. ਫਰਾਂਸ ਦੀ ਕ੍ਰਾਂਤੀ ਨੇ ਸਮਾਜ ਤੇ ਕਿਵੇਂ ਅਸਰ ਪਾਇਆ ?
4. ਉਦਯੋਗਿਕ ਕ੍ਰਾਂਤੀ ਦਾ ਸਮਾਜ 'ਤੇ ਕਿਹੜੇ ਤਰੀਕੇ ਨਾਲ਼ ਕੀ ਪ੍ਰਭਾਵ ਪਿਆ ?
5. ਸਮਾਜ ਸ਼ਾਸਤਰ ਆਪਣੇ ਵਿਸ਼ਾਂ ਖੇਤਰ ਵਿੱਚ ਵਿਗਿਆਨਕ ਵਿਧੀ ਦਾ ਪ੍ਰਯੋਗ ਕਰਦਾ ਹੈ। ਵਿਆਖਿਆ ਕਰੋ ?

## ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ 250-300 ਸ਼ਬਦਾਂ ਵਿੱਚ ਦਿਓ।

1. ਸਮਾਜ ਸ਼ਾਸਤਰ ਤੋਂ ਕੀ ਭਾਵ ਹੈ ? ਇਸ ਦੇ ਵਿਸ਼ਾਂ ਖੇਤਰ ਦਾ ਵਰਣਨ ਕਰੋ।
2. ਸਮਾਜ ਸ਼ਾਸਤਰ ਤੋਂ ਤੁਸੀਂ ਕੀ ਸਮਝਦੇ ਹੋ ? ਸਮਾਜ ਸ਼ਾਸਤਰ ਦੀ ਪ੍ਰਕਿਰਤੀ ਦਾ ਵਰਣਨ ਕਰੋ ?
3. ਸਮਾਜ ਸ਼ਾਸਤਰ ਦੀ ਉਤਪਤੀ ਲਈ ਕਿਹੜੇ ਕਾਰਨ ਜ਼ੁੰਮੇਵਾਰ ਹਨ ?
4. ਸਮਾਜ ਸ਼ਾਸਤਰ ਦੀ ਉਤਪੱਤੀ ਅਤੇ ਵਿਕਾਸ ਦਾ ਅਧਿਐਨ ਕਿਉਂ ਜ਼ਰੂਰੀ ਹੈ ?
5. ਸਮਾਜ ਸ਼ਾਸਤਰ ਵਿੱਚ ਜਾਗਰਤੀ ਕਾਲ਼ ਦਾ ਵਰਣਨ ਕਰੋ।

ਅਧਿਆਏ 2

# ਸਮਾਜ ਸ਼ਾਸਤਰ ਦਾ ਦੂਜੇ ਸਮਾਜਿਕ ਵਿਗਿਆਨਾਂ ਨਾਲ਼ ਸੰਬੰਧ

## ਮੁੱਖ ਅੰਸ਼

2.1 ਰਾਜਨੀਤੀ ਸ਼ਾਸਤਰ

2.2 ਇਤਿਹਾਸ

2.3 ਅਰਥ ਸ਼ਾਸਤਰ


2.4 ਮਨੋਵਿਗਿਆਨ

2.5 ਮਾਨਵ ਵਿਗਿਆਨ


## ਜਾਣ ਪਛਾਣ

ਇੱਕ ਵਿਅਕਤੀ ਦੇ ਜੀਵਨ ਦੇ ਕਈ ਪੱਖ ਹੁੰਦੇ ਹਨ, ਜਿਵੇਂ ਆਰਥਿਕ ਪੱਖ, ਕਾਨੂੰਨੀ ਪੱਖ, ਧਾਰਮਿਕ ਪੱਖ, ਰਾਜਨੀਤਿਕ ਪੱਖ ਆਦਿ। ਇਸ ਦੇ ਫਲਸਰੂਪ, ਸਮਾਜਿਕ ਜੀਵਨ ਨੂੰ ਸਮੁੱਚੇ ਰੂਪ ਵਿਚ ਜਾਣਨ ਲਈ ਸਮਾਜ ਸ਼ਾਸਤਰ ਨੂੰ ਦੂਜੇ ਸਮਾਜਿਕ ਵਿਗਿਆਨਾਂ ਦੀ ਮਦਦ ਦੀ ਲੋੜ ਹੁੰਦੀ ਹੈ, ਜੋ ਸਮਾਜ ਦੇ ਵਿਸ਼ੇਸ਼ ਪੱਖਾਂ ਤੇ ਧਿਆਨ ਕੇਂਦਰਿਤ ਕਰਦੇ ਹਨ। ਦੂਜੇ ਸਮਾਜਿਕ ਵਿਗਿਆਨ ਜੋ ਮਨੁੱਖੀ ਸਮਾਜ ਦੇ ਵਿਸ਼ੇਸ਼ ਪਹਿਲੂਆਂ ਤੇ ਜ਼ੋਰ ਦਿੰਦੇ ਹਨ, ਦੀ ਮਦਦ ਨਾਲ਼ ਸਮਾਜ ਸ਼ਾਸਤਰ ਸਮਾਜਿਕ ਜੀਵਨ ਨੂੰ ਚੰਗੇ ਢੰਗ ਨਾਲ਼ ਸਮਝ ਸਕਦਾ ਹੈ। ਇਸ ਲਈ ਸਮਾਜ ਸ਼ਾਸਤਰ ਹੀ ਦੂਜੇ ਸਮਾਜਿਕ ਵਿਗਿਆਨਾਂ ਤੇ ਨਿਰਭਰ ਨਹੀਂ ਕਰਦਾ, ਸਗੋਂ ਦੂਜੇ ਸਮਾਜਿਕ ਵਿਗਿਆਨ ਵੀ ਸਮਾਜ ਸ਼ਾਸ਼ਤਰ ਤੇ ਨਿਰਭਰ ਕਰਦੇ ਹਨ।

ਸਮਾਜ ਸ਼ਾਸਤਰ ਅਤੇ ਦੂਜੇ ਸਮਾਜਿਕ ਵਿਗਿਆਨਾਂ ਵਿੱਚ ਬਹੁਤ ਸਮਾਨਤਾਵਾਂ ਹਨ ਅਤੇ ਇੱਥੇ ਸਮਾਜ ਨੂੰ ਸਮਝਣ ਲਈ ਪਰਸਪਰ ਦ੍ਰਿਸ਼ਟੀਕੋਣ ਅਪਣਾਉਣ ਦੀ ਗੱਲ ਕੀਤੀ ਜਾਂਦੀ ਹੈ ਜਿਸ ਨਾਲ਼ ਹਰ ਸਮਾਜਿਕ ਵਿਗਿਆਨ ਨੂੰ ਲਾਭ ਹੋਵੇਗਾ। ਅਗਲੇ ਪੰਨੇ ਤੇ ਦਰਸਾਏ ਚਿੱਤਰਾਂ ਦੀ ਮੱਦਦ ਨਾਲ਼ ਸਮਾਜ ਸ਼ਾਸਤਰ ਅਤੇ ਦੂਜੇ ਸਮਾਜਿਕ ਵਿਗਿਆਨਾਂ ਵਿੱਚ ਅੰਤਰ-ਨਿਰਭਰਤਾ ਅਤੇ ਭਿੰਨਤਾ ਦੀ ਵਿਆਖਿਆ ਨੂੰ ਸਮਝਿਆ ਜਾ ਸਕਦਾ ਹੈ।




## ਸਮਾਜ ਸ਼ਾਸਤਰ ਅਤੇ ਰਾਜਨੀਤੀ ਸ਼ਾਸਤਰ :






ਸਮਾਜ ਸ਼ਾਸਤਰ ਦਾ ਰਾਜਨੀਤੀ ਸ਼ਾਸਤਰ ਨਾਲ਼ ਗਹਿਰਾ ਸੰਬੰਧ ਹੈ। ਸਮਾਜ ਸ਼ਾਸਤਰ ਸਮਾਜ ਦਾ ਵਿਗਿਆਨ ਹੈ। ਇਹ ਮਨੁੱਖੀ ਅੰਤਰ ਕਿਰਿਆਵਾਂ ਅਤੇ ਅੰਤਰ-ਸੰਬੰਧਾਂ, ਉਨਾਂ ਦੀ ਅਵਸਥਾ/ਦਸ਼ਾ ਕਾਰਨ ਅਤੇ ਪਰਿਣਾਮਾ ਦਾ ਅਧਿਐਨ ਕਰਦਾ ਹੈ। ਦੂਜੇ ਪਾਸੇ ਰਾਜਨੀਤੀ ਸ਼ਾਸਤਰ, ਰਾਜ ਅਤੇ ਸਰਕਾਰ ਦਾ ਵਿਗਿਆਨ ਹੈ। ਇਹ ਰਾਜ ਦੀ ਪ੍ਰਭੁਸੱਤਾ ਦੇ ਅੰਤਰਗਤ/ਅਧੀਨ ਸੰਗਠਤ ਸਮਾਜਿਕ ਸਮੂਹਾਂ ਨਾਲ਼ ਸੰਬੰਧਿਤ ਹੈ। ਇਹ ਸਮਾਜਿਕ ਸਮੂਹਾਂ ਨਾਲ਼ ਸੰਬੰਧਿਤ ਹੈ ਜੋ ਰਾਜ ਦੀ ਸਰਬ ਸੱਤਾਧਾਰੀ ਸ਼ਕਤੀ ਅਧੀਨ ਸੰਗਠਿਤ ਹੈ। ਵਿਸ਼ੇਸ਼ ਤੌਰ ਤੇ ਇਹ ਰਾਜਨੀਤਿਕ ਪ੍ਰਕਿਰਿਆਵਾਂ, ਰਾਜਨੀਤਿਕ ਪ੍ਰਣਾਲੀਆਂ , ਸਰਕਾਰ ਦੀਆਂ ਕਿਸਮਾਂ ਅਤੇ ਅੰਤਰਰਾਸ਼ਟਰੀ ਸੰਬੰਧਾਂ ਦਾ ਅਧਿਐਨ ਕਰਦਾ ਹੈ।

ਮੋਰਿਸ ਜਿਨਸਬਰਗ ਦੇ ਅਨੁਸਾਰ ਇਤਿਹਾਸਕ ਤੌਰ ਤੇ ਸਮਾਜ ਸ਼ਾਸਤਰ ਦੀਆਂ ਜੜਾਂ ਰਾਜਨੀਤੀ ਅਤੇ ਇਤਿਹਾਸ ਦੇ ਦਰਸ਼ਨ (ਫਿਲਾਸਫੀ) ਵਿੱਚ ਹਨ। ਇਸ ਕਾਰਨ ਸਮਾਜ ਸ਼ਾਸਤਰ, ਰਾਜਨੀਤੀ ਸ਼ਾਸਤਰ ’ਤੇ ਨਿਰਭਰ ਕਰਦਾ ਹੈ, ਹਰ ਸਮਾਜਿਕ ਸਮੱਸਿਆ ਦਾ ਕਾਰਨ ਰਾਜਨੀਤਿਕ ਨਹੀਂ ਹੁੰਦਾ ਪਰ ਰਾਜਨੀਤੀ ਵਿਵਸਥਾ ਜਾਂ ਸੰਰਚਨਾ ਦੀ ਪ੍ਰਕਿਰਤੀ ਵਿਚ ਕਿਸੇ ਤਰ੍ਹਾਂ ਦਾ ਕੋਈ ਵੀ ਪਰਿਵਰਤਨ ਸਮਾਜ ਵਿੱਚ ਪਰਿਵਰਤਨ ਲਿਆਉਂਦਾ ਹੈ। ਕਈ ਰਾਜਨੀਤਿਕ ਘਟਨਾਵਾਂ ਨੂੰ ਸਮਝਣ ਲਈ ਸਮਾਜ ਸ਼ਾਸਤਰ ਰਾਜਨੀਤੀ ਸ਼ਾਸਤਰ ਦੀ ਮਦਦ ਲੈਂਦਾ ਹੈ। ਇਸੇ ਤਰ੍ਹਾਂ ਰਾਜਨੀਤੀ ਵਿਗਿਆਨ ਵੀ ਸਮਾਜ ਸ਼ਾਸਤਰ ਤੇ ਨਿਰਭਰ ਕਰਦਾ ਹੈ। ਰਾਜ ਆਪਣੇ ਨਿਯਮ, ’ਤੇ ਕਾਨੂੰਨ ਬਣਾਉਂਦਾ ਹੈ ਜੋ ਸਮਾਜਿਕ ਰੀਤੀ ਰਿਵਾਜ, ਪ੍ਰਥਾਵਾਂ ਅਤੇ ਕਦਰਾਂ-ਕੀਮਤਾਂ ’ਤੇ ਅਧਾਰਿਤ ਹੁੰਦੇ ਹਨ। ਇਸ ਤਰ੍ਹਾਂ ਸਮਾਜਿਕ ਪਿਛੋਕੜ ਤੋਂ ਬਿਨਾਂ ਰਾਜਨੀਤੀ ਵਿਗਿਆਨ ਦਾ ਅਧਿਐਨ ਅਧੂਰਾ ਹੈ। ਸਾਰੀਆਂ ਰਾਜਨੀਤਿਕ ਸਮੱਸਿਆਵਾਂ ਦਾ ਸਮਾਜਿਕ ਕਾਰਨ ਹੈ ਅਤੇ ਇਹਨਾਂ ਰਾਜਨੀਤਿਕ ਸਮੱਸਿਆਵਾਂ ਦਾ ਹੱਲ ਸਮਾਜ ਸ਼ਾਸਤਰ ਰਾਜਨੀਤੀ ਵਿਗਿਆਨ ਦੀ ਮਦਦ ਨਾਲ ਕਰਦਾ ਹੈ।

ਇਸ ਤੋਂ ਬਿਨਾਂ ਕੁਝ ਸਾਂਝੇ ਵਿਸ਼ਾ-ਵਸਤੂ ਸੰਬੰਧੀ ਅਧਿਐਨ ਦੋਨਾਂ ਹੀ ਵਿਸ਼ਿਆਂ ਵਿੱਚ ਕੀਤਾ ਜਾਂਦਾ ਹੈ ਜਿਵੇਂ ਯੁੱਧ, ਪ੍ਰਚਾਰ, ਸੱਤਾ, ਸਮੁਦਾਇਕ ਦੰਗਾ ਫਸਾਦ, ਕਾਨੂੰਨ ਆਦਿ। ਦੋਹਾਂ ਵਿਸ਼ਿਆਂ ਦੇ ਜੋੜ ਨਾਲ਼ ਅਧਿਐਨ ਦਾ ਨਵਾਂ ਵਿਸ਼ਾ ਜਿਸ ਨੂੰ ‘ਰਾਜਨੀਤਿਕ ਸਮਾਜ ਸ਼ਾਸਤਰ’ ਕਹਿੰਦੇ ਹਾਂ ਸਾਹਮਣੇ ਆਇਆ ਹੈ। ਇਸ ਤਰ੍ਹਾਂ ਰਾਜਨੀਤੀ ਵਿਗਿਆਨ ਅਤੇ ਸਮਾਜ ਸ਼ਾਸਤਰ ਇੱਕ ਦੂਜੇ ਤੇ ਨਿਰਭਰ ਕਰਦੇ ਹਨ।


ਦੋਵੇਂ ਵਿਸ਼ੇ ਅੰਤਰ-ਸੰਬੰਧਿਤ ਅਤੇ ਅੰਤਰ-ਨਿਰਭਰ ਹੋਣ ਦੇ ਬਾਵਜੂਦ ਨਿਮਨ ਆਧਾਰ ਤੇ ਇੱਕ ਦੂਜੇ ਤੋਂ ਭਿੰਨ ਹਨ।


## ਭਿੰਨਤਾ

| ਸਮਾਜ ਸ਼ਾਸਤਰ | ਰਾਜਨੀਤੀ ਸ਼ਾਸਤਰ |
| --- | --- |
| • ਸਮਾਜ ਸ਼ਾਸਤਰ ਸਮਾਜ ਦਾ ਅਤੇ ਸਮਾਜਿਕ ਸੰਬੰਧਾਂ ਦਾ ਵਿਗਿਆਨ ਹੈ। | • ਰਾਜਨੀਤੀ ਸ਼ਾਸਤਰ ਰਾਜ ਅਤੇ ਸਰਕਾਰ ਦਾ ਵਿਗਿਆਨ ਹੈ। |
| • ਸਮਾਜ ਸ਼ਾਸਤਰ ਦਾ ਵਿਸ਼ਾ ਖੇਤਰ ਵਿਸ਼ਾਲ ਹੈ। | • ਰਾਜਨੀਤੀ ਸ਼ਾਸਤਰ ਦਾ ਵਿਸ਼ਾ ਖੇਤਰ ਸੀਮਿਤ ਹੈ। |
| • ਸਮਾਜ ਸ਼ਾਸਤਰ ਆਮ ਵਿਗਿਆਨ ਹੈ। | • ਰਾਜਨੀਤੀ ਸ਼ਾਸਤਰ ਵਿਸ਼ੇਸ਼ ਵਿਗਿਆਨ ਹੈ। |
| • ਸਮਾਜ ਸ਼ਾਸਤਰ ਸੰਗਠਿਤ, ਅਸੰਗਠਿਤ ਅਤੇ ਗ਼ੈਰ-ਸੰਗਠਿਤ ਸਮਾਜਾਂ ਦਾ ਅਧਿਐਨ ਹੈ। | • ਰਾਜਨੀਤੀ ਸ਼ਾਸਤਰ ਰਾਜਨੀਤਿਕ ਰੂਪ ਵਿੱਚ ਸੰਗਠਿਤ ਸਮਾਜਾਂ ਦਾ ਅਧਿਐਨ ਹੈ। |
| • ਸਮਾਜ ਸ਼ਾਸਤਰ ਮਨੁੱਖ ਦੀਆਂ ਸਮਾਜਿਕ ਕਿਰਿਆਵਾਂ ਦਾ ਅਧਿਐਨ ਕਰਦਾ ਹੈ। | • ਰਾਜਨੀਤੀ ਸ਼ਾਸਤਰ ਮਨੁੱਖ ਦੀਆਂ ਰਾਜਨੀਤਿਕ ਕਿਰਿਆਵਾਂ ਦਾ ਅਧਿਐਨ ਕਰਦਾ ਹੈ। |
| • ਸਮਾਜ ਸ਼ਾਸਤਰ ਨਵਾਂ ਵਿਗਿਆਨ ਹੈ। | • ਰਾਜਨੀਤੀ ਸ਼ਾਸਤਰ ਪੁਰਾਣਾ ਵਿਗਿਆਨ ਹੈ। |
| • ਸਮਾਜ ਸ਼ਾਸਤਰ ਮਨੁੱਖ ਦਾ ਸਮਾਜਿਕ ਪ੍ਰਾਣੀ ਦੇ ਰੂਪ ਵਿੱਚ ਅਧਿਐਨ ਕਰਦਾ ਹੈ। | • ਰਾਜਨੀਤੀ ਸ਼ਾਸਤਰ ਮਨੁੱਖ ਨੂੰ ਰਾਜਨੀਤਿਕ ਪ੍ਰਾਣੀ ਦੇ ਰੂਪ ਵਿੱਚ ਅਧਿਐਨ ਕਰਦਾ ਹੈ। |
| • ਸਮਾਜ ਸ਼ਾਸਤਰ ਰਸਮੀ ਅਤੇ ਗ਼ੈਰ-ਰਸਮੀ, ਦੋਹਾਂ ਤਰ੍ਹਾਂ ਦੇ ਸੰਬੰਧਾਂ ਦਾ ਅਧਿਐਨ ਕਰਦਾ ਹੈ। | • ਰਾਜਨੀਤੀ ਸ਼ਾਸਤਰ ਕੇਵਲ ਰਸਮੀ ਸੰਬੰਧਾਂ ਦਾ ਅਧਿਐਨ ਕਰਦਾ ਹੈ। |
| • ਸਮਾਜ ਸ਼ਾਸਤਰ ਮਨੁੱਖ ਦੀਆਂ ਚੇਤਨ ਅਤੇ ਅਚੇਤਨ ਕਿਰਿਆਵਾਂ ਦਾ ਅਧਿਐਨ ਕਰਦਾ ਹੈ। | • ਰਾਜਨੀਤੀ ਸ਼ਾਸਤਰ ਮਨੁੱਖ ਦੀਆਂ ਚੇਤਨ ਕਿਰਿਆਵਾਂ ਦਾ ਅਧਿਐਨ ਕਰਦਾ ਹੈ। |

| | |
|---|---|
| • ਸਮਾਜ ਸ਼ਾਸਤਰ ਸਾਰੀਆਂ ਸਭਾਵਾਂ ਨਾਲ਼ ਸੰਬੰਧਿਤ ਹੈ। | • ਰਾਜਨੀਤੀ ਸ਼ਾਸਤਰ ਸਿਰਫ਼ ਇੱਕ ਸਭਾ ਵਿਸ਼ੇਸ਼ ਰੂਪ ਵਿੱਚ ਰਾਜ ਨਾਲ਼ ਸੰਬੰਧਿਤ ਹੈ। |

## ਸਮਾਜ ਸ਼ਾਸਤਰ ਅਤੇ ਇਤਿਹਾਸ




## ਸਮਾਜ ਸ਼ਾਸਤਰ ਅਤੇ ਇਤਿਹਾਸ

ਇਤਿਹਾਸ ਗਿਆਨ ਦੀ ਉਹ ਸ਼ਾਖਾ ਹੈ ਜੋ ਪੂਰਵਕਾਲ਼ ਦੀਆਂ ਘਟਨਾਵਾਂ ਨਾਲ ਸੰਬੰਧਿਤ ਹੈ। ਇਹ ਤਿੱਥੀਆਂ, ਸਥਾਨਾਂ, ਘਟਨਾਵਾਂ ਅਤੇ ਸੰਘਰਸ਼ ਦਾ ਅਧਿਐਨ ਹੈ। ਇਹ ਮੁੱਖ ਰੂਪ ਵਿੱਚ ਪੂਰਵਕਾਲ਼ ਦੀਆਂ ਘਟਨਾਵਾਂ ਨਾਲ਼ ਸੰਬੰਧਿਤ ਹੈ ਅਤੇ ਇਹ ਜਾਣਨ ਦਾ ਜਤਨ ਕਰਦਾ ਹੈ ਕਿ ਇਹ, ਸਮੁੱਚੇ ਸਮਾਜ ਨੂੰ ਕਿਵੇਂ ਪ੍ਰਭਾਵਿਤ ਕਰਦੀਆ ਹਨ। ਉਦਾਹਰਨ ਦੇ ਲਈ 1947 ਦੀ ਭਾਰਤ ਦੀ ਵੰਡ ਸਮੇਂ ਲੋਕਾਂ ਦਾ ਪਰਸਪਰ ਵਿਵਹਾਰ ਸੱਭਿਆਚਾਰ ਕਿਵੇਂ ਪ੍ਰਭਾਵਿਤ ਹੋਇਆ ਆਦਿ। ਇਸ ਕਰਕੇ ਇਹ ਕਿਹਾ ਜਾਂਦਾ ਹੈ ਇਤਿਹਾਸ ਪੂਰਵਕਾਲ ਦੀ ਸੂਖਮ, ਦਰਸ਼ੀ ਵਰਤਮਾਨ ਦੀ ਕੁੰਡਲੀ ਅਤੇ ਭਵਿੱਖ ਦੀ ਦੂਰਬੀਨ ਹੈ।

ਦੂਜੇ ਪਾਸੇ ਸਮਾਜ ਸ਼ਾਸਤਰ ਸਮਾਜਿਕ ਕਿਰਿਆਵਾਂ ਦੀ ਪ੍ਰਣਾਲੀ ਅਤੇ ਪਰਸਪਰ-ਸੰਬੰਧਾਂ ਦੀ ਵਿਵਸਥਾ ਦਾ ਅਧਿਐਨ ਹੈ। ਇਹ ਸਮਾਜਿਕ ਸਮੂਹਾਂ ਅਤੇ ਸਮਾਜਿਕ ਸੰਸਥਾਵਾਂ ਦਾ ਵਿਗਿਆਨ ਹੈ। ਇਹ ਸਿਰਫ਼ ਪੂਰਵਕਾਲ਼ ਦਾ ਹੀ ਅਧਿਐਨ ਨਹੀਂ ਕਰਦਾ ਬਲਕਿ ਵਰਤਮਾਨ ਅਤੇ ਭਵਿੱਖ ਨਾਲ਼ ਸੰਬੰਧਿਤ ਰਿਸ਼ਤਿਆਂ ਦਾ ਵੀ ਅਧਿਐਨ ਕਰਦਾ ਹੈ।

ਦੋਵੇਂ ਵਿਸ਼ੇ ਇੱਕ ਦੂਜੇ ਨਾਲ਼ ਪਰਸਪਰ ਸੰਬੰਧਿਤ ਹਨ ਅਤੇ ਇੱਕ ਦੂਜੇ ਤੇ ਨਿਰਭਰ ਕਰਦੇ ਹਨ। ਦੋਵੇਂ ਮਨੁੱਖੀ ਸਮਾਜ ਦਾ ਅਧਿਐਨ ਕਰਦੇ ਹਨ। ਇਤਿਹਾਸ ਸਮਾਜ ਸ਼ਾਸਤਰ ਦੀ ਸਹਾਇਤਾ ਕਰਦਾ ਹੈ ਅਤੇ ਉਸਦਾ ਵਿਸਥਾਰ ਕਰਦਾ ਹੈ। ਇਤਿਹਾਸ ਗਿਆਨ ਦਾ ਖ਼ਜ਼ਾਨਾ ਹੈ ਜਿਸ ਤੋਂ ਸਮਾਜ ਸ਼ਾਸਤਰ ਨੇ ਬਹੁਤ ਕੁਝ ਪ੍ਰਾਪਤ ਕੀਤਾ ਹੈ। ਇਤਿਹਾਸ ਸਮੱਗਰੀ ਪ੍ਰਦਾਨ ਕਰਦਾ ਹੈ ਜਿਸ ਦਾ ਸਮਾਜ ਸ਼ਾਸਤਰੀਆਂ ਦੁਆਰਾ ਪ੍ਰਯੋਗ ਕੀਤਾ ਜਾਂਦਾ ਹੈ। ਇਤਿਹਾਸ ਭੂਤਕਾਲ ਦੀਆਂ ਸਮਾਜਿਕ ਘਟਨਾਵਾਂ, ਸਮਾਜਿਕ ਰੀਤੀ ਰਿਵਾਜ਼ਾਂ ਅਤੇ ਜੀਵਨ ਦੇ ਭਿੰਨ-ਭਿੰਨ ਪੱਧਰਾਂ ਦੀ ਜਾਣਕਾਰੀ ਦਿੰਦਾ ਹੈ ਅਤੇ ਸਮਾਜ ਸ਼ਾਸਤਰ ਇਸ ਜਾਣਕਾਰੀ ਦਾ ਪ੍ਰਯੋਗ ਕਰਦਾ ਹੈ। ਇਸ ਤਰ੍ਹਾਂ ਸਮਾਜ ਸ਼ਾਸਤਰ ਇਤਿਹਾਸ ਦੀ ਮਦਦ ਕਰਦਾ ਹੈ ਅਤੇ ਇਸ ਨੂੰ ਸਮੱਰਥ ਬਣਾਉਂਦਾ ਹੈ। ਇਤਿਹਾਸਕਾਰ ਸਮਾਜ ਸ਼ਾਸਤਰੀਆਂ ਦੇ ਕੀਤੇ ਹੋਏ ਖੋਜ ਕਾਰਜਾਂ ਤੋਂ ਲਾਭ ਲੈਂਦੇ ਹਨ। ਸਮਾਜ ਸ਼ਾਸਤਰ ਇਤਿਹਾਸ ਦੇ ਅਧਿਐਨ ਲਈ ਸਮਾਜ ਦਾ ਪਿਛੋਕੜ ਪ੍ਰਦਾਨ ਕਰਦਾ ਹੈ। ਉਦਾਹਰਨ ਦੇ ਲਈ ਇਤਿਹਾਸਕਾਰ, ਸਮਾਜ ਸ਼ਾਸਤਰ ਦੇ ਅੰਕੜਿਆਂ ਦੀ ਮਦਦ ਨਾਲ ਜਾਤੀ, ਵਰਗ ਅਤੇ ਪਰਿਵਾਰ ਦਾ ਅਧਿਐਨ ਕਰਦੇ ਹਨ।

ਇਸ ਤਰ੍ਹਾਂ ਇਤਿਹਾਸ, ਸਮਾਜ ਦਾ ਸਮਾਜ ਸ਼ਾਸਤਰੀ ਪੱਖ ਤੋਂ ਅਧਿਐਨ ਕਰਦਾ ਹੈ। ਹਰ ਇਤਿਹਾਸਿਕ ਘਟਨਾ ਦਾ ਸਮਾਜਿਕ ਕਾਰਨ ਜਾ ਸਮਾਜਿਕ ਪਿਛੋਕੜ ਹੁੰਦਾ ਹੈ। ਕਿਸੇ ਇਤਿਹਾਸਕ ਘਟਣਾ ਨੂੰ ਸਮਝਣ ਦੇ ਲਈ ਇਤਿਹਾਸ ਨੂੰ ਸਮਾਜ ਸ਼ਾਸਤਰ ਦੀ ਮਦਦ ਦੀ ਲੋੜ ਹੁੰਦੀ ਹੈ। ਸਮਾਜ ਸ਼ਾਸਤਰ ਅਤੇ ਇਤਿਹਾਸ ਦੇ ਵਿਚਕਾਰਲੇ ਸੰਬੰਧਾਂ ਨੂੰ ਹੇਠ ਲਿਖੇ ਅਧਾਰ 'ਤੇ ਸਮਝਿਆ ਜਾ ਸਕਦਾ ਹੈ :

- ਸਮਾਜ ਸ਼ਾਸਤਰ ਵਰਤਮਾਨ ਸਮੇਂ ਦੇ ਅਧਿਐਨ ਦੇ ਲਈ ਇਤਿਹਾਸ ਦੀ ਮਦਦ ਲੈਂਦਾ ਹੈ।
- ਸੱਭਿਆਚਾਰ, ਪਰੰਪਰਾਵਾਂ, ਸਮਾਜਿਕ ਅੰਦੋਲਨ ਸਮਾਜਿਕ ਤਬਦੀਲੀ ਦੀ ਇਤਿਹਾਸਿਕ ਹੋਂਦ ਅਤੇ ਸਮਾਜਿਕ ਸੰਸਥਾਵਾਂ ਜਿਵੇਂ ਪਰਿਵਾਰ, ਵਿਆਹ, ਧਰਮ ਆਦਿ ਦਾ ਪਿਛੋਕੜ ਉਨਾਂ ਦੀ ਵਰਤਮਾਨ ਸਥਿਤੀ ਨੂੰ ਸਮਝਣ ਵਿੱਚ ਮਦਦ ਕਰਦਾ ਹੈ।
- ਸਮਾਜ ਸ਼ਾਸਤਰੀ ਖੋਜ ਵਿੱਚ ਇਤਿਹਾਸਿਕ ਵਿਧੀ ਕਾਫ਼ੀ ਹੱਦ ਤੱਕ ਅਨੁਕੂਲ ਅਤੇ ਮਹੱਤਵਪੂਰਨ ਹੈ।


- ਇਤਿਹਾਸ ਕੇਵਲ ਇਤਿਹਾਸਿਕ ਘਟਨਾਵਾਂ ਤੱਕ ਸੀਮਤ ਨਹੀਂ ਹੈ ਬਲਕਿ ਵਰਤਮਾਨ ਘਟਨਾਵਾਂ ਨੂੰ ਵੀ ਆਪਣੇ ਖੇਤਰ ਵਿੱਚ ਸ਼ਾਮਿਲ ਕਰਦਾ ਹੈ, ਇਸੇ ਤਰ੍ਹਾਂ ਸਮਾਜ ਸ਼ਾਸਤਰ ਇਤਿਹਾਸਿਕ ਘਟਨਾਵਾਂ ਦਾ ਅਧਿਐਨ ਕਰਦਾ ਹੈ।


ਸਮਾਜ ਸ਼ਾਸਤਰ ਅਤੇ ਇਤਿਹਾਸ ਦਾ ਨੇੜਲਾ ਸੰਬੰਧ ਹੋਣ ਦੇ ਬਾਵਜੂਦ ਦੋਵਾਂ ਸਮਾਜਿਕ ਵਿਗਿਆਨਾਂ ਵਿੱਚ ਭਿੰਨਤਾ ਵੀ ਹੈ।

## ਭਿੰਨਤਾ

| ਸਮਾਜ ਸ਼ਾਸਤਰ | ਇਤਿਹਾਸ |
|---|---|
| • ਸਮਾਜ ਸ਼ਾਸਤਰ ਸਮਾਜ ਦਾ ਵਿਗਿਆਨ ਹੈ ਅਤੇ ਇਸ ਦਾ ਸੰਬੰਧ ਵਰਤਮਾਨ ਸਮਾਜ ਨਾਲ਼ ਹੈ। | • ਇਤਿਹਾਸ ਭੂਤਕਾਲ਼ ਦੀਆਂ ਘਟਨਾਵਾਂ ਨਾਲ਼ ਸੰਬੰਧਿਤ ਹੈ ਅਤੇ ਪੁਰਾਤਨ ਸਮਾਜ ਦਾ ਅਧਿਐਨ ਕਰਦਾ ਹੈ। |
| • ਸਮਾਜ ਸ਼ਾਸਤਰ ਇਕ ਆਧੁਨਿਕ ਜਾਂ ਨਵਾਂ ਵਿਸ਼ਾ ਹੈ। | • ਇਤਿਹਾਸ ਇੱਕ ਪ੍ਰਾਚੀਨ ਸਮਾਜਿਕ ਵਿਗਿਆਨ ਹੈ। |
| • ਸਮਾਜ ਸ਼ਾਸਤਰ ਅਮੂਰਤ ਹੈ। | • ਇਤਿਹਾਸ ਦੀ ਪ੍ਰਕਿਰਤੀ ਮੂਰਤ ਹੈ। |
| • ਸਮਾਜ ਸ਼ਾਸਤਰ ਦਾ ਵਿਸ਼ਾ ਖੇਤਰ ਵਿਸ਼ਾਲ ਹੈ। | • ਇਤਿਹਾਸ ਦਾ ਵਿਸ਼ਾ ਖੇਤਰ ਸੀਮਿਤ ਹੈ। |
| • ਸਮਾਜ ਸ਼ਾਸਤਰ ਇੱਕ ਵਿਸ਼ਲੇਸ਼ਣਾਤਮਕ ਵਿਗਿਆਨ ਹੈ। | • ਇਤਿਹਾਸ ਇੱਕ ਵਿਆਖਿਆਤਮਕ ਵਿਗਿਆਨ ਹੈ। |
| • ਸਮਾਜ ਸ਼ਾਸਤਰ ਸਮਾਜਿਕ ਘਟਨਾਵਾਂ ਦਾ ਇੱਕ ਵਿਸ਼ਿਸਟ ਰੂਪ ਵਿੱਚ ਅਧਿਐਨ ਕਰਦਾ ਹੈ। | • ਇਤਿਹਾਸ ਇੱਕ ਵਿਸ਼ੇਸ਼ ਘਟਨਾ ਦਾ ਉਸਦੀ ਸੰਪੂਰਨਤਾ ਨਾਲ਼ ਅਧਿਐਨ ਕਰਦਾ ਹੈ। |
| • ਸਮਾਜ ਸ਼ਾਸਤਰ ਇੱਕ ਸਾਧਾਰਨ ਵਿਗਿਆਨ ਹੈ। | • ਇਤਿਹਾਸ ਇਕ ਵਿਸ਼ੇਸ਼ ਵਿਗਿਆਨ ਹੈ। |

## ਸਮਾਜ ਸ਼ਾਸਤਰ ਅਤੇ ਅਰਥ ਸ਼ਾਸਤਰ






ਸਮਾਜ ਸ਼ਾਸਤਰ ਦਾ ਅਰਥ ਸ਼ਾਸਤਰ ਨਾਲ਼ ਵੀ ਗੂੜ੍ਹਾ ਰਿਸ਼ਤਾ ਹੈ । ਆਰਥਿਕ ਸੰਬੰਧਾਂ ਵਿੱਚ ਸਮਾਜਿਕ ਗਤੀਵਿਧੀਆਂ ਅਤੇ ਸਮਾਜਿਕ ਸੰਬੰਧ ਸ਼ਾਮਿਲ ਹੁੰਦੇ ਹਨ ਅਤੇ ਇਸ ਤਰ੍ਹਾਂ ਆਰਥਿਕ ਕਿਰਿਆਵਾਂ, ਬਹੁਤ ਹੱਦ ਤੱਕ ਸਮਾਜਿਕ ਕਿਰਿਆਵਾਂ ਹੁੰਦੀਆਂ ਹਨ। ਇਸ ਤਰ੍ਹਾਂ ਸਮਾਜਿਕ ਸੰਬੰਧ ਵੀ ਆਰਥਿਕ ਸੰਬੰਧਾਂ ਤੋਂ ਪ੍ਰਵਾਭਿਤ ਹੁੰਦੇ ਹਨ। ਇਸ ਲਈ ਦੋਵੇਂ ਵਿਸ਼ੇ ਆਪਸ ਵਿੱਚ ਅੰਤਰ ਸਬੰਧਿਤ ਹਨ।

ਸਮਾਜ ਸ਼ਾਸਤਰ ਸਮਾਜ ਦਾ ਵਿਗਿਆਨ ਹੈ ਇਸ ਲਈ ਇਹ ਮਨੁੱਖੀ ਸਾਂਝ 'ਤੇ ਜ਼ੋਰ ਦਿੰਦਾ ਹੈ। ਅਰਥ ਸ਼ਾਸਤਰ ਮਨੁੱਖ ਦੀਆਂ ਆਰਥਿਕ ਕਿਰਿਆਵਾਂ ਨਾਲ਼ ਸੰਬੰਧਿਤ ਹੈ। ਅਰਥ ਸ਼ਾਸਤਰ ਧਨ ਦਾ ਵਿਗਿਆਨ ਹੈ ਅਤੇ ਇਹ ਤਰਕ ਅਧਾਰਤ ਹੈ ਇਸ ਲਈ ਇਹ ਦੁਰਲੱਭ ਸਾਧਨਾ ਦੇ ਸਹੀ ਪ੍ਰਬੰਧ ਅਤੇ ਸਹੀ ਪ੍ਰਯੋਗ 'ਤੇ ਜ਼ੋਰ ਦਿੰਦਾ ਹੈ। ਲਿਉਨੇਲ ਰੋਬਿੰਨਸ ਦੇ ਅਨੁਸਾਰ "ਅਰਥ ਸ਼ਾਸਤਰ ਅਜਿਹਾ ਸਮਾਜ ਵਿਗਿਆਨ ਹੈ ਜੋ ਮਨੁੱਖ ਦੇ ਵਿਵਹਾਰਾਂ ਦਾ ਉਹਨਾਂ ਦੇ ਉਦੇਸ਼ਾਂ ਅਤੇ ਦੁਰਲੱਭ ਸਾਧਨਾਂ ਵਿਚਲੇ ਸੰਬੰਧਾਂ ਦਾ ਅਧਿਐਨ ਕਰਦਾ ਹੈ। ਇਹ ਉਤਪਾਦਨ, ਉਪਭੋਗ, ਵੰਡ ਅਤੇ ਵਟਾਂਦਰੇ ਵਰਗੀਆਂ ਗਤੀਵਿਧੀਆਂ ਨੂੰ ਵਾਚਦਾ ਹੈ। ਇਹ ਵੱਖ-ਵੱਖ ਆਰਥਿਕ ਸੰਗਠਨਾਂ ਦੀ ਸੰਰਚਨਾ ਤੇ ਕਾਰਜਸ਼ੀਲਤਾ ਦਾ ਅਧਿਐਨ ਕਰਦਾ ਹੈ ਜਿਵੇਂ ਬੈਂਕ, ਬਜ਼ਾਰ ਆਦਿ।"

ਇਹ ਮਨੁੱਖਾਂ ਦੀਆਂ ਪਦਾਰਥਕ ਲੋੜਾਂ ਦਾ ਅਧਿਐਨ ਕਰਦਾ ਹੈ, ਨਾਲ਼ ਦੀ ਨਾਲ਼ ਪਦਾਰਥਕ ਕਲਿਆਣ ਨਾਲ਼ ਵੀ ਸੰਬੰਧਿਤ ਹੈ। ਦੋਵਾਂ ਦੇ ਅਧਿਐਨ ਖੇਤਰ ਵੱਖਰੇ ਹਨ। ਇਸ ਦੇ ਬਾਵਜੂਦ ਦੋਵਾਂ ਵਿਸ਼ਿਆਂ ਵਿੱਚ ਬਹੁਤ ਹੀ ਨੇੜਤਾ ਹੈ। ਦੋਵੇਂ ਹੀ ਅੰਤਰ ਸੰਬੰਧਿਤ ਅਤੇ ਅੰਤਰ ਨਿਰਭਰ ਹਨ। ਅਸਲ ਵਿੱਚ ਅਰਥ ਸ਼ਾਸਤਰ ਦੀ ਵੱਖਰੀ ਹੋਂਦ ਹੈ ਪਰ ਇਹ ਸਮਾਜ ਸ਼ਾਸਤਰ ਦੀ ਇੱਕ ਸ਼ਾਖਾ ਹੈ। ਇਹਨਾਂ ਦੇ ਆਪਸੀ ਸੰਬੰਧ ਨਿਮਨਲਿਖਤ ਹਨ :

- ਅਰਥ ਸ਼ਾਸਤਰ ਸਮਾਜ ਦੇ ਆਰਥਿਕ ਪੱਖ ਨੂੰ ਸਮਝਣ ਲਈ ਸਮਾਜ ਸ਼ਾਸਤਰ ਦੀ ਮਦੱਦ ਲੈਂਦਾ ਹੈ ਅਤੇ ਉਸ ਤੇ ਨਿਰਭਰ ਕਰਦਾ ਹੈ।

- ਅਰਥ ਸ਼ਾਸਤਰ ਸਮਾਜ ਸ਼ਾਸਤਰ ਦਾ ਇੱਕ ਹਿੱਸਾ ਹੈ ਅਤੇ ਸਮਾਜ ਸ਼ਾਸਤਰ ਦੀ ਮੱਦਦ ਲਏ ਬਿਨ੍ਹਾਂ ਇਸ ਨੂੰ ਪੂਰੀ ਤਰਾਂ ਨਾਲ ਨਹੀਂ ਸਮਝ ਸਕਦਾ ਹੈ।
- ਅਰਥ ਸ਼ਾਸਤਰ ਮਨੁੱਖ ਦੇ ਭੌਤਿਕ ਕਲਿਆਣ ਨਾਲ਼ ਸੰਬੰਧਿਤ ਹੈ ਜੋ ਸਮਾਜਿਕ ਕਲਿਆਣ ਦਾ ਇੱਕ ਹਿੱਸਾ ਹੈ।
- ਧਨ ਦੇ ਫੈਲਾਅ, ਗ਼ਰੀਬੀ, ਬੇਰੁਜ਼ਗਾਰੀ ਵਰਗੀਆਂ ਆਰਥਿਕ ਸਮੱਸਿਆਵਾਂ ਦੇ ਹੱਲ ਲਈ ਅਰਥ ਸ਼ਾਸਤਰ, ਇਕ ਖ਼ਾਸ ਸਮੇਂ ਵਾਪਰੀਆਂ ਸਮਾਜਿਕ ਘਟਨਾਵਾਂ ਨੂੰ ਸਮਝਣ ਲਈ ਸਮਾਜ ਸ਼ਾਸਤਰ ਦੀ ਮਦਦ ਲੈਂਦਾ ਹੈ। ਉਸੇ ਸਮੇਂ ਸਮਾਜ ਵਿਅਕਤੀ ਦੀਆਂ ਆਰਥਿਕ ਗਤੀਵਿਧੀਆਂ ਨੂੰ ਨਿਯੰਤਰਿਤ ਕਰਦਾ ਹੈ।
- ਅਰਥ ਸ਼ਾਸਤਰ, ਸਮਾਜ ਸ਼ਾਸਤਰੀ ਗਿਆਨ ਵਿੱਚ ਵਾਧਾ ਕਰਦਾ ਹੈ। ਆਰਥਿਕ ਕਾਰਨ ਸਮਾਜਿਕ ਜੀਵਨ ਦੇ ਸਾਰੇ ਪੱਖਾਂ ਨੂੰ ਵਿਆਪਕ ਪੱਧਰ ਤੇ ਪ੍ਰਭਾਵਿਤ ਕਰਦੇ ਹਨ। ਅਰਥ ਸ਼ਾਸਤਰ ਸਮਾਜ ਦਾ ਇੱਕ ਹਿੱਸਾ ਹੈ ਅਤੇ ਅਰਥ ਸ਼ਾਸਤਰ ਦੀ ਮਦਦ ਤੋਂ ਬਿਨਾਂ ਅਸੀਂ ਸਮਾਜ ਨੂੰ ਉੱਚਿਤ ਢੰਗ ਨਾਲ਼ ਨਹੀਂ ਸਮਝ ਸਕਦੇ।

ਇਸ ਤਰ੍ਹਾਂ ਸਮਾਜ ਸ਼ਾਸਤਰ ਅਤੇ ਅਰਥ ਸ਼ਾਸਤਰ ਗਹਿਰੇ ਰੂਪ ਵਿੱਚ ਸੰਬੰਧਿਤ ਹਨ। ਆਰਥਿਕ ਪਰਿਵਰਤਨ, ਸਮਾਜਿਕ ਪਰਿਵਰਤਨ ਦਾ ਪਰਿਣਾਮ ਹੈ । ਬਹੁਤ ਸਾਰੇ ਇਹੋ ਜਿਹੇ ਪੱਖ ਹਨ ਜਿਨ੍ਹਾ ਦਾ ਅਧਿਐਨ ਸਮਾਜ ਸ਼ਾਸਤਰੀਆਂ ਅਤੇ ਅਰਥ ਸ਼ਾਸਤਰੀਆਂ ਦੁਆਰਾ ਸਾਂਝੇ ਤੌਰ ਤੇ ਕੀਤਾ ਜਾਂਦਾ ਹੈ, ਜਿਵੇਂ ਪੂੰਜੀਵਾਦ, ਉਦਯੋਗੀਕਰਨ, ਕਿਰਤ ਸੰਬੰਧ, ਵਿਸ਼ਵੀਕਰਨ ਆਦਿ।


ਆਪਸੀ ਨਿਰਭਰਤਾ ਦੇ ਬਾਵਜੂਦ, ਦੋਵੇਂ ਸਮਾਜਿਕ ਵਿਗਿਆਨਾਂ ਵਿਚ ਕੁੱਝ ਅੰਤਰ ਹਨ ਜਿਨ੍ਹਾਂ ਦਾ ਵਰਣਨ ਹੇਠ ਅਨੁਸਾਰ ਹੈ।


## ਭਿੰਨਤਾ

| ਸਮਾਜ ਸ਼ਾਸਤਰ | ਅਰਥ ਸ਼ਾਸਤਰ |
|---|---|
| • ਸਮਾਜ ਸ਼ਾਸਤਰ ਸਮਾਜ ਅਤੇ ਸਮਾਜਿਕ ਸੰਬੰਧਾਂ ਦਾ ਵਿਗਿਆਨ ਹੈ।<br>• ਸਮਾਜ ਸ਼ਾਸਤਰ ਸਮਾਜਿਕ ਵਿਗਿਆਨਾਂ ਵਿੱਚ ਸਭ ਤੋਂ ਨਵਾਂ ਵਿਗਿਆਨ ਹੈ।<br>• ਸਮਾਜ ਸ਼ਾਸਤਰ ਅਮੂਰਤ ਵਿਗਿਆਨ ਹੈ। | • ਅਰਥ ਸ਼ਾਸਤਰ ਧਨ ਦਾ ਅਤੇ ਤਰਕ ਅਧਾਰਤ ਚੋਣ ਦਾ ਵਿਗਿਆਨ ਹੈ।<br>• ਅਰਥ ਸ਼ਾਸਤਰ ਤੁਲਨਾਤਮਕ ਤੌਰ ਤੇ ਪੁਰਾਣਾ ਵਿਗਿਆਨ ਹੈ।<br>• ਅਰਥ ਸ਼ਾਸਤਰ ਦੀ ਪ੍ਰਕਿਰਤੀ ਮੂਰਤ ਹੈ। |

| | |
|---|---|
| • ਸਮਾਜ ਸ਼ਾਸਤਰ ਸਾਧਾਰਨ ਸਮਾਜਿਕ ਵਿਗਿਆਨ ਹੈ।<br>• ਸਮਾਜ ਸ਼ਾਸਤਰ ਦਾ ਵਿਸ਼ਾ-ਖੇਤਰ ਵਿਆਪਕ ਹੈ।<br>• ਸਮਾਜ ਸ਼ਾਸਤਰ ਮਨੁੱਖ ਦੀਆਂ ਸਮਾਜਿਕ ਕਿਰਿਆਵਾਂ ਨਾਲ਼ ਸੰਬੰਧਿਤ ਹੈ।<br>• ਸਮਾਜ ਸ਼ਾਸਤਰ ਸਮਾਜ ਦੀ ਇਕਾਈ ਦਾ ਅਧਿਐਨ ਹੈ। | • ਅਰਥ ਸ਼ਾਸਤਰ ਵਿਸ਼ੇਸ਼ ਸਮਾਜਿਕ ਵਿਗਿਆਨ ਹੈ।<br>• ਅਰਥ ਸ਼ਾਸਤਰ ਦਾ ਵਿਸ਼ਾ-ਖੇਤਰ ਸੀਮਤ ਹੈ।<br>• ਅਰਥ ਸ਼ਾਸਤਰ ਮਨੁੱਖ ਦੀ ਆਰਥਿਕਤਾ ਨਾਲ਼ ਸੰਬੰਧਿਤ ਹੈ।<br>• ਅਰਥ ਸ਼ਾਸਤਰ ਵਿੱਚ ਵਿਅਕਤੀ ਅਧਿਐਨ ਦੀ ਇਕਾਈ ਹੈ। |

## ਸਮਾਜ ਸ਼ਾਸਤਰ ਅਤੇ ਮਨੋਵਿਗਿਆਨ




ਮਨੋਵਿਗਿਆਨ ਇੱਕ ਅਜਿਹਾ ਵਿਸ਼ਾ ਹੈ ਜਿਸ ਦਾ ਸਮਾਜ ਸ਼ਾਸਤਰ ਨਾਲ ਗੂੜ੍ਹਾ ਸੰਬੰਧ ਹੈ। ਦੋਵੇਂ ਵਿਸ਼ੇ ਆਪਣੇ-ਆਪਣੇ ਵਿਸ਼ੇ ਖੇਤਰ ਨੂੰ ਚੰਗੀ ਤਰ੍ਹਾਂ ਸਮਝਣ ਲਈ ਇੱਕ ਦੂਜੇ ਤੇ ਨਿਰਭਰ ਕਰਦੇ ਹਨ। ਦੋਨਾਂ ਦੇ ਆਪਸੀ ਸੰਬੰਧ ਨਜ਼ਦੀਕੀ ਅਤੇ ਗਹਿਰੇ ਹਨ ਕਿ ਕਾਰਲ ਪੀਅਰਸਨ ਵਰਗੇ ਮਨੋਵਿਗਿਆਨੀ ਦੋਨਾਂ ਨੂੰ ਅਲੱਗ ਵਿਗਿਆਨ ਦੇ ਰੂਪ ਵਿੱਚ ਸਵੀਕਾਰ ਨਹੀਂ ਕਰਦੇ। ਇਹਨਾਂ ਦਾ

ਸੰਬੰਧ ਉਦੋਂ ਸਪਸ਼ਟ ਹੋਵੇਗਾ ਜਦੋਂ ਅਸੀਂ ਇੰਨ੍ਹਾਂ ਦੇ ਅੰਤਰ ਸੰਬੰਧਾਂ ਅਤੇ ਆਪਸੀ ਨਿਰਭਰਤਾ ਦਾ ਵਿਸ਼ਲੇਸ਼ਣ ਕਰਾਂਗੇ।

ਸਮਾਜ ਸ਼ਾਸਤਰ ਸਮਾਜਿਕ ਘਟਨਾਵਾਂ ਜਾਂ ਪ੍ਰਤੱਖ ਅਤੇ ਸਮਾਜਿਕ ਸੰਬੰਧਾਂ ਦਾ ਵਿਗਿਆਨ ਹੈ। ਇਹ ਸਮਾਜਿਕ ਸੰਸਥਾਵਾਂ ਅਤੇ ਸਮਾਜਿਕ ਸਮੂਹਾਂ ਦਾ ਅਧਿਐਨ ਹੈ। ਦੂਜੇ ਪਾਸੇ ਮਨੋਵਿਗਿਆਨ ਮਨ ਅਤੇ ਮਾਨਸਿਕ ਪ੍ਰਕਿਰਿਆ ਦਾ ਵਿਗਿਆਨ ਹੈ। ਇਹ ਮਨੁੱਖੀ ਵਿਵਹਾਰ ਦਾ ਵਿਗਿਆਨ ਹੈ। ਇਹ ਸਮਾਜ ਵਿਚ ਮਨੋਬਿਰਤੀ, ਭਾਵਨਾਵਾਂ, ਸੂਝ, ਸਿੱਖਣ ਦੀ ਪ੍ਰਕ੍ਰਿਆ ਅਤੇ ਵਿਅਕਤੀ ਦੀਆਂ ਕਦਰਾਂ ਕੀਮਤਾਂ ਅਤੇ ਸਮਾਜ ਵਿੱਚ ਵਿਅਕਤੀਤਵ ਦੇ ਸਵਰੂਪ ਦੀ ਪ੍ਰਕਿਰਿਆ ਦਾ ਵਿਸ਼ਲੇਸ਼ਣ ਕਰਦਾ ਹੈ, ਸਮਾਜ ਦੇ ਬਹੁਤ ਸਾਰੇ ਪਹਿਲੂਆਂ ਨੂੰ ਚੰਗੀ ਤਰ੍ਹਾਂ ਸਮਝਣ ਲਈ ਸਮਾਜਸ਼ਾਸਤਰ ਮਨੋਵਿਗਿਆਨ ਦੀ ਮਦਦ ਲੈਂਦਾ ਹੈ। ਮਨੋਵਿਗਿਆਨਕ ਜਿਵੇਂ ਸਿਗਮੰਡ ਫਰਾਇਡ , ਵਿਲਿਅਮ ਮੈਕਡੂਗਲ ਅਤੇ ਕਈ ਹੋਰਾਂ ਨੇ ਸਮਾਜ ਸ਼ਾਸਤਰ ਨੂੰ ਕਈ ਪੱਖ ਤੋਂ ਅਮੀਰ ਬਣਾਇਆ ਹੈ। ਉਹਨਾਂ ਦਾ ਵਿਚਾਰ ਹੈ ਕਿ ਪੂਰਾ ਸਮਾਜਿਕ ਜੀਵਨ ਮਨੋਵਿਗਿਆਨਕ ਸ਼ਕਤੀਆਂ ਦੇ ਆਧਾਰ ਤੇ ਸਮਝਿਆ ਜਾ ਸਕਦਾ ਹੈ। ਹਰ ਸਮਾਜਿਕ ਸਮੱਸਿਆ ਦੇ ਸਮਾਧਾਨ ਲਈ ਸਮਾਜ ਦੇ ਪ੍ਰਤੱਖ ਦਾ ਮਨੋਵਿਗਿਆਨਕ ਆਧਾਰ ਜ਼ਰੂਰੀ ਹੈ। ਜਿਸ ਵਿੱਚ ਸਮਾਜਸ਼ਾਸਤਰ ਨੂੰ ਮਨੋਵਿਗਿਆਨ ਦੀ ਮਦੱਦ ਦੀ ਲੋੜ ਹੁੰਦੀ ਹੈ।

ਇਸ ਤਰ੍ਹਾਂ ਮਨੋਵਿਗਿਆਨ ਭਿੰਨ-ਭਿੰਨ ਵਰਤਾਰਿਆਂ ਨੂੰ ਸਮਝਣ ਲਈ ਸਮਾਜਸ਼ਾਸਤਰ ਤੇ ਨਿਰਭਰ ਕਰਦਾ ਹੈ। ਮਨੋਵਿਗਿਆਨ ਸਮਾਜਿਕ ਸੰਬੰਧਾਂ, ਵਿਵਹਾਰ ਅਤੇ ਗਤੀਵਿਧੀਆਂ ਨੂੰ ਸਮਝਣ ਲਈ ਸਮਾਜ ਸ਼ਾਸਤਰ ਦੀ ਮਦਦ ਕਰਦਾ ਹੈ। ਜਿਵੇਂ ਮਨੁੱਖੀ ਮਨ ਅਤੇ ਵਿਅਕਤੀਤਵ ਸਮਾਜਿਕ ਵਾਤਾਵਰਨ, ਸਭਿਆਚਾਰ, ਪ੍ਰਥਾਵਾਂ, ਅਤੇ ਪਰਪਰਾਵਾਂ ਤੋਂ ਪ੍ਰਭਾਵਿਤ ਹੁੰਦੇ ਹਨ। ਮਨੋਵਿਗਿਆਨਕ ਅਧਿਐਨ ਸਮਾਜਸ਼ਾਸਤਰ ਦੀ ਮਦਦ ਤੋਂ ਬਿਨਾਂ ਅਧੂਰਾ ਹੈ। ਗਿਆਨ ਦੀ ਇੱਕ ਨਵੀਂ ਸ਼ਾਖਾ ਜੋ ਸਮਾਜ ਸ਼ਾਸਤਰ ਅਤੇ ਮਨੋਵਿਗਿਆਨ ਨੂੰ ਜੋੜਦੀ ਹੈ ਉਹ ਸਮਾਜਿਕ ਮਨੋਵਿਗਿਆਨ ਹੈ। ਇਹਨਾਂ ਦੋਨਾਂ ਵਿਸ਼ਿਆਂ ਦੀ ਇੱਕ ਦੂਜੇ ਤੇ ਨਿਰਭਰਤਾ ਨਿਮਨ ਰੂਪ ਵਿੱਚ ਹੈ।


- ਮਨੁੱਖੀ ਪ੍ਰਕਿਰਤੀ ਅਤੇ ਵਿਵਹਾਰ ਨੂੰ ਚੰਗੀ ਤਰ੍ਹਾਂ ਸਮਝਣ ਲਈ ਸਮਾਜ ਸ਼ਾਸਤਰ ਨੂੰ ਮਨੋਵਿਗਿਆਨ ਤੇ ਨਿਰਭਰ ਹੋਣਾ ਪੈਂਦਾ ਹੈ।
- ਇਸ ਤਰ੍ਹਾਂ ਬਹੁਤ ਸਾਰੀਆਂ ਮਨੋਵਿਗਿਆਨਕ ਸਮੱਸਿਆਵਾਂ ਜਿਨ੍ਹਾ ਦਾ ਸਮਾਜਿਕ ਕਾਰਨ ਹੋ ਸਕਦਾ ਹੈ। ਇਹ ਸਮਾਜਿਕ ਸਮੱਸਿਆਵਾਂ ਨੂੰ ਸਮਝਨ ਲਈ ਮਨੋਵਿਗਿਆਨ ਨੂੰ ਸਮਾਜ ਸ਼ਾਸਤਰ ਦੀ ਮਦੱਦ ਦੀ ਲੋੜ ਹੁੰਦੀ ਹੈ।
- ਕਈ ਸਮਾਜ ਸ਼ਾਸਤਰੀਆਂ ਦਾ ਯੋਗਦਾਨ ਅਤੇ ਸਿਧਾਂਤਾਂ ਨੇ ਮਨੋਵਿਗਿਆਨ ਦੀ ਬਹੁਤ ਮਦਦ ਕੀਤੀ ਹੈ ਅਤੇ ਇਸੇ ਤਰ੍ਹਾਂ ਹੀ ਮਨੋਵਿਗਿਆਨਕ ਵੀ ਸਮਾਜ ਸ਼ਾਸਤਰ ਲਈ ਮਦਦਗਾਰ ਹੁੰਦੇ ਹਨ।


- ਸਮਾਜ ਸ਼ਾਸਤਰ ਵਿੱਚ ਹੋਈ ਖੋਜ ਮਨੋਵਿਗਿਆਨੀਆਂ ਲਈ ਅਤੇ ਮਨੋਵਿਗਿਆਨ ਵਿੱਚ ਖੋਜ ਸਮਾਜ ਸ਼ਾਸਤਰੀਆਂ ਲਈ ਲਾਭਵੰਦ ਹੈ।
  ਇਸ ਲਈ ਸਮਾਜ ਸ਼ਾਸਤਰ ਤੇ ਮਨੋਵਿਗਿਆਨ ਦੋਵੇਂ ਅੰਤਰ ਨਿਰਭਰ ਹਨ। ਦੋਹਾਂ ਦੇ ਅਧਿਐਨ ਦੇ ਕੁਝ ਖੇਤਰ ਜਿਵੇਂ ਗ਼ੈਰ-ਸੰਸਥਾਤਮਕ, ਲੋਕ ਮੱਤ ਆਦਿ ਕੁਝ ਪੱਖ ਸਾਂਝੇ ਹਨ ਜਿਹੜੇ ਸਮਾਜ ਸ਼ਾਸਤਰ ਅਤੇ ਮਨੋਵਿਗਿਆਨ ਵੱਲੋਂ ਅਧਿਐਨ ਦਾ ਵਿਸ਼ਾ ਬਣਦੇ ਹਨ। ਦੂਜੇ ਵਿਗਿਆਨਾਂ ਵਾਂਗ ਸਮਾਜ ਵਿਗਿਆਨ ਅਤੇ ਮਨੋਵਿਗਿਆਨ ਵਿੱਚ ਭਿੰਨਤਾ ਨਿਮਨ ਅਨੁਸਾਰ ਹੈ।

## ਭਿੰਨਤਾ

| ਸਮਾਜਸ਼ਾਸਤਰ | ਮਨੋਵਿਗਿਆਨ |
|---|---|
| • ਸਮਾਜ ਸ਼ਾਸਤਰ ਸਮਾਜ ਦਾ ਵਿਗਿਆਨ ਹੈ। | • ਮਨੋਵਿਗਿਆਨ ਮਨ ਦਾ ਵਿਗਿਆਨ ਹੈ। |
| • ਸਮਾਜ ਸ਼ਾਸਤਰ ਦਾ ਵਿਸ਼ਾ-ਖੇਤਰ ਵਿਸ਼ਾਲ ਹੈ। | • ਮਨੋਵਿਗਿਆਨ ਦਾ ਵਿਸ਼ਾ-ਖੇਤਰ ਛੋਟਾ ਹੈ। |
| • ਸਮਾਜ ਸ਼ਾਸਤਰ ਦੇ ਅਧਿਐਨ ਦੀ ਇਕਾਈ ਸਮਾਜ ਹੈ। | • ਮਨੋਵਿਗਿਆਨ ਵਿੱਚ ਵਿਅਕਤੀ ਅਧਿਐਨ ਦੀ ਇਕਾਈ ਹੈ। |
| • ਸਮਾਜ ਸ਼ਾਸਤਰ ਸਮਾਜਿਕ ਪ੍ਰਕ੍ਰਿਆਵਾਂ ਦਾ ਅਧਿਐਨ ਕਰਦਾ ਹੈ। | • ਮਨੋਵਿਗਿਆਨ ਮਾਨਸਿਕ ਪ੍ਰਕ੍ਰਿਆਵਾਂ ਦਾ ਅਧਿਐਨ ਕਰਦਾ ਹੈ। |
| • ਸਮਾਜ ਸ਼ਾਸਤਰ ਮਨੁੱਖੀ ਵਿਵਹਾਰ ਦਾ ਸਮਾਜ ਸ਼ਾਸਤਰੀ ਪੱਖ ਤੋਂ ਅਧਿਐਨ ਕਰਦਾ ਹੈ। | • ਮਨੋਵਿਗਿਆਨ ਮਨੁੱਖੀ ਵਿਵਹਾਰ ਦਾ ਮਨੋਵਿਗਿਆਨ ਪੱਖ ਤੋਂ ਅਧਿਐਨ ਕਰਦਾ ਹੈ। |


## ਸਮਾਜ ਸ਼ਾਸਤਰ ਅਤੇ ਮਾਨਵ ਸ਼ਾਸਤਰ






ਸਮਾਜ ਸ਼ਾਸਤਰ ਅਤੇ ਮਾਨਵ ਵਿਗਿਆਨ ਇੱਕ ਦੂਜੇ ਨਾਲ਼ ਸੰਬੰਧਿਤ ਹਨ। ਏ.ਐੱਲ. ਕਰੋਬਰ ਸਮਾਜ ਸ਼ਾਸਤਰ ਅਤੇ ਮਾਨਵ ਸ਼ਾਸਤਰ ਨੂੰ ਜੁੜਵਾਂ ਭੈਣਾਂ ਮੰਨਦਾ ਹੈ। ਸਮਾਨ ਵਿਸ਼ੇ ਲਈ ਇਹ ਦੋਵੇਂ ਅਲੱਗ-ਅਲੱਗ ਨਾਮ ਨਾਲ਼ ਜਾਣੇ ਜਾਂਦੇ ਹਨ। ਰਾਬਰਟ ਰੈੱਡਫੀਲਡ ਵਰਗੇ ਵਿਦਵਾਨ ਦੋਹਾਂ ਸਮਾਜਿਕ ਵਿਗਿਆਨਾਂ ਦੀ ਨੇੜਤਾ ਨੂੰ ਪ੍ਰਮਾਣਿਤ ਕਰਦੇ ਹਨ ਅਤੇ ਦੋਵੇਂ ਇੱਕ ਖੇਤਰ ਵਿੱਚ ਕੰਮ ਕਰਦੇ ਹਨ।

ਸਮਾਜ ਦਾ ਵਿਗਿਆਨ ਹੋਣ ਦੇ ਨਾਤੇ ਸਮਾਜ ਸ਼ਾਸਤਰ ਮਨੁੱਖੀ ਵਿਵਹਾਰ ਦਾ ਅਧਿਐਨ ਕਰਦਾ ਹੈ। ਇਹ ਮਨੁੱਖਾਂ ਦੀ ਸਾਂਝ ਨਾਲ਼ ਸੰਬੰਧਿਤ ਹੈ। ਮਾਨਵ ਵਿਗਿਆਨ ਅੰਗਰੇਜ਼ੀ ਭਾਸ਼ਾ ਦੇ ਸ਼ਬਦ 'ਐਨਥਰੋਪੋਲੋਜੀ' ਦਾ ਸਮਾਨਾਰਥੀ ਹੈ ਜੋ ਦੋ ਗ੍ਰੀਕ ਸ਼ਬਦ ਐਨਥਰੋਪਾਜ਼ ਅਰਥ ਮਨੁੱਖ ਅਤੇ ਲੋਗੋਸ ਤੋਂ ਬਣਿਆ ਹੈ ਜਿਸ ਦਾ ਭਾਵ ਅਧਿਐਨ ਜਾ ਵਿਗਿਆਨ ਹੈ। ਇਸ ਤਰ੍ਹਾਂ ਮਾਨਵ ਵਿਗਿਆਨ ਮਨੁੱਖ ਦਾ ਅਧਿਐਨ ਹੈ।




ਮਨੁੱਖੀ-ਵਿਗਿਆਨ ਹੋਣ ਨਾਤੇ ਇਹ ਮਨੁੱਖਾਂ, ਉਨ੍ਹਾਂ ਦੇ ਕੰਮਾਂ ਅਤੇ ਵਿਵਹਾਰ ਦਾ ਅਧਿਐਨ ਕਰਦਾ ਹੈ। ਮਾਨਵਸ਼ਾਸਤਰ ਮਨੁੱਖ ਦੇ ਵਿਕਾਸ ਦੇ ਜੀਵ ਵਿਗਿਆਨਿਕ ਪੱਖ ਅਤੇ ਸੱਭਿਆਚਾਰਕ ਵਿਕਾਸ ਦਾ ਅਧਿਐਨ ਕਰਦਾ ਹੈ। ਇਸਦੇ ਅਧਿਐਨ ਦਾ ਖੇਤਰ ਕਾਫੀ ਵਿਸ਼ਾਲ ਹੈ ਜਿਸਨੂੰ ਮੁੱਖ ਤੌਰ ਤੇ ਤਿੰਨ ਹਿੱਸਿਆਂ ਵਿੱਚ ਵੰਡਿਆ ਹੈ ਜਿਵੇਂ ਭੌਤਿਕ ਮਾਨਵ ਵਿਗਿਆਨ, ਸੱਭਿਆਚਾਰਕ ਮਾਨਵ

ਵਿਗਿਆਨ ਅਤੇ ਸਮਾਜਿਕ ਮਾਨਵ ਵਿਗਿਆਨ ਹਨ। ਭੌਤਿਕ ਮਾਨਵ ਵਿਗਿਆਨ ਪੁਰਾਤਨ ਮਨੁੱਖ ਦੇ ਸਰੀਰਕ ਗੁਣਾਂ ਦਾ ਅਧਿਐਨ ਕਰਦਾ ਹੈ ਅਤੇ ਨਾਲ਼ ਹੀ ਪੁਰਾਤਨ ਅਤੇ ਆਧੁਨਿਕ ਸੱਭਿਆਚਾਰ ਨੂੰ ਸਮਝਦਾ ਹੈ। ਪੁਰਾਲੇਖ ਮਾਨਵ ਵਿਗਿਆਨ ਪੂਰਵ ਇਤਿਹਾਸ ਕਾਲ਼ ਦੇ ਸੱਭਿਆਚਾਰ ਦਾ ਅਧਿਐਨ ਕਰਦਾ ਹੈ। ਇਸ ਅਧਿਐਨ ਨਾਲ਼ ਸਮਾਜ ਸ਼ਾਸਤਰੀਆਂ ਦੀ ਮਦਦ ਕਰਦਾ ਹੈ ਕਿ ਉਹਨਾਂ ਲਈ ਵਰਤਮਾਨ ਸਮਾਜਿਕ ਢਾਂਚੇ ਦਾ ਤੁਲਨਾਤਮਕ ਅਧਿਐਨ ਆਸਾਨ ਹੋ ਜਾਵੇ। ਇਸ ਦਾ ਸੰਬੰਧ ਮਨੁੱਖੀ ਹੋਂਦ ਦੇ ਸ਼ੁਰੂ ਦੇ ਸਮੇਂ ਨਾਲ਼ ਹੈ। ਇਹ ਸਮਾਜ ਦੇ ਅਤੀਤ ਦਾ ਪੁਨਰ ਨਿਰਮਾਨ, ਸੱਭਿਆਚਾਰ ਦੀ ਉਤਪਤੀ ਅਤੇ ਵਿਕਾਸ ਦਾ ਅਧਿਐਨ ਪੁਰਾਤਨ ਸਮਾਜਾਂ ਦੇ ਅਧਿਐਨ ਨਾਲ਼ ਕਰਦਾ ਹੈ। ਸਮਾਜਿਕ ਮਾਨਵ ਵਿਗਿਆਨ ਸਮਾਜਿਕ ਸੰਸਥਾਵਾਂ ਵਿਚ ਵਿਅਕਤੀ ਦੇ ਵਿਵਹਾਰ ਦੇ ਅਧਿਐਨ ਨਾਲ਼ ਸੰਬੰਧਿਤ ਹੈ। ਸਮਾਜਿਕ ਮਾਨਵ ਵਿਗਿਆਨ, ਮਾਨਵ ਵਿਗਿਆਨ ਦੀ ਇਕ ਸ਼ਾਖਾ ਹੈ ਜੋ ਸਮਾਜ ਸ਼ਾਸਤਰ ਦੇ ਬਹੁਤ ਨੇੜੇ ਹੈ। ਵਾਸਤਵ ਵਿਚ ਏਵੰਨ ਪ੍ਰੀਚਰਡ ਸਮਾਜਿਕ ਮਾਨਵ ਵਿਗਿਆਨ ਨੂੰ ਸਮਾਜ ਸ਼ਾਸਤਰ ਦੀ ਇੱਕ ਸ਼ਾਖਾ ਮੰਨਦੀ ਹੈ।

ਇਸ ਤਰ੍ਹਾਂ ਸਮਾਜ ਸ਼ਾਸਤਰ ਅਤੇ ਮਾਨਵ ਵਿਗਿਆਨ ਵਿੱਚ ਗਹਿਰਾ ਸੰਬੰਧ ਹੈ।

- ਸਮਾਜ ਸ਼ਾਸਤਰ ਸਮਾਜ ਦਾ ਅਧਿਐਨ ਕਰਦਾ ਹੈ ਅਤੇ ਮਾਨਵ ਵਿਗਿਆਨ ਮਨੁੱਖ ਦਾ ਅਧਿਐਨ ਕਰਦਾ ਹੈ। ਮਨੁੱਖ ਅਤੇ ਸਮਾਜ ਇੱਕ ਦੂਜੇ ਨਾਲ਼ ਅੰਤਰ ਸੰਬੰਧਿਤ ਹਨ, ਇਸ ਲਈ ਇਹਨਾਂ ਦੋਹਾਂ ਵਿੱਚ ਅੰਤਰ ਕਰਨਾ ਬਹੁਤ ਮੁਸ਼ਕਿਲ ਹੈ।
- ਮਾਨਵ ਵਿਗਿਆਨ ਸਮਾਜ ਸ਼ਾਸਤਰ ਦੇ ਵਿਕਾਸ ਵਿਚ ਯੋਗਦਾਨ ਦਿੰਦਾ ਹੈ। ਮਾਨਵ ਵਿਗਿਆਨ ਦੀ ਮਦਦ ਤੋਂ ਬਿਨਾਂ ਸਮਾਜ ਸ਼ਾਸਤਰ ਦਾ ਅਧਿਐਨ ਪੂਰਾ ਨਹੀਂ ਹੋ ਸਕਦਾ। ਇਹ ਸਮਾਜ ਸ਼ਾਸਤਰ ਦਾ ਹਿੱਸਾ ਹੈ।
- ਮਾਨਵ ਵਿਗਿਆਨ ਪੁਰਾਤਨ ਸਮਾਜ ਦੇ ਵਿਸ਼ੇ ਦਾ ਗਿਆਨ ਪ੍ਰਦਾਨ ਕਰਦਾ ਹੈ। ਵਰਤਮਾਨ ਸਮਾਜ ਦਾ ਪੂਰਨ ਗਿਆਨ ਪ੍ਰਾਪਤ ਕਰਨ ਲਈ ਸਮਾਜ ਸ਼ਾਸਤਰ ਮਾਨਵ ਵਿਗਿਆਨ ਦੀ ਮਦਦ ਲੈਂਦਾ ਹੈ।
- ਸਮਾਜਿਕ ਸੰਸਥਾਵਾਂ ਦੀ ਉੱਤਪਤੀ ਜਿਵੇਂ ਪਰਿਵਾਰ, ਵਿਆਹ, ਧਰਮ ਆਦਿ ਨੂੰ ਮਾਨਵ ਵਿਗਿਆਨੀ ਦੇ ਮਾਂਧਿਅਮ ਰਾਹੀਂ ਹੀ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ।
- ਕਈ ਧਾਰਨਾਵਾਂ ਜਿਵੇਂ ਸੱਭਿਆਚਾਰ, ਸੱਭਿਆਚਾਰਕ ਗੁਣ ਅਤੇ ਸੱਭਿਆਚਾਰ ਪਿੱਛੜੇਵਾਂ ਮਾਨਵ ਵਿਗਿਆਨ ਤੋਂ ਹੀ ਸਮਾਜ ਸ਼ਾਸਤਰ ਨੇ ਗ੍ਰਹਿਣ ਕੀਤੇ ਹਨ।
- ਮਾਨਵ ਵਿਗਿਆਨ ਸਮਾਜ ਸ਼ਾਸਤਰ ਦੀਆਂ ਕਈ ਧਾਰਨਾਵਾਂ ਨੂੰ ਸਵੀਕਾਰਦਾ ਹੈ। ਕਈ ਸਮਾਜ ਸ਼ਾਸਤਰੀਆਂ ਦੀ ਦੇਣ ਜਿਵੇਂ ਈਮਾਈਲ ਦੁਰਖ਼ੀਮ, ਹਰਬਰਟ ਸਪੈਂਸਰ ਆਦਿ ਨੇ ਮਾਨਵ ਵਿਗਿਆਨ ਦੀ ਬਹੁਤ ਮਦਦ ਕੀਤੀ ਹੈ।
- ਮਾਨਵ ਵਿਗਿਆਨੀਆਂ ਨੇ ਸਮਾਜ ਸ਼ਾਸਤਰੀਆਂ ਦੀ ਖੋਜ ਤੋਂ ਲਾਭ ਉਠਾਇਆ ਹੈ। ਸਮਾਜ ਸ਼ਾਸਤਰੀ ਖੋਜਾਂ ਦੇ ਪਰਿਣਾਮ ਅਤੇ ਵਿਚਾਰ ਮਾਨਵ ਵਿਗਿਆਨੀਆਂ ਖੋਜ ਵਿੱਚ ਸਹਾਇਕ ਹੁੰਦੇ ਹਨ।

ਇਸ ਤਰ੍ਹਾਂ ਸਮਾਜ ਸ਼ਾਸਤਰ ਅਤੇ ਮਾਨਵ ਵਿਗਿਆਨ ਵਿੱਚ ਗਹਿਰਾ ਸੰਬੰਧ ਹੈ। ਸਮਾਜ ਸ਼ਾਸਤਰ ਨੂੰ ਮਾਨਵ ਵਿਗਿਆਨੀ ਅਧਿਐਨ ਨਾਲ਼ ਫਾਇਦਾ ਹੁੰਦਾ ਹੈ ਅਤੇ ਮਾਨਵ ਵਿਗਿਆਨ ਨੂੰ ਸਮਾਜ ਸ਼ਾਸਤਰੀ ਦੇਣ ਤੋਂ ਲਾਭ ਹੁੰਦਾ ਹੈ। ਦੋਵੇਂ ਵਿਸ਼ੇ ਮਨੁੱਖੀ ਸਮਾਜ ਦਾ ਅਧਿਐਨ ਕਰਦੇ ਹਨ ਅਤੇ ਸਭ ਤਰ੍ਹਾਂ ਦੇ ਸਮਾਜਿਕ ਸਮੂਹਾਂ ਜਿਵੇਂ ਪਰਿਵਾਰ, ਮਿੱਤਰ ਸਮੂਹ ਅਤੇ ਕਬੀਲੇ ਆਦਿ ਨਾਲ਼ ਸੰਬੰਧਿਤ ਹਨ। ਕਈ ਸਮਾਨ ਵਿਚਾਰ ਅਤੇ ਧਾਰਨਾਵਾਂ ਦੋਹਾਂ ਵਿਸ਼ਿਆਂ ਵਿੱਚ ਵਰਤੀਆਂ ਜਾਂਦੀਆਂ ਹਨ। ਦੋਵੇਂ ਅੰਤਰ ਸੰਬੰਧਿਤ ਅਤੇ ਅੰਤਰ ਨਿਰਭਰ ਹਨ।

## ਭਿੰਨਤਾ

| ਸਮਾਜ ਸ਼ਾਸਤਰ | ਮਾਨਵ ਵਿਗਿਆਨ |
|---|---|
| • ਸਮਾਜ ਸ਼ਾਸਤਰ ਸਮਾਜ ਦਾ ਵਿਗਿਆਨ ਹੈ। | • ਮਾਨਵ ਵਿਗਿਆਨ ਮਨੁੱਖ ਦਾ ਵਿਗਿਆਨ ਹੈ। |
| • ਸਮਾਜ ਸ਼ਾਸਤਰ ਦਾ ਖੇਤਰ ਵਿਸ਼ਾਲ ਹੈ। | • ਮਾਨਵ ਵਿਗਿਆਨ ਦਾ ਖੇਤਰ ਬਹੁਤ ਸੀਮਤ ਹੈ। ਕਿਉਂਕਿ ਮਾਨਵ ਵਿਗਿਆਨ ਸਮਾਜ ਦਾ ਹਿੱਸਾ ਹੈ। |
| • ਸਮਾਜ ਸ਼ਾਸਤਰ ਪੂਰੇ ਸਮਾਜ ਦਾ ਅਧਿਐਨ ਕਰਦਾ ਹੈ। | • ਮਾਨਵ ਵਿਗਿਆਨ ਮਨੁੱਖ ਦਾ  ਸਮਾਜ ਦੇ ਹਿੱਸੇ ਦੇ ਰੂਪ ਵਿੱਚ ਅਧਿਐਨ ਕਰਦਾ ਹੈ। |
| • ਸਮਾਜ ਸ਼ਾਸਤਰ ਸੱਭਿਅਤਾ ਦਾ ਅਧਿਐਨ ਕਰਦਾ ਹੈ ਜੋ ਕਿ ਵਿਸ਼ਾਲ ਅਤੇ ਗਤੀਸ਼ੀਲ ਹੈ। | • ਮਾਨਵ ਵਿਗਿਆਨ ਸੱਭਿਆਚਾਰ ਦਾ ਅਧਿਐਨ ਕਰਦਾ ਹੈ ਜੋ ਛੋਟਾ ਅਤੇ ਸਥਾਈ ਹੈ। |
| • ਸਮਾਜ ਸ਼ਾਸਤਰ ਆਧੁਨਿਕ ਸੱਭਿਅਤਾ ਅਤੇ ਜਟਿਲ ਸਮਾਜ ਦਾ ਅਧਿਐਨ ਕਰਦਾ ਹੈ। | • ਮਾਨਵ ਵਿਗਿਆਨ ਪੁਰਾਤਨ ਅਤੇ ਅਸਿੱਖਿਅਤ ਸਮਾਜਾਂ ਦਾ ਅਧਿਐਨ ਕਰਦਾ ਹੈ। |
| • ਸਮਾਜ ਸ਼ਾਸਤਰ ਦਾ ਸੰਬੰਧ ਸਮਾਜਿਕ ਯੋਜਨਾਵਾਂ ਨਾਲ਼ ਹੈ। | • ਮਾਨਵ ਵਿਗਿਆਨ ਦਾ ਸਮਾਜਿਕ ਯੋਜਨਾਵਾਂ ਨਾਲ਼ ਕੋਈ ਸੰਬੰਧ ਨਹੀਂ ਹੈ। |

## ਸਿੱਟਾ

ਉਕਤ ਚਰਚਾ ਤੋਂ ਪਤਾ ਚੱਲਦਾ ਹੈ ਕਿ ਬਹੁਤ ਸਾਰੇ ਸਮਾਜਿਕ ਵਿਗਿਆਨ ਆਪਸ ਵਿੱਚ ਸੰਬੰਧਿਤ ਹਨ। ਭਿੰਨਤਾਵਾਂ ਦੇ ਬਾਵਜੂਦ ਵੀ ਸਮਾਜ ਵਿਗਿਆਨ ਅਤੇ ਦੂਜੇ ਸਮਾਜਿਕ ਵਿਗਿਆਨਾਂ ਵਿੱਚ ਗਹਿਰਾ ਸੰਬੰਧ ਹੈ।

## ਸ਼ਬਦਾਵਲੀ

- **ਪੁਰਾਤੱਤਵ ਵਿਗਿਆਨ :** ਪੁਰਾਤੱਤਵ ਵਿਗਿਆਨ ਮਨੁੱਖੀ ਗਤੀਵਿਧੀਆਂ ਦਾ ਭੂਤਕਾਲ਼ ਵਿੱਚ ਅਧਿਐਨ ਕਰਦਾ ਹੈ ਜਿਸ ਵਿੱਚ ਪੁਨਰ ਪ੍ਰਾਪਤੀ, ਪਦਾਰਥਕ ਸੱਭਿਆਚਾਰ ਦਾ ਵਿਸ਼ਲੇਸ਼ਣ ਅਤੇ ਉਹ ਪ੍ਰਕਿਰਤਕ ਅੰਕੜੇ ਆਉਂਦੇ ਹਨ ਜੋ ਮਨੁੱਖ ਪਿੱਛੇ ਛੱਡ ਆਇਆ ਹੈ। ਇਹਨਾਂ ਅੰਕੜਿਆਂ ਵਿੱਚ ਕਲਾਪ੍ਰਭਾਵ, ਭਵਨ ਨਿਰਮਾਣ, ਜੈਵਿਕ ਤੱਥ (ਵਾਤਾਵਰਨਿਕ ਤੱਥ) ਸੱਭਿਆਚਾਰਕ ਖੇਤਰ (ਜਾਂ ਪੁਰਾਤੱਤਵ ਰਿਕਾਰਡ) ਆਦਿ ਸ਼ਾਮਿਲ ਹਨ।
- **ਸੱਭਿਆਚਾਰਕ ਮਾਨਵ-ਵਿਗਿਆਨ:** ਇਹ ਮਾਨਵ-ਵਿਗਿਆਨ ਦੀ ਉਹ ਸ਼ਾਖਾ ਹੈ ਜੋ ਸਮਾਜ ਮਾਨਵ-ਵਿਗਿਆਨ ਦੀ ਤੁਲਨਾ ਵਿੱਚ ਮਨੁੱਖਾਂ ਵਿੱਚ ਸੱਭਿਆਚਾਰਕ ਉਤਾਰ-ਚੜਾਅ ਦੇ ਅਧਿਐਨ ’ਤੇ ਕੇਂਦਰਤ ਹੈ ਭਾਵੇਂ ਕਿ ਇਹ ਸੱਭਿਆਚਾਰਕ ਉਤਾਰ-ਚੜ੍ਹਾਅ ਨੂੰ ਅਧੀਨ ਚਰਾਂ ਨਾਲ਼ੋਂ ਸੁਤੰਤਰ ਚਰ ਵਜੋਂ ਲੈਂਦਾ ਹੈ।
- **ਭੌਤਿਕ ਮਾਨਵ-ਵਿਗਿਆਨ:** ਇਸ ਨੂੰ ਜੀਵ ਵਿਗਿਆਨਕ ਮਾਨਵ-ਵਿਗਿਆਨ ਵੀ ਕਿਹਾ ਜਾਂਦਾ ਹੈ ਇਹ ਮਨੁੱਖਾਂ ਦੇ ਵਿਕਾਸ, ਅਖਿਰਤਾ ਅਤੇ ਵਾਤਾਵਰਨਿਕ ਤਨਾਉ ਨਾਲ਼ ਅਨੁਕੂਲਨ ਨਾਲ਼ ਸੰਬੰਧਿਤ ਹੈ।
- **ਰਾਜਨੀਤਿਕ ਸਮਾਜ-ਸ਼ਾਸਤਰ :** ਇਹ ਇਕ ਅਜਿਹਾ ਵਿਸ਼ਾ ਹੈ ਕਿ ਜਿਸ ਵਿਚ ਇਹ ਅਧਿਐਨ ਕੀਤਾ ਜਾਂਦਾ ਹੈ ਕਿ ਸਮਾਜਿਕ ਝੁਕਾਅ (Trend) ਗਤੀਸ਼ੀਲਤਾ ਅਤੇ ਪ੍ਰਭੂਤਾ ਰਸਮੀ ਰਾਜਨੀਤਿਕ ਪ੍ਰਕਿਰਿਆ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ ਅਤੇ ਨਾਲ ਹੀ ਭਿੰਨ ਸਮਾਜਿਕ ਸ਼ਕਤੀਆਂ ਰਾਜਨੀਤਿਕ ਨੀਤੀਆਂ ਨੂੰ ਬਦਲਣ ਲਈ ਕਿਵੇਂ ਇਕੱਠੀਆਂ ਕੰਮ ਕਰਦੀਆਂ ਹਨ।
- **ਸਮਾਜਿਕ ਮਨੋਵਿਗਿਆਨ :** ਇਹ ਲੋਕਾਂ ਦੇ ਵਿਚਾਰਾਂ, ਭਾਵਨਾਵਾਂ ਅਤੇ ਵਿਵਹਾਰ ਦਾ ਵਿਗਿਆਨਕ ਅਧਿਐਨ ਹੈ ਜੋ ਅਸਲ, ਕਾਲਪਨਿਕ ਜਾਂ ਦੂਜਿਆਂ ਦੀ ਹਾਜ਼ਰੀ ਤੋਂ ਪ੍ਰਭਾਵਿਤ ਹੁੰਦਾ ਹੈ।

## ਅਭਿਆਸ

### ਨਿਮਨ ਲਿਖਤ ਪ੍ਰਸ਼ਨਾਂ ਦੇ ਉੱਤਰ 1-15 ਸ਼ਬਦਾਂ ਵਿੱਚ ਦਿਓ

1. ਸਮਾਜ ਸ਼ਾਸਤਰ ਅਤੇ ਮਾਨਵ ਵਿਗਿਆਨ ਨੂੰ ਜੁੜਵੀਆਂ ਭੈਣਾਂ, ਕਿਸ ਵਿਚਾਰਕ ਨੇ ਕਿਹਾ ਹੈ?
2. ਸਮਾਜ ਸ਼ਾਸਤਰ ਅਤੇ ਅਰਥ ਸ਼ਾਸਤਰ ਵਿੱਚ ਅਧਿਐਨ ਕੀਤੇ ਜਾਣ ਵਾਲ਼ੇ ਵਿਸ਼ੇ (issue) ਦੇ ਨਾਮ ਦੱਸੋ।
3. ਮਾਨਵ ਸ਼ਾਸਤਰ ਵਿੱਚ ਅਧਿਐਨ ਦੇ ਦੋ ਖੇਤਰ ਕਿਹੜੇ ਹਨ।

## ਨਿਮਨ ਲਿਖਤ ਪ੍ਰਸ਼ਨਾਂ ਦੇ ਉੱਤਰ 30-35 ਸ਼ਬਦਾਂ ਵਿੱਚ ਦਿਓ

1. ਸਮਾਜ ਸ਼ਾਸਤਰ ਕੀ ਹੈ ?
2. ਰਾਜਨੀਤੀ ਸ਼ਾਸਤਰ ਤੋਂ ਕੀ ਭਾਵ ਹੈ ?
3. ਭੌਤਿਕ ਮਨੋਵਿਗਿਆਨ ਤੋਂ ਕੀ ਭਾਵ ਹੈ ?
4. ਸੱਭਿਆਚਾਰ ਮਨੋਵਿਗਿਆਨ ਤੋਂ ਕੀ ਭਾਵ ਹੈ ?
5. ਅਰਥ ਸ਼ਾਸਤਰ ਕੀ ਹੈ ?
6. ਇਤਿਹਾਸ ਕੀ ਹੈ ?

## ਨਿਮਨ ਲਿਖਤ ਪ੍ਰਸ਼ਨਾਂ ਦੇ ਉੱਤਰ 75-85 ਸ਼ਬਦਾਂ ਵਿੱਚ ਦਿਓ-

1. ਸਮਾਜ ਸ਼ਾਸਤਰ ਅਤੇ ਰਾਜਨੀਤੀ ਸ਼ਾਸਤਰ ਵਿੱਚ ਦੋ ਭਿੰਨਤਾਵਾਂ ਦੱਸੋ ?
2. ਸਮਾਜ ਸ਼ਾਸਤਰ ਅਤੇ ਇਤਿਹਾਸ ਵਿੱਚ ਕੀ ਸੰਬੰਧ ਹੈ ? ਦੋ ਵਿਚਾਰ ਦਿਓ ?
3. ਸਮਾਜ ਸ਼ਾਸਤਰ ਅਤੇ ਮਾਨਵ ਸ਼ਾਸਤਰ ਵਿੱਚ ਸੰਬੰਧਾਂ ਦੀ ਸੰਖੇਪ ਵਿਆਖਿਆ ਕਰੋ।
4. ਸਮਾਜ ਸ਼ਾਸਤਰ ਅਰਥ ਸ਼ਾਸਤਰ ਨਾਲ਼ ਕਿਵੇਂ ਸਬੰਧਿਤ ਹੈ ? ਸੰਖੇਪ ਵਰਣਨ ਕਰੋ।
5. ਸਮਾਜ ਸ਼ਾਸਤਰ ਅਤੇ ਮਨੋਵਿਗਿਆਨ ਦੇ ਸੰਬੰਧਾਂ ਦਾ ਵਰਣਨ ਕਰੋ।
6. ਸਮਾਜ ਸ਼ਾਸਤਰ ਰਾਜਨੀਤੀ ਸ਼ਾਸਤਰ ਨਾਲ਼ ਕਿਵੇਂ ਅੰਤਰਸੰਬੰਧਿਤ ਹੈ ? ਵਿਆਖਿਆ ਕਰੋ ?
7. ਸਮਾਜ ਸ਼ਾਸਤਰ ਅਤੇ ਮਾਨਵ ਸ਼ਾਸਤਰ ਵਿੱਚ ਸੰਖੇਪ ਭਿੰਨਤਾ ਦਾ ਵਰਣਨ ਕਰੋ।
8. ਸਮਾਜ ਸ਼ਾਸਤਰ ਅਤੇ ਅਰਥਸ਼ਾਸਤਰ ਵਿੱਚ ਸੰਖੇਪ ਭਿੰਨਤਾ ਦਾ ਵਰਣਨ ਕਰੋ।
9. ਸਮਾਜ ਸ਼ਾਸਤਰ ਅਤੇ ਮਨੋਵਿਗਿਆਨ ਵਿੱਚ ਭਿੰਨਤਾ ਕਰੋ।
10. ਸਮਾਜ ਸ਼ਾਸਤਰ ਅਤੇ ਇਤਿਹਾਸ ਵਿੱਚ ਸੰਖੇਪ ਭਿੰਨਤਾ ਕਰੋ।


## ਨਿਮਨ ਲਿਖਤ ਪ੍ਰਸ਼ਨਾਂ ਦੇ ਉੱਤਰ 250-300 ਸ਼ਬਦਾਂ ਵਿੱਚ ਦਿਓ-

1. ਸਮਾਜ ਸ਼ਾਸਤਰ ਦੂਜੇ ਸਮਾਜਿਕ ਵਿਗਿਆਨਾਂ ਤੋਂ ਕਿਵੇਂ ਭਿੰਨ ਹੈ। 'ਤੇ ਵਿਸਤਾਰ ਸਹਿਤ ਵਰਨਣ ਕਰੋ।
2. ਸਮਾਜ ਸ਼ਾਸਤਰ ਅਤੇ ਇਤਿਹਾਸ ਵਿਚਲੇ ਸੰਬੰਧਾਂ ਤੇ ਵਿਸਥਾਰ ਪੂਰਵਕ ਨੋਟ ਲਿਖੋ।
3. ਰਾਜਨੀਤਿਕ ਸ਼ਾਸਤਰ ਦੇ ਅਧਿਐਨ ਲਈ ਸਮਾਜ ਸ਼ਾਸਤਰ ਦੀ ਸਮਝ ਦੀ ਲੋੜ ਕਿਉਂ ਹੈ ? ਵਿਆਖਿਆ ਕਰੋ।
4. ਮਨੋਵਿਗਿਆਨ ਸਮਾਜ ਸ਼ਾਸਤਰ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ ?

## ਇਕਾਈ -II

# ਸਮਾਜ ਸ਼ਾਸਤਰ ਦੀਆਂ ਮੂਲ ਧਾਰਨਾਵਾਂ





ਅਧਿਆਏ 3

# ਸਮਾਜ, ਸਮੁਦਾਇ ਅਤੇ ਸਭਾ


## ਮੁੱਖ ਅੰਸ਼

3.1 **ਅਰਥ**

3.2 **ਵਿਸ਼ੇਸ਼ਤਾਵਾਂ**

3.3 **ਵਿਅਕਤੀ ਅਤੇ ਸਮਾਜ**

3.4 **ਸਮਾਜ, ਸਮੁਦਾਇ ਅਤੇ ਸਭਾ ਵਿੱਚ ਭਿੰਨਤਾ**



## ਜਾਣ ਪਛਾਣ

ਸਮਾਜ ਸ਼ਾਸ਼ਤਰ ਸਮਾਜਿਕ ਸੰਬੰਧਾਂ ਅਤੇ ਅੰਤਰ ਕਿਰਿਆਵਾਂ ਦਾ ਅਧਿਐਨ ਹੈ। ਇਹ ਸੰਬੰਧ ਅਤੇ ਅੰਤਰ ਕਿਰਿਆ ਖਲਾਅ ਵਿੱਚ ਨਹੀਂ ਹੁੰਦੇ ਸਗੋਂ ਇੱਕ ਸਮਾਜ ਦੀਆਂ ਕੁਝ ਇਕਾਈਆਂ ਦੇ ਵਿਚਕਾਰ ਹੋਂਦ ਵਿੱਚ ਆਉਂਦੇ ਹਨ। ਇਸ ਅਧਿਐਨ ਵਿੱਚ ਅਸੀਂ ਅਜਿਹੀਆਂ ਤਿੰਨ ਇਕਾਈਆਂ ਅਰਥਾਤ ਸਮਾਜ, ਸਮੁਦਾਇ ਅਤੇ ਸਭਾ ਦੀ ਚਰਚਾ ਕਰਾਂਗੇ।

### 1. ਸਮਾਜ :

ਗ੍ਰੀਕ ਦਾਰਸ਼ਨਿਕ ਅਰਸਤੂ ਦੇ ਸ਼ਬਦਾਂ ਵਿੱਚ, 'ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ'। ਇੱਕ ਵਿਅਕਤੀ ਸਮਾਜ ਤੋਂ ਬਿਨਾਂ ਜੀਵਨ ਦੀ ਕਲਪਨਾ ਵੀ ਨਹੀਂ ਕਰ ਸਕਦਾ ਕਿਉਂਕਿ ਅਸੀਂ ਸਮਾਜ ਵਿੱਚ ਜਨਮ ਲੈਂਦੇ ਹਾਂ ਅਤੇ ਆਪਣਾ ਸਾਰਾ ਜੀਵਨ ਸਮਾਜ ਵਿੱਚ ਹੀ ਬਤੀਤ ਕਰਦੇ ਹਾਂ। ਸਮਾਜ ਸ਼ਬਦ

ਅੰਗਰੇਜ਼ੀ ਭਾਸ਼ਾ ਦੇ ਸ਼ਬਦ 'ਸੋਸਾਇਟੀ' ਦਾ ਸਮਾਨਾਰਥੀ ਹੈ ਜੋ ਲਤੀਨੀ ਭਾਸ਼ਾ ਦੇ ਸ਼ਬਦ 'ਸੋਸ਼ੀਅਸ' ਤੋਂ ਲਿਆ ਗਿਆ ਹੈ ਜਿਸਦਾ ਅਰਥ ਸਾਥੀ ਜਾਂ ਮਿੱਤਰਤਾ ਹੈ। ਮਿੱਤਰਤਾ ਤੋਂ ਭਾਵ ਸਮਾਜਿਕਤਾ ਹੈ ਜੋ ਇਹ ਦੱਸਦੀ ਹੈ ਕਿ ਮਨੁੱਖ ਹਮੇਸ਼ਾ ਹੋਰ ਲੋਕਾਂ ਦੇ ਸਾਥ ਵਿੱਚ ਹੀ ਰਹਿੰਦਾ ਹੈ।




ਸਮਾਜ ਦੀ ਸੌਖੀ ਪਰਿਭਾਸ਼ਾ ਕਰਦਿਆਂ ਆਖਿਆ ਜਾ ਸਕਦਾ ਹੈ ਕਿ ਸਮਾਜ ਇਕ ਨਿਸ਼ਚਿਤ ਖੇਤਰ, ਇੱਕ ਸਮਾਜਿਕ ਸੰਰਚਨਾ, ਅੰਤਰ-ਕਿਰਿਆਵਾਂ ਅਤੇ ਸੱਭਿਆਚਾਰ ਨਾਲ਼ ਸੰਬੰਧਿਤ ਵਿਅਕਤੀਆਂ ਦਾ ਇੱਕ ਸਮੂਹ ਹੈ। ਇਹ ਵਿਅਕਤੀਆਂ ਅਤੇ ਸਮੂਹਾਂ ਦੇ ਵਿਚਕਾਰ ਪਰਸਪਰ ਅੰਤਰ-ਕਿਰਿਆਵਾਂ ਅਤੇ ਅੰਤਰ ਸੰਬੰਧਾਂ ਨਾਲ਼ ਸਥਾਪਿਤ ਹੁੰਦਾ ਹੈ। ਇਹ ਅਨੇਕ ਸੰਸਥਾਵਾਂ ਨਾਲ਼ ਨਿਰਮਤ ਇੱਕ ਸੰਗਠਿਤ ਵਿਵਸਥਾ-ਪ੍ਰਣਾਲੀ ਹੈ, ਜੋ ਇਕ ਦੂਸਰੇ ਦੇ ਸਹਿਯੋਗ ਨਾਲ਼ ਕੰਮ ਕਰਦੀ ਹੈ। ਇੱਕ ਸੰਗਠਨ ਦੇ ਰੂਪ ਵਿੱਚ ਸਮਾਜ ਸਾਂਝੇ ਉਦੇਸ਼ਾਂ ਅਤੇ ਨਿਸ਼ਚਿਤ ਮਨੋਰਥਾਂ ਦਾ ਸਮੂਹ ਹੈ। ਇਸ ਦੇ ਸੁਚੱਜੇ ਢੰਗ ਨਾਲ਼ ਕਾਰਜ ਕਰਨ ਲਈ ਜ਼ਰੂਰੀ ਹੈ ਕਿ ਸਮਾਜ ਦੇ ਕੁਝ ਨਿਸ਼ਚਿਤ ਪਰਿਭਾਸ਼ਿਤ ਨਿਯਮ, ਮਾਪਦੰਡ, ਪ੍ਰਤਿਮਾਨ ਅਤੇ ਮੁੱਲ ਹੋਣੇ ਚਾਹੀਦੇ ਹਨ, ਜੋ ਮੈਂਬਰਾਂ ਦੇ ਵਿਅਕਤੀਗਤ ਵਿਵਹਾਰ ਦੇ ਪ੍ਰਤਿਮਾਨਾ ਨੂੰ ਨਿਰਧਾਰਨ ਕਰਨ ਵਿੱਚ ਉਪਯੋਗੀ ਹੁੰਦੇ ਹਨ। ਇਸ ਪ੍ਰਕਾਰ ਕੁਝ ਲੋਕਾਂ ਦੇ ਲਈ, ਸਮਾਜ ਵਿਅਕਤੀਆਂ ਦਾ ਇੱਕ ਇੱਕਠ ਹੈ ਜਦੋਂ ਕਿ ਦੂਜੇ ਇਸ ਨੂੰ ਇਕ ਸਮਾਜਿਕ ਸੰਬੰਧਾਂ ਦੇ ਇੱਕ ਜਾਲ਼ ਦੇ ਰੂਪ ਵਿੱਚ ਪਰਿਭਾਸ਼ਿਤ ਕਰਦੇ ਹਨ, ਜੋ ਕਿ ਵਿਅਕਤੀਆਂ ਜਾਂ ਸਮੂਹਾਂ ਦੇ ਵਿਚਕਾਰ ਮੌਜੂਦ ਹੁੰਦਾ ਹੈ।

ਵੱਖ-ਵੱਖ ਸਮਾਜ ਵਿਗਿਆਨਾ ਵਿੱਚ ਸਮਾਜ ਦੇ ਅਰਥ ਵੱਖੋ-ਵੱਖਰੇ ਹਨ। ਪ੍ਰੰਤੂ ਸਮਾਜ ਸ਼ਾਸਤਰ ਵਿੱਚ ਇਸਦਾ ਪ੍ਰਯੋਗ ਵਿਭਿੰਨ ਪ੍ਰਕਾਰ ਦੀਆਂ ਸਮਾਜਿਕ ਇਕਾਈਆਂ ਦੇ ਸੰਦਰਭ ਵਿੱਚ ਹੁੰਦਾ ਹੈ। ਸਮਾਜ ਸ਼ਾਸਤਰ ਦਾ ਮੁੱਖ ਕੇਂਦਰ ਬਿੰਦੂ ਮਨੁੱਖੀ ਸਮਾਜ ਹੈ ਅਤੇ ਇਸ ਵਿੱਚ ਪਾਏ ਜਾਣ ਵਾਲ਼ੇ ਸੰਬੰਧਾਂ ਦਾ ਵਿਗਿਆਨਕ ਅਧਿਐਨ ਹੈ। ਇਕ ਸਮਾਜ ਸ਼ਾਸ਼ਤਰੀ ਸਮਾਜਿਕ ਪ੍ਰਾਣੀਆਂ ਦੇ ਅੰਤਰ ਸੰਬੰਧਾਂ ਦਾ ਅਧਿਐਨ ਕਰਦਾ ਹੈ ਅਤੇ ਇਹ ਖੋਜਦਾ ਹੈ ਕਿ ਵਿਸ਼ੇਸ਼ ਸਥਿਤੀ ਵਿੱਚ ਇਕ ਵਿਅਕਤੀ ਕਿਹੋ ਜਿਹਾ ਵਿਵਹਾਰ ਕਰਦਾ ਹੈ। ਉਸ ਨੂੰ ਦੂਸਰੇ ਵਿਅਕਤੀਆਂ ਤੋਂ ਕਿਹੋ ਜਿਹੀ ਉਮੀਦ ਕਰਨੀ ਚਾਹੀਦੀ ਹੈ ਅਤੇ ਦੂਸਰੇ ਲੋਕ ਉਸ ਤੋਂ ਕੀ ਉਮੀਦਾਂ ਰੱਖਦੇ ਹਨ।



ਸਮਾਜ ਦੇ ਸੰਬੰਧ ਵਿੱਚ ਕੁੱਝ ਮਹੱਤਵਪੂਰਨ ਧਾਰਨਾਵਾਂ ਨਿਮਨ ਲਿਖਤ ਹਨ।

- **ਅਗਸਤ ਕਾਮਤੇ** : "ਸਮਾਜਿਕ ਸੰਰਚਨਾ ਅਤੇ ਪ੍ਰਕਿਰਿਆਵਾਂ ਦੇ ਵਿਚਕਾਰ ਤਾਲਮੇਲ ਰੱਖਣ ਵਾਲ਼ਾ ਸਮਾਜਿਕ ਸਮੂਹ ਹੈ।"
- **ਆਰ. ਐੱਮ. ਮੈਕਾਈਵਰ ਅਤੇ ਚਾਰਲਸ ਪੇਜ** : "ਸਮਾਜ ਸਮਾਜਿਕ ਸੰਬੰਧਾਂ ਦਾ ਇਕ ਜਾਲ਼ ਹੈ।"
- **ਐੱਫ. ਐੱਚ. ਗਿੱਡੀਗੰਜ** : "ਸਮਾਜ ਆਪਣੇ ਆਪ ਵਿੱਚ ਇਕ ਸੰਘ, ਸੰਗਠਨ ਅਤੇ ਰਸਮੀ ਸੰਬੰਧਾਂ ਦਾ ਸਮੂਹ ਹੈ, ਜਿਸ ਵਿੱਚ ਸੰਬੰਧਿਤ ਵਿਅਕਤੀ ਇਕ ਦੂਜੇ ਨਾਲ਼ ਜੁੜੇ ਹੁੰਦੇ ਹਨ।"
- **ਮੈਰਿਸ ਗ਼ਿਨਸ ਬਰਗ** : "ਸਮਾਜ ਵਿਅਕਤੀਆਂ ਦਾ ਇਕ ਅਜਿਹਾ ਇੱਕਠ ਹੈ, ਜੋ ਸੰਬੰਧਾਂ ਅਤੇ ਵਿਵਹਾਰਾਂ ਦੀ ਵਿਧੀਆਂ ਦੁਆਰਾ ਇਕ ਦੂਜੇ ਨਾਲ਼ ਸੰਬੰਧਿਤ ਹੈ। ਜੋ ਵਿਅਕਤੀ ਇਹਨਾਂ ਨਾਲ਼ ਸੰਬੰਧਿਤ ਨਹੀਂ ਹੁੰਦੇ ਅਤੇ ਜਿਨ੍ਹਾਂ ਦੇ ਵਿਵਹਾਰ ਇਹਨਾਂ ਤੋਂ ਭਿੰਨ ਹੁੰਦੇ ਹਨ, ਉਹ ਸਮਾਜ ਤੋਂ ਅਲੱਗ ਹੁੰਦੇ ਹਨ।"
- **ਜੀ. ਐੱਚ. ਮੀਡ**. "ਸਮਾਜ ਪਹਿਲਾਂ ਤੋਂ ਮੌਜੂਦ ਵਿਅਕਤੀਆਂ ਦਾ ਇੱਕਠ ਨਹੀਂ ਹੈ ਪਰ ਇਹ ਪ੍ਰਕਿਰਿਆਤਮਕ ਸੰਬੰਧ ਹੈ। ਜਿਸ ਵਿੱਚ ਵਿਅਕਤੀ ਆਪਣੇ-ਆਪ ਨੂੰ ਸਮਾਜਿਕ ਕਿਰਿਆਵਾਂ ਵਿੱਚ ਸਹਿਯੋਗ ਦੇ ਮਾਧਿਅਮ ਵਿਚਕਾਰ ਪਰਿਭਾਸ਼ਿਤ ਕਰਦਾ ਹੈ।"

ਇਸ ਤਰ੍ਹਾਂ ਸੰਪੂਰਨ ਰੂਪ ਵਿੱਚ ਆਖਿਆ ਜਾ ਸਕਦਾ ਹੈ ਕਿ ਸਮਾਜ ਸੰਬੰਧਾਂ, ਸੰਸਥਾਵਾਂ ਅਤੇ ਸੰਗਠਨਾ ਨਾਲ਼ ਬਣਦਾ ਹੈ। ਇਸ ਉਹਨਾਂ ਲੋਕਾਂ ਅਤੇ ਵਿਅਕਤੀਆਂ ਵਿੱਚ 'ਅਸੀਂ ਦੀ ਭਾਵਨਾ' ਪੈਦਾ ਕਰਦਾ ਹੈ ਜੋ ਇਕ ਦੂਜੇ 'ਤੇ ਨਿਰਤਰ ਹੁੰਦੇ ਹਨ।

## ਸਮਾਜ ਦੀਆਂ ਕਿਸਮਾਂ

ਵੱਖ-ਵੱਖ ਲੇਖਕਾਂ ਨੇ ਸਮਾਜ ਨੂੰ ਬਹੁਤ ਸਾਰੀਆਂ ਸ਼੍ਰੇਣੀਆਂ ਵਿੱਚ ਵੰਡਿਆ ਹੈ। ਇਹ ਸਾਰੇ ਵਿਚਾਰਕ ਸਮਾਜ ਨੂੰ ਮੋਟੇ ਤੌਰ 'ਤੇ ਪੂਰਵ ਉਦਯੋਗੀਕਰਨ ਅਤੇ ਉੱਤਰ ਉਦਯੋਗੀਕਰਨ ਦੇ ਸਮਾਜਾਂ ਵਿੱਚ ਵੰਡਦੇ ਹਨ। ਸਮਾਜ ਸ਼ਾਸਤਰੀ ਕਾਮਤੇ ਨੇ ਬੌਧਿਕ ਵਿਕਾਸ ਦੇ ਆਧਾਰ 'ਤੇ ਸਮਾਜ ਦਾ ਵਰਗੀਕਰਨ ਕੀਤਾ ਹੈ। ਇਸ ਵਰਗੀਕਰਨ ਤੋਂ ਬਾਅਦ ਵਿੱਚ, ਸਮਾਜ ਸ਼ਾਸ਼ਤਰੀ ਆਮ ਤੌਰ 'ਤੇ ਸਮਾਜ ਨੂੰ ਆਦਮ ਜਾਂ ਆਧੁਨਿਕ ਅਤੇ ਅਨਪੜ੍ਹ ਜਾਂ ਪੜ੍ਹੇ ਲਿਖੇ ਸਮਾਜਾਂ ਦੇ ਰੂਪ ਵਿੱਚ ਵੇਖਦੇ ਹਨ। ਇਕ ਨਵੇਂ ਪ੍ਰਕਾਰ ਦੇ ਵਰਗੀਕਰਨ ਦੇ ਆਧਾਰ 'ਤੇ ਸਮਾਜ ਨੂੰ ਖੁੱਲ੍ਹੇ ਅਤੇ ਬੰਦ ਸਮਾਜਾਂ ਵਿੱਚ ਵੰਡਿਆ ਜਾਂਦਾ ਹੈ। ਬੰਦ ਸਮਾਜ ਪੰਰਪਰਾਗਤ, ਸਰਲ ਅਤੇ ਸਰਬ ਸ਼ਕਤੀਮਾਨ ਹੁੰਦੇ ਹਨ ਅਤੇ ਪਰਿਵਰਤਨ ਦਾ ਵਿਰੋਧ ਕਰਦੇ ਹਨ। ਜਦੋਂ ਕਿ ਇਕ ਖੁੱਲ੍ਹਾ ਸਮਾਜ ਪਰਿਵਰਤਨ ਨੂੰ ਸਵੀਕਾਰ ਕਰਦਾ ਹੈ।




ਉਪਰੋਕਤ ਤਸਵੀਰ ਤੋਂ ਸਪਸ਼ਟ ਹੁੰਦਾ ਹੈ ਕਿ ਸਮਾਜਾਂ ਦਾ ਵਰਗੀਕਰਨ ਸਮਾਜਿਕ ਵਿਕਾਸ (ਮਾਰਗਨ), ਬੌਧਿਕ ਵਿਕਾਸ (ਕਾਮਤੇ), ਸੰਰਚਨਾਤਮਕ ਜਟਿਲਤਾ ਦੀ ਮਾਤਰਾ (ਸਪੈਂਸਰ), ਸਮਾਜਿਕ ਸੰਬੰਧਾਂ ਦੇ ਪ੍ਰਕਾਰ (ਟੋਨਿਸ) ਅਤੇ ਏਕਤਾ ਦੀਆਂ ਕਿਸਮਾਂ (ਦੁਰਖ਼ੀਮ) ਦੇ ਆਧਾਰ 'ਤੇ ਕੀਤਾ ਜਾ ਸਕਦਾ ਹੈ।

## ਸਮਾਜ ਦੀਆਂ ਵਿਸ਼ੇਸ਼ਤਾਵਾਂ

1. **ਸਮਾਜ ਅਮੂਰਤ ਹੈ :** ਅਸੀਂ ਸਾਰੇ ਜਾਣਦੇ ਹਾਂ ਕਿ ਸਮਾਜ ਸਾਡੇ ਤੋਂ ਬਾਹਰੀ ਹੈ ਅਤੇ ਸਾਡੇ ਵਿਵਹਾਰ, ਚਿੰਤਨ ਅਤੇ ਕਿਰਿਆਵਾਂ ਨੂੰ ਪ੍ਰਭਾਵਿਤ ਕਰਦਾ ਹੈ। ਪ੍ਰੰਤੂ ਕੀ ਤੁਸੀਂ ਕਦੇ ਸਮਾਜ ਨੂੰ ਵੇਖਿਆ ਹੈ? ਸੰਭਵ ਇਸਦਾ ਜਵਾਬ ਨਹੀਂ ਹੀ ਹੋਵੇਗਾ ਜਿਵੇਂ ਕਿ ਪਹਿਲਾਂ ਵਿਆਖਿਆ ਕੀਤੀ ਗਈ ਹੈ ਕਿ ਸਮਾਜ ਸੰਬੰਧਾਂ ਦਾ ਜਾਲ ਹੈ। ਸਮਾਜਿਕ ਸੰਬੰਧ ਅਦ੍ਰਿਸ਼ ਹੁੰਦੇ ਹਨ ਅਤੇ ਅਸੀਂ ਸਾਰੇ ਇਕ ਤਰ੍ਹਾਂ ਨਾਲ਼ ਜਾਂ ਕਿਸੇ ਹੋਰ ਤਰ੍ਹਾਂ ਨਾਲ਼ ਸਮਾਜਿਕ ਸੰਬੰਧਾਂ ਨਾਲ਼ ਬੱਝੇ ਹੋਏ ਹਾਂ। ਅਸੀਂ ਇਹਨਾਂ ਸੰਬੰਧਾਂ ਨੂੰ ਦੇਖ ਜਾਂ ਛੂਹ ਨਹੀਂ ਸਕਦੇ ਪ੍ਰੰਤੂ ਅਸੀਂ ਇਹਨਾਂ ਦੀ ਮੌਜੂਦਗੀ ਨੂੰ ਮਹਿਸੂਸ ਕਰ ਸਕਦੇ ਹਾਂ। ਇਸ ਦੇ ਇਲਾਵਾ ਸਮਾਜ ਪ੍ਰਥਾਵਾਂ, ਪਰੰਪਰਾਵਾਂ, ਲੋਕਰੀਤੀਆਂ

ਰੂੜ੍ਹੀਆਂ ਅਤੇ ਸੱਭਿਆਚਾਰ ਤੋਂ ਬਣਦਾ ਹੈ ਜੋ ਕਿ ਅਮੂਰਤ ਹੁੰਦਾ ਹੈ, ਇਸ ਲਈ ਸਮਾਜ ਇਕ ਅਮੂਰਤ ਵਰਤਾਰਾ ਹੈ।

2. **ਸਮਾਜ ਵਿੱਚ ਸਮਾਨਤਾ ਪਾਈ ਜਾਂਦੀ ਹੈ :** ਸਮਾਜ ਮੈਂਬਰਾਂ ਦੇ ਨਾਲ਼ ਬਣਦਾ ਹੈ, ਜਿਸ ਵਿੱਚ ਹੋਰ ਪੱਧਰਾਂ ਤੇ ਭੇਦਭਾਵ ਹੋਣ ਦੇ ਬਾਵਜੂਦ ਕੁਝ ਹੱਦ ਤੱਕ ਮਾਨਸਿਕ ਸਮਾਨਤਾ ਪਾਈ ਜਾਂਦੀ ਹੈ। ਉਹ ਬਹੁਤ ਹੱਦ ਤੱਕ ਇਕੋ ਜਿਹਾ ਅਨੁਭਵ ਕਰਦੇ, ਇਕੋ ਜਿਹੀ ਕਿਰਿਆ ਕਰਦੇ ਅਤੇ ਇਕੋ ਜਿਹਾ ਸੋਚਦੇ ਹਨ। ਸਮਾਨਤਾ ਦੀ ਭਾਵਨਾ ਤੋਂ ਬਿਨ੍ਹਾਂ ਸੰਬੰਧਿਤਤਾ ਦੀ ਭਾਵਨਾ' ਨਹੀਂ ਹੋ ਸਕਦੀ ਅਤੇ ਨਾ ਹੀ ਸਮਾਜ। ਉਦਾਰਹਨ ਦੇ ਤੌਰ 'ਤੇ ਅਸੀਂ ਸਾਰੇ ਭਾਰਤ ਦੇ ਲਈ ਸਮਾਨ ਭਾਵਨਾਵਾਂ ਰੱਖਦੇ ਹਾਂ ਅਤੇ ਸੱਭਿਆਚਾਰਕ ਅਤੇ ਧਾਰਮਿਕ ਭਿੰਨਤਾਵਾਂ ਦੇ ਬਾਵਜੂਦ 'ਸੁਤੰਤਰਤਾ ਦਿਵਸ' ਤੇ ਆਪਣੇ ਰਾਸ਼ਟਰੀ ਝੰਡੇ ਨੂੰ ਇਕ ਸਮਾਨ ਢੰਗ ਨਾਲ਼ ਲਹਿਰਾਉਂਦੇ ਹਾਂ ਅਤੇ ਪ੍ਰਣਾਮ ਕਰਦੇ ਹਾਂ। 'ਅਸੀਂ', 'ਸਾਨੂੰ', ਅਤੇ 'ਸਾਡੇ' ਉਹ ਸੰਕਲਪ ਹਨ, ਜੋ ਵਿਚਾਰਾਂ ਦੀ ਸਮਾਨਤਾ ਦੀ ਵਿਆਖਿਆ ਕਰਦੇ ਹਨ। ਇਕ ਸਮਾਜ ਵਿੱਚ ਸਮਰੂਪਤਾ ਅਤੇ ਸਮਾਨਤਾ ਭਿੰਨਤਾ ਤੋਂ ਜ਼ਿਆਦਾ ਮਹੱਤਵਪੂਰਨ ਹੁੰਦੀ ਹੈ ਭਾਵੇਂ ਕਿ ਦੋਵੇਂ ਹੀ ਸਮਾਜ ਦਾ ਅਨਿੱਖੜਵਾਂ ਅੰਗ ਹਨ।

3. **ਸਮਾਜ ਵਿੱਚ ਵਿਭਿੰਨਤਾ ਪਾਈ ਜਾਂਦੀ ਹੈ :** ਕੀ ਤੁਸੀਂ ਆਪਣੇ ਮਾਪਿਆਂ ਅਤੇ ਸੰਬੰਧੀਆਂ ਨੂੰ ਇਕੋ ਜਿਹੀ ਮਹੱਤਤਾ ਦਿੰਦੇ ਹੋ ? ਕੀ ਇਕ ਸਮਾਜ ਦੇ ਸਾਰੇ ਮੈਂਬਰਾਂ ਦੇ ਵਿਚਕਾਰ ਇਕੋ ਜਿਹੀ ਰੁਚੀ ਅਤੇ ਪਸੰਦ ਪਾਈ ਜਾਂਦੀ ਹੈ ? ਸਪਸ਼ਟ ਹੈ ਕਿ ਅਜਿਹਾ ਨਹੀਂ ਹੁੰਦਾ। ਸਮਾਜ ਦੇ ਮੈਂਬਰ ਆਪਣੀ ਪਸੰਦ, ਰੁਚੀ, ਭਾਵਨਾਵਾਂ, ਸੰਸਕ੍ਰਿਤੀ ਅਤੇ ਹੋਰ ਅਨੇਕਾਂ ਆਧਾਰਾਂ ਤੇ ਇਕ ਦੂਜੇ ਨਾਲ਼ੋਂ ਭਿੰਨ ਹੁੰਦੇ ਹਨ। ਇਸਦਾ ਅਰਥ ਇਹ ਹੈ ਕਿ ਸਮਾਜ ਵਿੱਚ ਭਿੰਨਤਾਵਾਂ ਪਾਈਆਂ ਜਾਂਦੀਆਂ ਹਨ, ਜੋ ਸਮਾਜ ਦੇ ਮੈਂਬਰਾਂ ਵਿੱਚ ਸੁਭਾਵਿਕ ਰੂਪ ਵਿੱਚ ਹੁੰਦੀਆਂ ਹਨ, ਅਤੇ ਪੀੜ੍ਹੀ ਦਰ ਪੀੜ੍ਹੀ ਚਲਦੀਆਂ ਰਹਿੰਦੀਆਂ ਹਨ। ਇਥੋਂ ਤੱਕ ਕਿ ਜੁੜਵਾਂ ਬੱਚੇ ਵੀ ਪ੍ਰਕਿਰਤਿਕ ਰੁਚੀ, ਯੋਗਤਾਵਾਂ ਵਿੱਚ ਸੁਭਾਵਿਕ ਰੂਪ ਨਾਲ਼ ਇਕ ਦੂਸਰੇ ਤੋਂ ਭਿੰਨ ਹੁੰਦੇ ਹਨ। ਸਮਾਜਿਕ ਸੰਬੰਧਾਂ ਦੇ ਜਾਲ ਦੇ ਰੂਪ ਵਿੱਚ ਸਮਾਜ ਉਹਨਾਂ ਭਿੰਨਤਾਵਾਂ ਨੂੰ ਸ਼ਾਮਿਲ ਕਰਦੇ ਹਨ, ਜੋ ਸਮਾਜ ਵਿੱਚ ਅੰਤਰ ਕਿਰਿਆ ਕਰ ਰਹੇ ਮੈਂਬਰਾਂ ਦੇ ਵਿਚਕਾਰ ਪਾਈਆਂ ਜਾਂਦੀਆਂ ਹਨ। ਭਾਵੇਂ ਕਿ ਭਿੰਨਤਾਵਾਂ ਸਮਾਜ ਦੇ ਲਈ ਜ਼ਰੂਰੀ ਹਨ, ਪਰ ਹਮੇਸ਼ਾ ਭਿੰਨਤਾਵਾਂ ਦੇ ਆਧਾਰ 'ਤੇ ਸਮਾਜ ਨਿਰਮਤ ਨਹੀਂ ਹੁੰਦਾ। ਇਸ ਲਈ ਭਿੰਨਤਾ ਸਮਾਨਤਾ ਦੇ ਅਧੀਨ ਹੁੰਦੀ ਹੈ

4. **ਸਹਿਯੋਗ ਅਤੇ ਸੰਘਰਸ਼ ਸਮਾਜ ਦੇ ਅਟੁੱਟ ਅੰਗ ਹਨ :** ਸਹਿਯੋਗ ਅਤੇ ਸੰਘਰਸ਼ ਮਨੁੱਖੀ ਸਮਾਜ ਦੇ ਸੁਭਾਵਿਕ ਤੱਤ ਹਨ। ਸਮਾਜ ਦੇ ਮੈਂਬਰ ਭਿੰਨਤਾਵਾਂ 'ਤੇ ਧਿਆਨ ਦਿੱਤੇ ਬਿਨਾਂ, ਸਮਾਜ ਦੀਆਂ ਸੰਸਥਾਵਾਂ ਨੂੰ ਸੰਚਾਲਿਤ ਕਰਨ ਦੇ ਲਈ ਸਹਿਯੋਗ ਕਰਦੇ ਹਨ। ਇਕ ਇੱਕਲਾ ਵਿਅਕਤੀ ਆਪਣੀਆਂ ਜ਼ਰੂਰਤਾਵਾਂ ਨੂੰ ਪੂਰਾ ਨਹੀਂ ਕਰ ਸਕਦਾ। ਇਕ ਆਰਾਮਦਾਇਕ ਅਤੇ ਸ਼ਾਂਤੀ ਪੂਰਨ ਜੀਵਨ ਜੀਉਣ ਦੇ ਲਈ ਵਿਅਕਤੀ ਨੂੰ ਹੋਰ ਲੋਕਾਂ ਨਾਲ਼ ਸਹਿਯੋਗ ਕਰਨਾ

ਪੈਂਦਾ ਹੈ। ਉਦਾਹਰਨ ਦੇ ਲਈ, ਇਕ ਸਮਾਜ ਵਿੱਚ ਖੇਤੀ ਉਤਪਾਦਨ ਪ੍ਰਕਿਰਿਆ ਵਿੱਚ ਲੱਗੇ ਲੋਕ ਆਪਸ ਵਿੱਚ ਅੰਤਰ ਕਿਰਿਆ ਕਰਦੇ ਹਨ ਜਿਸ ਨਾਲ਼ ਸਮਾਜਿਕ ਸੰਬੰਧਾਂ ਦੀ ਇਕ ਸੰਰਚਨਾ ਨਿਰਮਤ ਹੁੰਦੀ ਹੈ। ਅਨਾਜ ਦੇ ਉਤਪਾਦਨ ਦੇ ਲਈ ਕਿਸਾਨ, ਖੇਤ ਮਜ਼ਦੂਰ, ਕਰਜ਼ ਅਤੇ ਬਾਜ਼ਾਰ ਸੰਸਥਾਵਾਂ ਦੇ ਵਿਚਕਾਰ ਸਹਿਯੋਗ ਬਹੁਤ ਜ਼ਰੂਰੀ ਹੈ। ਇਸ ਤਰ੍ਹਾਂ ਇੱਕ ਪਿੰਡ ਵਿੱਚ ਰਹਿਣ ਵਾਲ਼ੇ ਪਰਿਵਾਰ ਇੱਕ ਦੂਜੇ ਨਾਲ਼ ਸਹਿਯੋਗ ਕਰਦੇ ਹਨ ਅਤੇ ਆਪਣੀਆਂ ਸਮਸਿਆਵਾਂ ਨੂੰ ਹੱਲ ਕਰਦੇ ਹਨ। ਇਸ ਨਾਲ਼ ਹੀ ਇਕ ਸਮਾਜ ਦੇ ਮੈਂਬਰਾਂ ਵਿੱਚਕਾਰ ਪਾਏ ਜਾਣ ਵਾਲੇ ਸੰਘਰਸ਼ ਨੂੰ ਘੱਟ ਕਰਕੇ ਨਹੀਂ ਦੇਖਿਆ ਜਾ ਸਕਦਾ। ਸੰਘਰਸ਼ ਇੱਕ ਪ੍ਰਕਿਰਿਆ ਹੈ ਜਿਸਦਾ ਅਰਥ ਅਸਹਿਮਤੀ ਹੁੰਦਾ ਹੈ ਅਤੇ ਇਹ ਸਾਰੇ ਸਮਾਜਾਂ ਵਿੱਚ ਪਾਈ ਜਾਂਦੀ ਹੈ। ਇਸਦੇ ਸਹਿਯੋਗ ਦੇ ਨਾਲ਼ ਸੰਬੰਧ ਅੰਤਰਿਕ ਹੁੰਦੇ ਹਨ, ਅਜਿਹਾ ਲੱਗਦਾ ਹੈ ਕਿ ਸੰਘਰਸ਼ ਦਾ ਅਹਿਸਾਸ ਲੋਕਾਂ ਨੂੰ ਸਮਾਜ ਦੇ ਵਿਕਾਸ ਅਤੇ ਸਥਿਰਤਾ ਨੂੰ ਬਣਾਈ ਰੱਖਣ ਦੇ ਲਈ ਜ਼ਿਆਦਾ ਤੋਂ ਜ਼ਿਆਦਾ ਸਹਿਯੋਗ ਕਰਨ ਲਈ ਪ੍ਰੇਰਿਤ ਕਰਦਾ ਹੈ। ਸੰਘਰਸ਼ ਸਮਾਜ ਦੇ ਸੁਚਾਰੂ ਤਾਲਮੇਲ ਨਾਲ਼ ਸੰਚਾਲਨ ਦੇ ਲਈ ਬਦਲ ਲੱਭਣ ਦੀ ਪ੍ਰਕਿਰਿਆ ਨੂੰ ਸ਼ੁਰੂ ਕਰਦਾ ਹੈ, ਨਹੀਂ ਤਾਂ ਸਮਾਜ ਕਿਰਿਆਹੀਣ ਹੋ ਸਕਦਾ ਹੈ ਇਸ ਲਈ ਸਹਿਯੋਗ ਅਤੇ ਸੰਘਰਸ਼ ਇਕ ਦੂਜੇ ਦੇ ਨਾਲ਼ ਰਹਿੰਦੇ ਹਨ ਅਤੇ ਇਹ ਸਮਾਜ ਦੀਆਂ ਜ਼ਰੂਰੀ ਵਿਸ਼ੇਸ਼ਤਾਵਾਂ ਹਨ।

5. **ਸਮਾਜ ਵਿੱਚ ਸਤਰੀਕਰਨ ਦੀ ਪ੍ਰਣਾਲੀ ਪਾਈ ਜਾਂਦੀ ਹੈ :** ਹਰੇਕ ਸਮਾਜ ਵਿੱਚ ਇਕ ਅਜਿਹੀ ਪ੍ਰਣਾਲੀ ਹੁੰਦੀ ਹੈ, ਜੋ ਲੋਕਾਂ ਨੂੰ ਉੱਚੇ ਅਤੇ ਨੀਵੇਂ ਸਤਰ ਵਿੱਚ ਵੰਡਦੀ ਹੈ। ਸਾਰੇ ਸਮਾਜਾਂ ਵਿੱਚ ਭਿੰਨ-ਭਿੰਨ ਸ਼੍ਰੇਣੀਆਂ ਪਾਈਆਂ ਜਾਂਦੀਆਂ ਹਨ, ਜੋ ਲੋਕਾਂ ਨੂੰ ਧਨ, ਪ੍ਰਸਥਿਤੀ ਅਤੇ ਸ਼ਕਤੀ ਦੇ ਅਧਾਰ 'ਤੇ ਵੰਡਦੀਆਂ ਹਨ। ਸਮਾਜਿਕ ਸਤਰੀਕਰਨ ਪਦਾਰਥਕ, ਪ੍ਰਤੀਕਾਤਮਕ ਅਹੁਦਿਆਂ ਅਤੇ ਸ਼ਕਤੀ ਦੇ ਅਧਾਰ 'ਤੇ ਸਮਾਜਿਕ ਸਮੂਹਾਂ ਵਿੱਚ ਵੱਖਰਤਾਵਾਂ ਦਾ ਨਾਮ ਹੈ।

6. **ਸਮਾਜ ਗਤੀਸ਼ੀਲ ਹੈ :** ਸਮਾਜ ਦੀ ਪ੍ਰਕਿਰਤੀ ਗਤੀਸ਼ੀਲ ਅਤੇ ਪਰਿਵਰਤਨਸ਼ੀਲ ਹੁੰਦੀ ਹੈ। ਸਮਾਜ ਸਥਿਰ ਨਹੀਂ ਹੈ। ਪਰਿਵਰਤਨ ਹਮੇਸ਼ਾ ਸਮਾਜ ਵਿੱਚ ਪਾਇਆ ਜਾਂਦਾ ਹੈ। ਕੋਈ ਵੀ ਸਮਾਜ ਲੰਮੇ ਸਮੇਂ ਦੇ ਲਈ ਸਥਿਰ ਨਹੀਂ ਰਹਿ ਸਕਦਾ। ਪੁਰਾਣੀਆਂ ਪ੍ਰਥਾਵਾਂ, ਪੰਰਪਰਾਵਾਂ, ਲੋਕ-ਰੀਤੀਆਂ, ਰੂੜ੍ਹੀਆਂ, ਮੁੱਲ ਅਤੇ ਸੰਸਥਾਵਾਂ ਬਦਲਦੀਆਂ ਰਹਿੰਦੀਆਂ ਹਨ ਅਤੇ ਉਹਨਾਂ ਦਾ ਸਥਾਨ ਨਵੀਂਆਂ ਪ੍ਰਥਾਵਾਂ ਅਤੇ ਮੁੱਲ ਲੈ ਲੈਂਦੇ ਹਨ। ਨਵੀਆਂ ਪ੍ਰਥਾਵਾਂ ਅਤੇ ਕੀਮਤਾਂ ਇਹਨਾਂ ਦੀ ਥਾਂ ਲੈਂਦੀਆਂ ਹਨ। ਸਮਾਜ ਪਰੰਪਰਾਗਤ ਤੋਂ ਆਧੁਨਿਕ ਰੂਪ ਵਿੱਚ ਬਦਲ ਜਾਂਦਾ ਹੈ। ਪਰਿਵਰਤਨ ਹੌਲ਼ੀ-ਹੌਲ਼ੀ ਜਾਂ ਅਚਾਨਕ ਹੋ ਸਕਦਾ ਹੈ। ਇਹ ਅੰਸ਼ਕ ਜਾਂ ਸੰਪੂਰਨ ਰੂਪ ਵਿੱਚ ਹੋ ਸਕਦਾ ਹੈ। ਮਨੁੱਖੀ ਸਮਾਜ ਦੀ ਇੱਕ ਅੰਤਰਿਕ ਵਿਸ਼ੇਸ਼ਤਾ ਦੇ ਰੂਪ ਵਿੱਚ ਪਰਿਵਰਤਨਸ਼ੀਲਤਾ ਜ਼ਿਆਦਾ ਮਹੱਤਵਪੂਰਣ ਜਾਂ ਘੱਟ ਮਹੱਤਵਪੂਰਣ ਹੋ ਸਕਦੀ ਹੈ।

7. **ਸਮਾਜ ਸੰਗਠਿਤ ਹੈ :** ਸਮਾਜ ਇੱਕ ਸੰਗਠਿਤ ਪ੍ਰਣਾਲੀ ਹੈ। ਇਸ ਵਿੱਚ ਕੁਝ ਨਿਸ਼ਚਿਤ ਨਿਯਮ ਅਤੇ ਵਿਵਹਾਰ ਹੁੰਦੇ ਹਨ। ਜਿਨ੍ਹਾਂ ਦਾ ਹਰੇਕ ਮੈਂਬਰ ਪਾਲਣ ਕਰਦਾ ਹੈ। ਨਿਯਮ ਅਤੇ ਨਿਸ਼ਚਿਤ ਪ੍ਰਤਿਮਾਨ ਸਮਾਜ ਦੇ ਭਿੰਨ-ਭਿੰਨ ਭਾਗਾਂ ਦਾ ਸੰਚਾਲਨ ਕਰਨ ਵਿੱਚ ਸਹਾਇਤਾ ਕਰਦੇ ਹਨ। ਇਸ ਪ੍ਰਕਾਰ ਦਾ ਸਹਿਯੋਗ ਅਤੇ ਸੰਗਠਿਤ ਸੰਚਾਲਨ ਬਹੁਤ ਜ਼ਰੂਰੀ ਹੈ ਤਾਂ ਕਿ ਕਿਸੇ ਵੀ ਪੱਧਰ ਤੇ ਕੰਮ ਨਾ ਰੁਕੇ।

### ਗਤੀਵਿਧੀ-3.1

- ਸਹਿਯੋਗ ਦਾ ਉਦਾਹਰਨ ਦਿਓ ਜੋ ਤੁਸੀਂ ਆਪਣੀ ਪਰਿਵਾਰਕ ਵਿਵਸਥਾ ਵਿੱਚ ਦੇਖਦੇ ਹੋ।
- ਕੀ ਤੁਸੀਂ ਸੋਚਦੇ ਹੋ ਕਿ ਪੀੜ੍ਹੀ-ਅੰਤਰ ਸੰਘਰਸ਼ ਨੂੰ ਪੈਦਾ ਕਰਦਾ ਹੈ।

### ਗਤੀਵਿਧੀ-3.2

- ਸਾਡੇ ਸਮਾਜਾਂ ਵਿੱਚ ਕਈ ਸਾਲਾਂ ਤੋਂ ਹੋ ਰਹੇ ਪਰਿਵਰਤਨਾਂ ਦੇ ਬਾਰੇ ਵਿੱਚ ਆਪਣੇ ਬਜ਼ੁਰਗਾਂ ਜਾਂ ਦਾਦਾ-ਦਾਦੀ ਤੋਂ ਪਤਾ ਕਰੋ।
- ਭਿੰਨ-ਭਿੰਨ ਸਮਾਜਾਂ ਦੇ ਵਿਚਕਾਰ ਪਾਈਆਂ ਜਾਣ ਵਾਲੀਆਂ ਸਮਾਨਤਾਵਾਂ ਅਤੇ ਵਿਭਿੰਨਤਾਵਾਂ 'ਤੇ ਕਲਾਸ ਵਿੱਚ ਆਪਣੇ ਅਧਿਆਪਕ ਨਾਲ਼ ਵਿਚਾਰ-ਵਟਾਂਦਰਾ ਕਰੋ। ਇਸਦੇ ਕਾਰਨ ਪਤਾ ਕਰੋ ਅਤੇ ਇਨ੍ਹਾਂ ਦੀ ਸੂਚੀ ਬਣਾਓ।

### ਗਤੀਵਿਧੀ-3.3

- ਪੰਜਾਬੀ ਸਮਾਜ ਦੇ ਸਾਹਮਣੇ ਦਰਪੇਸ਼ ਚੁਣੌਤੀਆਂ ਦੀ ਇੱਕ ਸੂਚੀ ਬਣਾਓ।

## ਵਿਅਕਤੀ ਅਤੇ ਸਮਾਜ

ਵਿਅਕਤੀ ਜੈਵਿਕ ਇਕਾਈ ਹੀ ਨਹੀਂ ਸਗੋਂ ਇਕ ਸਮਾਜਿਕ ਪ੍ਰਾਣੀ ਵੀ ਹੈ। ਵਿਅਕਤੀਆਂ ਦੇ ਰੂਪ ਵਿੱਚ, ਅਸੀਂ ਹਮੇਸ਼ਾ ਸਮੂਹਾਂ ਦੇ ਮੈਂਬਰ ਹੁੰਦੇ ਹਾਂ ਕਿਉਂਕਿ ਕੋਈ ਵਿਅਕਤੀ ਲੰਬੇ ਸਮੇਂ ਤੱਕ ਇੱਕਲਾ ਨਹੀਂ ਰਹਿ ਸਕਦਾ। ਵਿਅਕਤੀ ਨੂੰ, ਇਕ ਸਮਾਜਿਕ ਪ੍ਰਾਣੀ ਹੋਣ ਦੇ ਨਾਤੇ ਆਪਣੇ ਜੀਵਨ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਦੂਸਰਿਆਂ ਦੀ ਜ਼ਰੂਰਤ ਹੁੰਦੀ ਹੈ। ਹਰੇਕ ਵਿਅਕਤੀ ਵਿੱਚ ਦੂਸਰਿਆਂ ਦੇ

ਨਾਲ਼ ਅੰਤਰ ਕਿਰਿਆ ਕਰਦੇ ਹੋਏ ਜੀਵਨ ਜੀਉਣ ਦੀ ਤੇਜ਼ ਇੱਛਾ ਹੁੰਦੀ ਹੈ। ਹਰੇਕ ਵਿਅਕਤੀ ਜਿਉਣ ਲਈ ਜੀਵਨ ਵਿੱਚ ਦੂਸਰਿਆਂ ਨਾਲ਼ ਅੰਤਰ ਕਿਰਿਆ ਕਰਦਾ ਹੈ। ਆਪਣੀ ਹੋਂਦ ਅਤੇ ਜਿਉਂਦੇ ਰਹਿਣ ਲਈ ਵਿਅਕਤੀ ਨੂੰ ਸਮਾਜ ਅਤੇ ਦੂਸਰਿਆਂ ਦੇ ਸਹਿਯੋਗ ਦੀ ਜ਼ਰੂਰਤ ਹੁੰਦੀ ਹੈ।

ਸਮਾਜ, ਇਕ ਉਤਪਾਦ ਦੇ ਰੂਪ ਵਿੱਚ, ਆਪਣੇ ਵਿਕਾਸ ਲਈ ਇਕ ਅਨੁਕੂਲ ਮੌਕਾ ਪ੍ਰਦਾਨ ਕਰਦਾ ਹੈ। ਇਕ ਸਮਰੱਥ ਅਤੇ ਵਿਵਿਧਤਾ ਪੂਰਨ ਸਮਾਜਿਕ ਜੀਵਨ ਵਿਅਕਤੀ ਨੂੰ, ਨਾ ਕੇਵਲ ਆਪਣੇ ਵਿਅਕਤੀਤਵ ਨੂੰ ਵਿਕਸਿਤ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ ਸਗੋਂ ਸਮਾਜ ਦੇ ਨਾਲ਼ ਇੱਕਠੇ ਵਿਚਰਨ ਦਾ ਮੌਕਾ ਵੀ ਦਿੰਦਾ ਹੈ। ਸਮਾਜ ਦੇ ਇੱਕ ਅਟੁੱਟ ਅੰਗ ਦੇ ਰੂਪ ਵਿੱਚ ਕਿਸੇ ਵਿਅਕਤੀ ਦੀਆਂ ਮਾਨਤਾਵਾਂ, ਦ੍ਰਿਸ਼ਟੀ ਕੋਣ ਅਤੇ ਵਿਚਾਰ ਉਸਨੂੰ ਸਮਾਜ ਅਤੇ ਸਮਾਜ ਦੇ ਦੂਸਰੇ ਮੈਂਬਰਾਂ ਦੇ ਨਾਲ਼ ਸੰਬੰਧਿਤ ਕਰਦੇ ਹਨ। ਪੀਟਰ ਬਰਜਰ ਦੇ ਅਨੁਸਾਰ, 'ਸਮਾਜ ਕੇਵਲ ਵਿਅਕਤੀ ਦੀਆਂ ਗਤੀਵਿਧੀਆਂ ਨੂੰ ਹੀ ਨਿਯੰਤਰਿਤ ਨਹੀਂ ਕਰਦਾ ਸਗੋਂ ਇਕ ਵਿਅਕਤੀ ਦੀ ਪਹਿਚਾਣ, ਵਿਚਾਰ ਅਤੇ ਭਾਵਨਾਵਾਂ ਨੂੰ ਵੀ ਅਕਾਰ ਦਿੰਦਾ ਹੈ।' ਜਿਸ ਭਾਸ਼ਾ ਦਾ ਅਸੀਂ ਪ੍ਰਯੋਗ ਕਰਦੇ ਹਾਂ, ਜਿਵੇਂ – ਅਸੀਂ ਕੱਪੜੇ ਪਾਉਂਦੇ ਹਾਂ, ਜਿਵੇਂ ਭੋਜਨ ਖਾਂਦੇ ਹਾਂ ਅਤੇ ਜਿਨ੍ਹਾਂ ਮਨੋਰੰਜਨ ਗਤੀਵਿਧੀਆਂ ਦਾ ਅਸੀਂ ਆਨੰਦ ਲੈਂਦੇ ਹਾਂ, ਸਾਰੀਆਂ ਸਮਾਜ ਤੋਂ ਹੀ ਉਤਪੰਨ ਹੋਈਆਂ ਹਨ। ਇਸ ਲਈ ਭਾਵਨਾਤਮਕ ਵਿਚਾਰ, ਬੌਧਿਕ ਪਰਿਪੱਕਤਾ ਅਤੇ ਆਤਮ ਨਿਪੁੰਨਤਾ ਕੇਵਲ ਸਮਾਜ ਵਿੱਚ ਹੀ ਸੰਭਵ ਹੈ।

ਵਿਅਕਤੀਆਂ ਅਤੇ ਸਮਾਜ ਦੇ ਵਿਚਕਾਰ ਸੰਬੰਧਾਂ ਦੇ ਵਿਸ਼ੇ ਵਿੱਚ ਅਨੇਕ ਮੱਤ ਹਨ। ਇਮਾਇਲ ਦੁਰਖ਼ੀਮ ਦੇ ਅਨੁਸਾਰ 'ਸਮਾਜ ਦੀ ਹੋਂਦ ਸਾਡੇ ਤੋਂ ਬਾਹਰ ਹੁੰਦੀ ਹੈ, ਇਹ ਸਾਡੇ ਸਮੁੱਚੇ ਜੀਵਨ ਦਾ ਇਕ ਹਿੱਸਾ ਹੈ। ਸਮਾਜਿਕ ਸੰਸਥਾਵਾਂ ਸਾਡੀਆਂ ਕਿਰਿਆਵਾਂ ਅਤੇ ਸਾਡੀਆਂ ਉਮੀਦਾਂ ਨੂੰ ਅਕਾਰ ਦਿੰਦੀਆਂ ਹਨ। ਸਮਾਜ ਦੀ ਸੰਰਚਨਾ ਸਾਡੀ ਚੇਤਨਾ ਦੀ ਸੰਰਚਨਾ ਬਣ ਜਾਂਦੀ ਹੈ।'

**ਸਮਾਜ ਦੇ ਲਈ ਵਿਅਕਤੀ ਦਾ ਮਹੱਤਵ:** ਸਮਾਜ ਦੀ ਸੰਰਚਨਾ ਲਈ ਮੈਂਬਰਾਂ ਦੀ ਹੋਂਦ ਇਕ ਬੁਨਿਆਦੀ ਜ਼ਰੂਰਤ ਹੈ। ਮੈਂਬਰਾਂ ਤੋਂ ਬਿਨਾ ਸਮਾਜ ਨਹੀਂ ਬਣ ਸਕਦਾ। ਇਸ ਸ਼ਰਤ ਦੇ ਕਾਰਨ ਸਮਾਜ ਦੇ ਨਿਰਮਾਣ ਲਈ ਵਿਅਕਤੀਆਂ ਨੂੰ ਮੁੱਢਲਾ ਮਹੱਤਵ ਦਿੱਤਾ ਜਾਂਦਾ ਹੈ।

**ਵਿਅਕਤੀ ਦੇ ਲਈ ਸਮਾਜ ਦਾ ਮਹੱਤਵ :** ਜਿਸ ਤਰ੍ਹਾਂ ਵਿਅਕਤੀ ਸਮਾਜ ਦੇ ਲਈ ਬਹੁਤ ਮਹੱਤਵ ਰੱਖਦਾ ਹੈ, ਉਸੇ ਤਰ੍ਹਾਂ ਸਮਾਜ ਵੀ ਵਿਅਕਤੀ ਦੇ ਲਈ ਮਹੱਤਵਪੂਰਨ ਹੁੰਦਾ ਹੈ।

**ਜਿਉਂਦੇ ਰਹਿਣਾ:** ਹਰੇਕ ਵਿਅਕਤੀ ਨੂੰ ਆਪਣੇ ਅਸਤਿੱਤਵ ਅਤੇ ਜ਼ਰੂਰਤਾਂ ਦੀ ਪੂਰਤੀ ਦੇ ਲਈ ਸਮਾਜ ਦੀ ਜ਼ਰੂਰਤ ਹੁੰਦੀ ਹੈ।

**ਸਿੱਖਣਾ :** ਹਰੇਕ ਵਿਅਕਤੀ ਸਮਾਜ ਵਿੱਚ ਰਹਿ ਕੇ ਪ੍ਰਤਿਮਾਨ, ਮੁੱਲ ਅਤੇ ਵਿਵਹਾਰ ਦੇ ਤਰੀਕੇ ਸਿੱਖਦਾ ਹੈ। ਸਿੱਖਣ ਦੀ ਇਹ ਪ੍ਰਕਿਰਿਆ ਜਨਮ ਤੋਂ ਹੀ ਆਰੰਭ ਹੁੰਦੀ ਹੈ ਅਤੇ ਜੀਵਨ ਦੇ ਭਿੰਨ-ਭਿੰਨ ਪੜਾਵਾਂ ਤੱਕ ਜਾਰੀ ਰਹਿੰਦੀ ਹੈ।

**ਸਮਾਜਿਕ ਉਤਪਾਦ** : ਜਨਮ ਦੇ ਸਮੇਂ ਮਨੁੱਖ ਜੈਵਿਕ ਇਕਾਈਆਂ ਹੁੰਦੇ ਹਨ ਪਰ ਸਮਾਜ ਦਾ ਹਿੱਸਾ ਬਣ ਕੇ ਉਹ ਸਮਾਜਿਕ ਪ੍ਰਾਣੀ ਬਣ ਜਾਂਦੇ ਹਨ। ਸਮਾਜ ਦੀਆਂ ਸਾਰੀਆਂ ਪੰਰਪਰਾਵਾਂ ਅਤੇ ਰੀਤੀ-ਰਿਵਾਜਾਂ ਨੂੰ ਸਿੱਖਣ ਲਈ ਵਿਅਕਤੀ ਦੇ ਜੀਵਨ ਵਿੱਚ ਸਮਾਜ ਇੱਕ ਮਹੱਤਵਪੂਰਣ ਭੂਮਿਕਾ ਨਿਭਾਉਂਦਾ ਹੈ।

**ਸ੍ਵੈ ਦਾ ਵਿਕਾਸ** : ਸਮਾਜ ਵਿੱਚ ਰਹਿੰਦੇ ਹੋਏ ਸ੍ਵੈ ਦਾ ਵਿਕਾਸ ਹੁੰਦਾ ਹੈ, ਕਿਉਂਕਿ ਇਕ ਵਿਅਕਤੀ ਆਪਣੀਆਂ ਅਤੇ ਦੂਜਿਆਂ ਦੀਆਂ ਪ੍ਰਸਥਿਤੀਆਂ ਅਤੇ ਭੂਮਿਕਾਵਾਂ ਦੇ ਸੰਬੰਧ ਵਿੱਚ ਚੇਤੰਨ ਹੋ ਜਾਂਦਾ ਹੈ। ਕੋਈ ਵੀ ਵਿਅਕਤੀ ਇਕੱਲੇ ਰਹਿੰਦੇ ਹੋਏ ਵਿਅਕਤੀਤਵ ਅਤੇ ਆਤਮ/ਸਵੈ ਦਾ ਵਿਕਾਸ ਨਹੀਂ ਕਰ ਸਕਦਾ। ਕੈਸਪਰ ਹੋਸਰ ਅਤੇ ਅੰਨਾ, ਜੋ ਕਿ ਸਮਾਜ ਤੋਂ ਦੂਰ ਰਹੇ, ਦੇ ਉਦਾਹਰਨ ਤੋਂ ਸਪਸ਼ਟ ਹੈ ਕਿ ਸਮਾਜ ਦੇ ਬਿਨਾਂ ਮਨ ਅਤੇ ਆਤਮ ਦਾ ਵਿਕਾਸ ਅਸੰਭਵ ਹੈ। ਵਿਅਕਤੀ ਵਿਸ਼ਾਲ ਸਮਾਜ ਦਾ ਇੱਕ ਹਿੱਸਾ ਹੈ ਅਤੇ ਸਮਾਜ ਤੋਂ ਵੱਖਰਾ ਨਹੀਂ ਕੀਤਾ ਜਾ ਸਕਦਾ। ਸਮਾਜ ਦਾ ਹਿੱਸਾ ਬਣਨ 'ਤੇ ਹੀ ਕਿਸੇ ਵਿਅਕਤੀ ਵਿੱਚ ਵਿਅਕਤੀਵਾਦ ਅਤੇ ਸਮੂਹਿਕਤਾ ਦਾ ਵਿਕਾਸ ਇਕੋ ਸਮੇਂ ਹੁੰਦਾ ਹੈ।

**ਬਕਸਾ-1**


**ਵਿਅਕਤੀ ਦੇ ਵਿਕਾਸ ਵਿੱਚ ਸਮਾਜ ਦੇ ਮਹੱਤਵ ਨੂੰ ਦਰਸਾਉਣ ਵਾਲ਼ੇ ਉਦਾਹਰਨ :**

- ਕੈਸਪਰ ਹੌਸਰ ਇਕ ਜਰਮਨ ਨੌਜਵਾਨ ਸੀ, ਜੋ ਇਕ ਵੱਖਰੇ ਹਨੇਰੇ ਕਮਰੇ ਵਿੱਚ ਵਿੱਚ ਪਲਿਆ ਸੀ ਅਤੇ 1828 ਵਿੱਚ ਨੂਰਮਬਰਗ ਦੀਆਂ ਗਲ਼ੀਆਂ ਵਿੱਚ ਘੁੰਮਦਾ ਹੋਇਆ ਮਿਲ਼ਿਆ ਸੀ। ਉਸਦੀ ਉਮਰ ਲਗਭਗ 18 ਸਾਲ ਸੀ। ਉਹ ਮੁਸ਼ਕਿਲ ਨਾਲ਼ ਹੀ ਚੱਲ ਜਾਂ ਬੋਲ ਸਕਦਾ ਸੀ ਅਤੇ ਉਸਦਾ ਮਾਨਸਿਕ ਵਿਕਾਸ ਵੀ ਪੂਰਾ ਨਹੀਂ ਹੋਇਆ ਸੀ। ਇਸਦਾ ਕਾਰਨ ਇਹ ਸੀ ਕਿ ਉਹ ਮਨੁੱਖੀ ਸਮਾਜ ਦਾ ਹਿੱਸਾ ਨਹੀਂ ਸੀ ਅਤੇ ਇਸ ਲਈ ਉਹ ਦੂਜੇ ਸਾਧਾਰਨ ਵਿਅਕਤੀ ਦੀ ਤਰ੍ਹਾਂ ਵਿਕਸਿਤ ਨਹੀਂ ਹੋ ਸਕਿਆ ਸੀ।
- ਇਕ ਦੂਜਾ ਉਦਾਹਰਨ ਇਕ ਅਵੈਧ ਬੱਚੀ ਅੰਨਾ ਦਾ ਹੈ ਜੋ ਕਿ ਇੱਕ ਛੋਟੇ, ਹਨੇਰੇ ਕਮਰੇ ਤੱਕ ਹੀ ਸੀਮਿਤ ਸੀ ਅਤੇ ਆਪਣੇ ਜੀਵਨ ਦੇ ਪਹਿਲੇ 5 ਸਾਲਾਂ ਵਿੱਚ ਉਹ ਕੇਵਲ ਦੁੱਧ ਤੇ ਹੀ ਜਿਉਂਦੀ ਸੀ ਅਤੇ ਉਸਨੂੰ ਸਾਰੇ ਮਾਨਵੀ ਸੰਪਰਕਾਂ ਤੋਂ ਦੂਰ ਰੱਖਿਆ ਗਿਆ। 5 ਸਾਲ ਦੀ ਉਮਰ ਵਿੱਚ ਜਦੋਂ ਉਸਨੂੰ ਮੁਕਤ ਕਰਵਾਇਆ ਗਿਆ ਅਤੇ ਉਸ ਵਿੱਚ 5 ਸਾਲ ਦੀ ਬੱਚੀ ਦੀਆਂ ਕੇਵਲ ਕੁਝ ਵਿਸ਼ੇਸ਼ਤਾਵਾਂ ਹੀ ਸਨ। ਉਹ ਨਾ ਚੱਲ ਸਕਦੀ ਸੀ, ਨਾ ਬੋਲ ਸਕਦੀ ਸੀ ਅਤੇ ਉਹ ਆਪਣੇ ਆਲ਼ੇ-ਦੁਆਲ਼ੇ ਮੌਜੂਦ ਲੋਕਾਂ ਦੇ ਪ੍ਰਤੀ ਉਦਾਸੀਨ ਅਤੇ ਅਣਜਾਣ ਸੀ।

ਉਪਰੋਕਤ ਉਦਾਹਰਨ ਸਮਾਜ ਦੇ ਮਹੱਤਵ ਉੱਤੇ ਰੋਸ਼ਨੀ ਪਾਉਂਦੇ ਹਨ। ਇੱਕ ਸਮਾਜ ਦੇ ਵਿੱਚ ਹੀ ਇੱਕ ਵਿਅਕਤੀ ਆਪਣੇ ਵਿਅਕਤੀਤਵ ਅਤੇ ਸ਼ਖ਼ਸੀਅਤ ਦਾ ਵਿਕਾਸ ਕਰ ਸਕਦਾ ਹੈ। ਸਮਾਜ ਇੱਕ ਵਿਅਕਤੀ ਨੂੰ ਉਸਦੀ ਸਮਾਜਿਕ ਵਿਰਾਸਤ ਦਿੰਦਾ ਹੈ ਜੋ ਉਸਦੀ ਸ਼ਖ਼ਸੀਅਤ ਨੂੰ ਨਿਰਧਾਰਿਤ ਕਰਦੀ ਅਤੇ ਅਕਾਰ ਦਿੰਦੀ ਹੈ।

ਇਸ ਤਰ੍ਹਾਂ ਹਰੇਕ ਵਿਅਕਤੀ ਖਾਸ/ਵਿਸ਼ੇਸ਼ ਹੈ ਿ ਵਿਅਕਤੀਵਾਦ ਵਿਅਕਤੀ ਨੂੰ ਪ੍ਰਕਿਰਤੀ ਤੋਂ ਵਿਰਾਸਤ ਵਿੱਚ ਮਿਲਿਆ ਹੈ, ਭਾਵੇਂ ਸਮੂਹਿਕਤਾ ਸਮਾਜ ਦਾ ਉਪਹਾਰ ਹੈ। ਵਿਅਕਤੀ ਅਤੇ ਸਮਾਜ ਵਿੱਚ ਸੰਬੰਧ ਕੇਵਲ ਭੌਤਿਕ ਜਾਂ ਕਾਰਜਾਤਮਕ ਨਹੀਂ ਹਨ। ਸਗੋਂ ਸਮੱਗਰ ਹੁੰਦੇ ਹਨ। ਸਮਾਜ ਸਾਨੂੰ ਵਿਕਲਪ ਅਤੇ ਅਵਸਰ ਦੇ ਨਾਲ਼-ਨਾਲ਼ ਸਿੱਖਣ ਦਾ ਖੇਤਰ ਵੀ ਪ੍ਰਦਾਨ ਕਰਦਾ ਹੈ, ਜੋ ਵਿਕਸਿਤ ਸਮਾਜਿਕ ਪ੍ਰਾਣੀ ਦੇ ਰੂਪ ਵਿੱਚ ਉਭਰਨ ਵਿੱਚ ਸਾਡੀ ਮੱਦਦ ਕਰਦਾ ਹੈ।

**ਸਮੁਦਾਇ :** ਸਮੁਦਾਇ ਸ਼ਬਦ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਕਮਿਊਨਿਟੀ ਦਾ ਸਮਾਨਰਥੀ ਸ਼ਬਦ ਹੈ। ਇਹ ਸਹਿਚਾਰਤਾ ਜਾਂ ਸੰਗਠਿਤ ਸਮਾਜ ਜਿਹੜਾ ਕਿ ਸਾਂਝੀਵਾਲਤਾ ਦੇ ਸੰਕਲਪ 'ਤੇ ਅਧਾਰਿਤ ਹੈ ਜਿਸ ਦਾ ਅਰਥ ਵਸਤੂਆਂ ਦੀ ਸਾਂਝ ਤੇ ਵੰਡ ਹੈ, ਲਈ ਵਿਆਪਕ ਤਕਨੀਕੀ ਸ਼ਬਦ ਹੈ।




ਸਮੁਦਾਇ ਕਿਸੇ ਵੀ ਅਕਾਰ ਦਾ ਇੱਕ ਸਮਾਜਿਕ ਸਮੂਹ ਹੈ ਜਿਸਦੇ ਮੈਂਬਰ ਇੱਕ ਵਿਸ਼ੇਸ਼ ਭੂਗੋਲਿਕ ਖੇਤਰ ਵਿੱਚ ਨਿਵਾਸ ਕਰਦੇ ਹਨ। ਆਮ ਤੌਰ 'ਤੇ ਇੱਕ ਸਰਕਾਰ, ਇੱਕ ਸੱਭਿਆਚਾਰਿਕ ਅਤੇ ਇਤਿਹਾਸਿਕ ਵਿਰਾਸਤ ਨੂੰ ਸਾਂਝਾ ਕਰਦੇ ਹਨ। ਸਮੁਦਾਇ ਤੋਂ ਭਾਵ ਉਹਨਾਂ ਲੋਕਾਂ ਦੇ ਇੱਕ ਸਮੂਹ ਤੋਂ ਵੀ ਲਿਆ ਜਾਂਦਾ ਹੈ, ਜੋ ਇੱਕ ਤਰ੍ਹਾਂ ਦੇ ਕਾਰਜ ਜਾਂ ਗਤੀਵਿਧੀਆਂ ਵਿੱਚ ਸ਼ਾਮਿਲ ਰਹਿੰਦੇ ਹਨ ਜਿਵੇਂ ਨਸਲਵਾਦੀ ਸਮੁਦਾਇ, ਧਾਰਮਿਕ ਸਮੁਦਾਇ, ਇੱਕ ਰਾਸ਼ਟਰੀ ਸਮੁਦਾਇ, ਇੱਕ ਜਾਤੀ ਸਮੁਦਾਇ ਜਾਂ ਇੱਕ ਭਾਸ਼ਾਈ ਸਮੁਦਾਇ ਆਦਿ। ਇਸ ਅਰਥ ਵਿੱਚ ਇਹ ਸਮਾਨ ਵਿਸ਼ੇਸ਼ਤਾਵਾਂ ਜਾਂ ਪੱਖਾਂ ਵਾਲ਼ੇ ਇੱਕ ਸਮਾਜਿਕ, ਧਾਰਮਿਕ ਜਾਂ ਵਿਵਸਾਇਕ ਸਮੂਹ ਦੀ ਅਗਵਾਈ ਕਰਦਾ ਹੈ ਅਤੇ ਵਿਸ਼ਾਲ ਸਮਾਜ, ਜਿਸ ਵਿੱਚ ਉਹ ਰਹਿੰਦਾ ਹੈ, ਤੋਂ ਆਪਣੇ ਆਪ ਨੂੰ ਕੁੱਝ ਵੱਖਰਾ ਪ੍ਰਦਰਸ਼ਿਤ ਕਰਦਾ ਹੈ। ਇਸ ਤਰ੍ਹਾਂ ਸਮੁਦਾਇ ਦਾ ਅਰਥ ਇਕ ਵਿਸ਼ਾਲ ਖੇਤਰ ਵਿੱਚ ਫੈਲੇ ਲੋਕਾਂ ਤੋਂ ਹੈ ਜੋ ਇੱਕ ਜਾਂ ਦੂਜੇ ਢੰਗ ਦੀਆਂ ਸਮਾਨਤਾਵਾਂ ਦੀ ਸਾਂਝ ਰੱਖਦੇ ਹਨ। ਉਦਾਹਰਨ ਦੇ ਲਈ ਅੰਤਰ ਰਾਸ਼ਟਰੀ ਸਮੁਦਾਇ ਜਾਂ ਐੱਨ.ਆਰ. ਆਈ. ਸਮੁਦਾਇ ਵਰਗੇ ਸ਼ਬਦ ਸਮਾਨ ਵਿਸ਼ੇਸ਼ਤਾਵਾਂ ਤੋਂ ਬਣੇ ਕੁੱਝ ਸਪਸ਼ਟ ਸਮੂਹਾਂ ਦੇ ਰੂਪ ਵਿੱਚ ਸਾਹਿਤ ਵਿੱਚ ਵਰਤੇ ਜਾਂਦੇ ਹਨ।

ਸਮਾਜ ਸ਼ਾਸ਼ਤਰੀ ਸਾਹਿਤ ਵਿੱਚ ਸਮੁਦਾਇ ਦਾ ਅਰਥ ਜੰਨਸੰਖਿਆ ਆਵਾਸ ਨਾਲ਼ ਹੈ, ਜਿਵੇਂ ਪੇਂਡੂ ਸਮੁਦਾਇ ਜਾਂ ਸ਼ਹਿਰੀ ਸਮੁਦਾਇ। ਅਜਿਹੇ ਆਵਾਸਾਂ ਵਿੱਚ ਰਹਿਣ ਵਾਲ਼ੀ ਜਨਸੰਖਿਆ ਦੇ ਵਿਚਕਾਰ ਸਮਾਜਿਕ ਸੰਬੰਧਾਂ ਦਾ ਨੈੱਟਵਰਕ/ਜਾਲ ਜੋ ਇੱਕ ਵਿਸ਼ੇਸ਼ ਭੂਗੋਲਿਕ ਖੇਤਰ ਜਾਂ ਸਥਿਤੀ ਵਿੱਚ ਉਹਨਾਂ ਦੇ ਜੀਵਨ ਦੇ ਵਿਸ਼ੇਸ਼ ਤਰੀਕਿਆਂ ਨੂੰ ਨਿਰਧਾਰਿਤ ਕਰਦਾ ਹੈ। ਇਸ ਲਈ ਸਮੁਦਾਇ ਦੀ ਧਾਰਨਾ ਤੋਂ ਭਾਵ ਇੱਕ ਨਿਸ਼ਚਿਤ ਭੂਗੋਲਿਕ ਖੇਤਰ ਵਿੱਚ ਰਹਿਣ ਵਾਲ਼ੇ ਲੋਕਾਂ ਦੇ ਸਮੂਹ ਤੋਂ ਹੈ ਜਿਨ੍ਹਾ ਵਿੱਚ ਸਮਾਨ ਜੀਵਨ ਸ਼ੈਲੀ ਦੀ ਸਾਂਝ ਹੁੰਦੀ ਹੈ। ਇੰਟਰਨੈੱਟ ਯੁੱਗ ਦੇ ਆਗਮਨ ਦੇ ਬਾਅਦ ਸਮੁਦਾਇ ਦੀ

ਧਾਰਨਾ ਵਿੱਚ ਭੂਗੋਲਿਕ ਖੇਤਰ ਦਾ ਮਹੱਤਵ ਘੱਟ ਹੋ ਗਿਆ ਹੈ, ਹੁਣ ਲੋਕ ਬਿੰਬ ਸਮੁਦਾਇ ਦਾ ਨਿਰਮਾਣ ਕਰਨ ਲੱਗੇ ਹਨ। ਜਿੱਥੇ ਉਹ ਭੌਤਿਕ ਸਥਾਨ ਦੀ ਬਜਾਇ ਆਨਲਾਈਨ ਮਿਲ਼ਦੇ ਹਨ ਅਤੇ ਸਮਾਨ ਹਿੱਤਾਂ ਨੂੰ ਸਾਂਝਾ ਕਰਦੇ ਹਨ। ਆਧੁਨਿਕ ਵਿਸ਼ਵ ਵਿੱਚ ਕਬੀਲਿਆਂ ਨੂੰ ਛੱਡ ਕੇ ਕੇਵਲ ਕੁਝ ਥਾਵਾਂ ਉੱਤੇ ਭੂਗੋਲਿਕ ਪਰਿਸਥਿਤੀਆਂ ਦਾ ਮਹੱਤਵ ਰਹਿ ਗਿਆ ਹੈ ਜੋ ਕਿ ਆਪਣੀ ਵਿਸ਼ੇਸ਼ ਸੱਭਿਆਚਾਰ ਅਤੇ ਪਛਾਣ ਨੂੰ ਬਣਾਈ ਰੱਖਦੇ ਹਨ, ਜਿਵੇਂ ਅੰਡੇਮਾਨ ਤੇ ਨਿਕੋਬਾਰ ਦੀਪ ਸਮੂਹ।

ਸਮੁਦਾਇ ਦੀ ਧਾਰਨਾ ਨੂੰ ਕਈ ਵਾਰ ਵਾਤਾਵਰਨਿਕ ਜਾਂ ਜੈਵਿਕ ਇਕਾਈ ਆਖਿਆ ਜਾਂਦਾ ਹੈ। ਇਹ ਆਮ ਤੌਰ ‘ਤੇ ਉਹਨਾਂ ਦੇ ਰਹਿਣ ਦੀ ਨਜ਼ਦੀਕੀ, ਨਿੱਜੀ ਵਿਅਕਤੀਗਤ ਸੰਪਰਕ, ਰੁਚੀਆਂ, ਪ੍ਰੰਪਰਾਵਾਂ ਅਤੇ ਪ੍ਰਥਾਵਾਂ ਦੀ ਅੰਤਰ-ਸੰਬੰਧਿਤਤਾ ਦੇ ਕਾਰਨ ਹੁੰਦੀਆਂ ਹਨ ਜੋ ਅਪਣੱਤ/ਸਾਂਝਾ ਦਾ ਆਧਾਰ ਬਣਦੀਆਂ ਹਨ। ਇਸ ਕਾਰਨ ਸਮਾਜ ਸ਼ਾਸ਼ਤਰੀ ਦ੍ਰਿਸ਼ਟੀ ਨਾਲ਼ ਸਮੁਦਾਇ ਦਾ ਸੰਬੰਧ ਅਸੀਂ/ਸਾਡੇ ਨਾਲ਼ ਹੈ, ਮੈਂ/ਮੇਰੇ ਨਾਲ਼ ਨਹੀਂ। ਉਦਾਹਰਨ ਦੇ ਲਈ ਅਸੀਂ ਕਹਿੰਦੇ ਹਾਂ ਸਾਡਾ ਪਿੰਡ, ਸਾਡਾ ਧਰਮ, ਸਾਡਾ ਦੇਸ਼ ਨਾ ਕਿ ਮੇਰਾ ਪਿੰਡ, ਮੇਰਾ ਧਰਮ ਜਾਂ ਮੇਰਾ ਦੇਸ਼ ਆਦਿ। ਇਹਨਾਂ ਅਰਥ ਵਿੱਚ ਸਮੁਦਾਇ ਕੇਵਲ ਇਕ ਭੂਗੋਲਿਕ ਵਿਚਾਰ ਨਹੀਂ ਹੈ। ਇਹ ਇਕ ਖੇਤਰ ਦੇ ਵਿੱਚ ਰਹਿਣ ਵਾਲ਼ੇ ਲੋਕਾਂ ਵਿਚਲੇ ਸੰਬੰਧਾਂ ਨੂੰ ਪ੍ਰਗਟ ਕਰਦਾ ਹੈ ਜਿੰਨ੍ਹਾਂ ਵਿਚ ਆਪਣੀ ਗਹਿਰੀ ਅੰਤਰ ਕਿਰਿਆ, ਸੰਚਾਰ, ਸੰਪਰਕ, ਸੰਗਠਨ ਅਤੇ ਸਹਿਮਤੀ ਪਾਈ ਜਾਂਦੀ ਹੈ। ਨਤੀਜੇ ਵਜੋਂ ਇਕ ਸਮੁਦਾਇ ਦੇ ਮੈਂਬਰਾਂ ਵਿੱਚ ਕੁਝ ਮਾਤਰਾ ਵਿੱਚ ਸਮਾਨ ਚੇਤਨਾ ਤੇ ਪਹਿਚਾਣ ਪਾਈ ਜਾਂਦੀ ਹੈ। ਮੈਕਾਈਵਰ ਨੇ ਸਮੁਦਾਇ ਨੂੰ ਸਾਧਾਰਨ ਜੀਵਨ ਦੇ ਇਕ ਖੇਤਰ ਦੇ ਰੂਪ ਵਿਚ ਪਰਿਭਾਸ਼ਿਤ ਕੀਤਾ ਹੈ, ਜੋ ਇਕ ਪਿੰਡ, ਕਸਬਾ, ਦੇਸ਼ ਜਾਂ ਇਕ ਵਿਸ਼ਾਲ ਖੇਤਰ ਹੋ ਸਕਦਾ ਹੈ। ਇਹ ਇਕ ਆਤਮ ਨਿਰਭਰ ਸਮੂਹ ਹੈ ਜਿਸ ਵਿੱਚ ਲੋਕ ਨਾ ਕੇਵਲ ਬਹੁਤ ਸਾਰੇ ਵਿਸ਼ੇਸ਼ ਹਿੱਤਾਂ ਨੂੰ ਸਾਂਝਾ ਕਰਦੇ ਹਨ, ਸਗੋਂ ਜੀਵਨ ਦੇ ਬੁਨਿਆਦੀ ਹਾਲਾਤਾਂ ਨੂੰ ਵੀ ਸਾਂਝਾ ਕਰਦੇ ਹਨ। ਇਸ ਲਈ ਇਕ ਸਮੁਦਾਇ ਅਜਿਹੇ ਲੋਕਾਂ ਦਾ ਸਮੂਹ ਹੈ ਜੋ ਇਕ ਭੂਗੋਲਿਕ ਖੇਤਰ ਵਿਚ ਰਹਿੰਦੇ ਹਨ ਅਤੇ ਸਾਧਾਰਨ ਜੀਵਨ ਬਤੀਤ ਕਰ ਰਹੇ ਹਨ।


ਉਪਰੋਕਤ ਚਰਚਾ ਦੇ ਆਧਾਰ ਤੇ ਸਮੁਦਾਇ ਨੂੰ ਕਈ ਤਰੀਕਿਆਂ ਨਾਲ਼ ਸਮਝਿਆ ਜਾ ਸਕਦਾ ਹੈ।

- ਇਕ ਨਿਸ਼ਚਿਤ ਭੂਗੋਲਿਕ ਖੇਤਰ ਵਿਚ ਰਹਿਣ ਵਾਲ਼ੇ ਲੋਕ ਜਿਨ੍ਹਾਂ ਵਿਚ ਉਦੇਸਾਂ ਦੀ ਸਾਂਝ, ਸਮਾਜਿਕ ਸੰਬੰਧਾਂ ਦੀ ਅਲੱਗ ਪ੍ਰਕਿਰਤੀ ਅਤੇ ਜੀਵਨ ਜੀਉਣ ਦੀ ਇਕ ਵਿਸ਼ੇਸ਼ ਸ਼ੈਲੀ ਹੋਵੇ ਨੂੰ ਸਮੁਦਾਇ ਕਿਹਾ ਜਾਂਦਾ ਹੈ। ਪੇਂਡੂ ਅਤੇ ਕਬੀਲਾ ਸਮੁਦਾਇ ਇਸ ਦੇ ਉਦਾਹਰਨ ਹਨ। ਇੱਥੇ ਸਮੁਦਾਇ ਦੇ ਵਾਤਾਵਰਣਿਕ ਜਾਂ ਖੇਤਰੀ ਚਰਿੱਤਰ ਉੱਤੇ ਜ਼ੋਰ ਦਿੱਤਾ ਗਿਆ ਹੈ।
- ਅੰਤਰ-ਕਿਰਿਆ ਅਤੇ ਸੰਚਾਰ ਦੇ ਕਾਰਨ ਲੋਕਾਂ ਵਿਚ ਕੁਝ ਮਾਤਰਾ ਵਿਚ ਉਤਪੰਨ ਆਪਸੀ, ਸੰਗਠਨ ਅਤੇ ਸਹਿਮਤੀ ਨਾਲ਼ ਸਮੁਦਾਇ ਬਣਦਾ ਹੈ। ਇਸ ਵਿਚ ਸਮਾਨ ਚੇਤਨਾ ਅਤੇ ਪਹਿਚਾਣ ਪਾਈ ਜਾਂਦੀ ਹੈ। ਜੈਨ ਸਮੁਦਾਇ, ਸਿੱਖ ਸਮੁਦਾਇ ਆਦਿ ਅਜਿਹੇ ਸਮੁਦਾਇ ਦੇ ਉਦਾਹਰਨ ਹਨ। ਸਮੁਦਾਇ ਨੂੰ ਸਮਝਣ ਦਾ ਇਹ ਤਰੀਕਾ ਸੰਬੰਧਾਂ ਉੱਤੇ ਜ਼ੋਰ ਦਿੰਦਾ ਹੈ।

- ਆਧੁਨਿਕ ਸੰਸਾਰ ਵਿੱਚ ਸਮੁਦਾਇ ਦੀ ਭੂਗੋਲਿਕ ਪ੍ਰਕਿਰਿਆ ਦੀ ਵਿਸ਼ੇਸ਼ਤਾ ਨੂੰ ਘੱਟ ਮਹੱਤਵ ਦਿੱਤਾ ਜਾਂਦਾ ਹੈ। ਸਮੁਦਾਇ ਨੂੰ ਇਕ ਸਮਾਜਿਕ ਪ੍ਰਣਾਲੀ ਦੇ ਰੂਪ ਵਿੱਚ ਸਮਝਿਆ ਜਾਂਦਾ ਹੈ ਜੋ ਸਮਾਨ ਹਿੱਤਾਂ ਵਾਲ਼ੇ ਵਿਅਕਤੀਆਂ ਦਾ ਇੱਕ ਆਤਮ ਨਿਰਭਰ ਸਮੂਹ ਹੀ ਨਹੀਂ ਹੈ ਸਗੋਂ ਅਜਿਹਾ ਸਮੂਹ ਹੈ, ਜਿਸ ਵਿਚ ਅਨੇਕਤਾ, ਆਤਮ ਹਿੱਤ ਅਤੇ ਪਰਿਵਰਤਨ ਸ਼ਾਮਿਲ ਹੁੰਦਾ ਹੈ। ਇੱਕ ਵਿਸ਼ਾਲ ਸਮਾਜ ਦੇ ਇਕ ਭਾਗ ਦੇ ਰੂਪ ਵਿੱਚ ਲੋਕ ਉਦੇਸ਼ਾਂ ਨੂੰ ਪ੍ਰਾਪਤ ਕਰਨ ਦੇ ਲਈ ਏਕਤਾ ਅਤੇ ਅਖੰਡਤਾ ਪ੍ਰਾਪਤ ਕਰਦੇ ਹਨ। ਭਾਵੇਂ ਉਦੇਸ਼ ਅਤੇ ਸਾਧਨ ਅਲੱਗ-ਅਲੱਗ ਹਨ, ਉਹਨਾਂ ਦੇ ਹਿੱਤ ਅਲੱਗ-ਅਲੱਗ ਹਨ ਪਰ ਦੂਜਿਆਂ ਦੇ ਉੱਚਿਤ ਸਹਿਯੋਗ ਨਾਲ਼ ਹੀ ਇਹਨਾਂ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਵਪਾਰ ਸਮੁਦਾਇ, ਚਿਕਿਤਸਾ ਸਮੁਦਾਇ ਅਤੇ ਅਜਿਹੇ ਹੀ ਦੂਜੇ ਸਮੁਦਾਵਾਂ ਵਿੱਚ ਦੇਖਿਆ ਗਿਆ ਹੈ।

ਇਸ ਤਰ੍ਹਾਂ ਅਸੀਂ ਸਮੁਦਾਇ ਦੀ ਪਰਿਭਾਸ਼ਾ ਨੂੰ ਖੇਤਰੀ ਚਰਿੱਤਰ ਦੀ ਭਾਵਨਾ ਅਤੇ ਅਸੀਂ ਦੀ ਭਾਵਨਾ ਤੱਕ ਸੀਮਿਤ ਰੱਖਣ ਦੀ ਬਜਾਏ ਜੀਵਨ ਦੀਆਂ ਮੁੱਢਲੀਆਂ ਜ਼ਰੂਰਤਾਂ ਨੂੰ ਨਿਰਧਾਰਤ ਕਰਨ ਵਾਲ਼ੇ ਸਮਾਜਿਕ ਸੰਬੰਧਾਂ ਦਾ ਇਕ ਜਾਲ ਕਹਿ ਸਕਦੇ ਹਾਂ, ਜੋ ਉਹਨਾਂ ਦੀਆਂ ਸਾਰੀਆਂ ਭਿੰਨਤਾਵਾਂ ਦੇ ਨਾਲ ਸਮਾਨ ਚੇਤਨਾ ਅਤੇ ਸਾਂਝੀ ਪਹਿਚਾਣ ਦੀ ਭਾਵਨਾ ਨੂੰ ਵਧਾਉਂਦਾ ਹੈ।

## ਸਮੁਦਾਇ ਦੇ ਤੱਤ




1. ਸਮੁਦਾਇ ਨੂੰ ਇਕ ਵਿਸ਼ੇਸ਼ ਸਮਾਜਿਕ ਸੰਰਚਨਾ ਨਾਲ਼ ਸੰਬੰਧਿਤ ਹੋਣ ਦੀ ਭਾਵਨਾ ਜਾਂ ਸਮੁਦਾਇਕ ਭਾਵਨਾ ਰੱਖਣ ਵਾਲ਼ੇ ਲੋਕਾਂ ਦਾ ਸਾਂਝਾ ਸਮੁਦਾਇ ਕਿਹਾ ਜਾ ਸਕਦਾ ਹੈ।
2. ਇਕ ਸਮੁਦਾਇ ਦੀ ਪ੍ਰਤੀਦਿਨ ਦੀਆਂ ਗਤੀਵਿਧੀਆਂ-ਕਾਰਜ ਤੇ ਗ਼ੈਰ-ਕਾਰਜ ਆਤਮ ਨਿਰਭਰ ਭੂਗੋਲਿਕ ਖੇਤਰ ਦੇ ਵਿਚਕਾਰ ਹੁੰਦੀਆਂ ਹਨ।

## ਸਮੁਦਾਇ ਦੀਆਂ ਵਿਸ਼ੇਸ਼ਤਾਵਾਂ

ਮੈਕਾਈਵਰ ਅਤੇ ਪੇਜ (1949) ਨੇ ਸਮੁਦਾਇ ਦੇ ਦੋ ਮਹੱਤਵਪੂਰਨ ਅਧਾਰ ਸਥਾਨਿਕਤਾ (ਭੂਗੋਲਿਕ ਖੇਤਰ) ਅਤੇ ਸਮੁਦਾਇਕ ਭਾਵਨਾ ਬਣਾਏ ਹਨ। ਇਹਨਾਂ ਦੀਆਂ ਵਿਸ਼ੇਸ਼ਤਾਵਾਂ ਨੂੰ ਹੇਠ ਲਿਖੇ ਅਨੁਸਾਰ ਸਮਝਿਆ ਜਾ ਸਕਦਾ ਹੈ।

1. **ਲੋਕਾਂ ਦਾ ਸਮੂਹ :** ਸਮੁਦਾਇ ਲੋਕਾਂ ਦਾ ਇਕ ਸਮੂਹ ਹੈ ਜੋ ਆਪਣੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ, ਸਮਾਨ ਹਿੱਤਾਂ ਨੂੰ ਸਾਂਝਾ ਕਰਨ ਦੇ ਕਾਰਨ ਇਕ ਵਿਸ਼ੇਸ਼ ਕਾਰਜ ਵਿਚ ਆਪਣੇ-ਆਪ ਨੂੰ ਸ਼ਾਮਿਲ ਰੱਖਦੇ ਹਨ।
2. **ਭੂਗੋਲਿਕ ਖੇਤਰ ਜਾਂ ਸਥਾਨਿਕਤਾ :** ਸਮਾਜਿਕ ਏਕਤਾ ਦਾ ਬੰਧਨ ਜੋ ਸਮੁਦਾਇ ਦੇ ਮੈਂਬਰਾਂ ਵਿੱਚ ਹੁੰਦਾ ਹੈ, ਉਹ ਉਹਨਾਂ ਨੂੰ ਆਪਣੇ ਸਥਾਨਿਕ ਜਾਂ ਭੂਗੋਲਿਕ ਖੇਤਰ ਤੋਂ ਪ੍ਰਾਪਤ ਹੁੰਦਾ ਹੈ। ਇਕ ਸਮੁਦਾਇ ਦੇ ਮੈਂਬਰ ਇਕ ਹੀ ਭੌਤਿਕ ਸਥਾਨ ਉੱਤੇ ਰਹਿੰਦੇ ਹਨ, ਜੋ ਸਮਾਨ ਹਿੱਤਾਂ ਦੇ ਨਾਲ਼ ਭੌਤਿਕ ਨੇੜਤਾ ਰਾਹੀਂ ਇਕ ਦੂਜੇ ਦੇ ਸੰਪਰਕ ਵਿੱਚ ਆਉਂਦੇ ਹਨ। ਜਦੋਂ ਕਿ ਇਕ ਵਾਸਤਵਿਕ ਸਮੁਦਾਇ ਬਣਾਉਣ ਦੇ ਲਈ ਨਿਵਾਸੀਆਂ ਵਿੱਚ ਇਕਜੁਟਤਾ ਦੀ ਭਾਵਨਾ ਦਾ ਅਹਿਸਾਸ ਅਤੇ ਘੱਟ ਤੋਂ ਘੱਟ ਕੁੱਝ ਨੈਤਿਕ ਕਦਰਾਂ ਕੀਮਤਾਂ ਅਤੇ ਪ੍ਰਤੀਕਾਂ ਵਿੱਚ ਸਾਂਝ ਦਾ ਹੋਣੀ ਜ਼ਰੂਰੀ ਹੈ। ਉਦਾਹਰਨ ਦੇ ਲਈ ਇਕ ਛੋਟੇ ਪਿੰਡ ਵਿੱਚ ਰਹਿਣ ਵਾਲ਼ੇ ਪਰਿਵਾਰਾਂ ਦੇ ਜੀਵਨ ਹੌਲ਼ੀ ਗਤੀ ਦੇ ਨਾਲ਼ ਚੱਲਦੇ ਹੋਣ ਕਾਰਨ ਇਕ ਦੂਜੇ ਦੇ ਨਾਲ਼ ਬੱਝੇ ਹੁੰਦੇ ਹਨ। ਉਹ ਕਹਾਣੀਆਂ, ਚੁਟਕਲੇ, ਦੁੱਖ, ਕਹਾਵਤਾਂ/ਪੌਰਾਣਿਕ ਕਥਾਵਾਂ ਅਤੇ ਅਨੁਭਵਾਂ ਨੂੰ ਸਾਂਝਾ ਕਰਦੇ ਹਨ। ਉਹ ਖ਼ੁੱਦ ਆਪਣੇ ਨੂੰ ਸਮੂਹਾਂ ਚਲਾਉਂਦੇ ਹਨ ਅਤੇ ਆਪਣੇ ਖੇਤਰ ਦੇ ਆਧਾਰ ਉੱਤੇ ਹੀ ਗਤੀਵਿਧੀਆਂ ਦਾ ਪ੍ਰਬੰਧ ਕਰਦੇ ਹਨ।
3. **ਸਮੁਦਾਇਕ ਚੇਤਨਾ :-**ਸਮੁਦਾਇਕ ਭਾਵਨਾ ਦੇ ਬਿਨਾਂ ਇੱਕ ਸਮੁਦਾਇ ਦਾ ਨਿਰਮਾਣ ਨਹੀਂ ਹੋ ਸਕਦਾ । ਸਮੁਦਾਇਕ ਭਾਵਨਾ 'ਅਸੀਂ ਦੀ ਭਾਵਨਾ' ਜਾਂ ਮੈਂਬਰਾਂ ਦੇ ਵਿਚਕਾਰ ਜ਼ਬਰਦਸਤ ਆਪਸੀ ਭਾਵਨਾ ਨਾਲ਼ ਜੁੜੀ ਹੈ। ਇਸਦਾ ਅਰਥ ਸਧਾਰਨ ਜੀਵਨ ਦੀ ਭਾਵਨਾ ਹੋਣ ਤੋਂ ਹੈ ਜੋ ਇੱਕ ਖੇਤਰ ਦੇ ਮੈਂਬਰਾਂ ਵਿਚਕਾਰ ਸ਼ਾਮਿਲ ਹੁੰਦੀ ਹੈ। ਬਹੁਤ ਲੰਮੇ ਸਮੇਂ ਤੋਂ ਇੱਕ ਖੇਤਰ ਦੇ ਅੰਦਰ ਸਧਾਰਨ ਜੀਵਨ ਜੀਉਣ ਦੇ ਕਾਰਨ ਉਸ ਖੇਤਰ ਦੇ ਮੈਂਬਰਾਂ ਵਿੱਚ ਸਾਧਾਰਨ ਜੀਵਨ ਦੀ ਭਾਵਨਾ ਵਿਕਸਿਤ ਹੋ ਜਾਂਦੀ ਹੈ, ਜਿਸ ਨਾਲ਼ ਮੈਂਬਰ ਆਪਣੇ-ਆਪ ਨੂੰ ਇਕ ਦੂਸਰੇ ਨਾਲ਼ ਭਾਵਨਾਤਮਕ ਰੂਪ ਨਾਲ਼ ਜੁੜਿਆ ਹੋਇਆ ਮਹਿਸੂਸ ਕਰਦੇ ਹਨ। ਮੈਂਬਰਾਂ ਦਾ ਇਹ ਭਾਵਾਤਮਕ ਲਗਾਵ ਉਹਨਾਂ ਨੂੰ ਦੂਜੇ ਸਮੁਦਾਇ ਦੇ ਮੈਂਬਰਾਂ ਤੋਂ ਅਲੱਗ ਕਰਦਾ ਹੈ। ਇਸ ਤਰ੍ਹਾਂ, ਹਰੇਕ ਸਮੁਦਾਇ ਜੀਵਨ ਜੀਉਣ ਦਾ ਇੱਕ ਸਾਂਝਾ ਤਰੀਕਾ ਹੈ। ਉਹ ਸਧਾਰਨ ਪਹਿਚਾਣ, ਪਰਸਪਰਤਾ, ਚੇਤਨਾ ਅਤੇ ਸੰਗਠਨ ਦੀ ਇੱਕ ਮਾਤਰਾ ਨੂੰ

ਵਿਆਪਕ ਹੱਦ ਤੱਕ ਸਾਂਝਾ ਕਰਦੇ ਹਨ। ਇਸ ਲਈ, ਇਹ ਸਮਾਨਤਾ, ਜੋ ਸਮੂਹਿਕ ਚੇਤਨਾ ਦਾ ਅਧਾਰ ਹੈ, ਵਿਆਪਕ ਰੂਪ ਨਾਲ਼ ਗਹਿਰੀ ਅੰਤਰ-ਕਿਰਿਆ ਅਤੇ ਸੰਪਰਕਾਂ ਦੇ ਕਾਰਨ, ਇਕ ਸਥਾਨਿਕ ਜਾਂ ਭੂਗੋਲਿਕ ਖੇਤਰ ਵਿੱਚ ਉੱਭਰਦੀ ਹੈ।

4. **ਸਾਂਝਾ ਸੱਭਿਆਚਾਰ :** ਇੱਕ ਸਮੁਦਾਇ ਦਾ ਸਾਰ ਸੰਬੰਧਤਾ ਦੀ ਭਾਵਨਾ, ਸਾਂਝੇ ਹਿੱਤ ਸਾਂਝੇ ਨੈਤਿਕ ਮੁੱਲ ਅਤੇ ਭਾਵਨਾਵਾਂ ਹਨ। ਇਕ ਸਮੁਦਾਇ ਦੇ ਮੈਂਬਰ ਇਕੋ ਜਿਹੀਆਂ ਪਰੰਪਰਾਵਾਂ, ਪ੍ਰਥਾਵਾਂ, ਮੁੱਲਾਂ, ਪ੍ਰਤਿਮਾਨ ਅਤੇ ਜੀਵਨ ਸ਼ੈਲੀ ਨੂੰ ਆਪਸ ਵਿੱਚ ਸਾਂਝਾ ਕਰਦੇ ਹਨ, ਉਹ ਅਨੁਭਵਾਂ ਨੂੰ ਸਾਂਝਾ ਕਰਦੇ ਹਨ ਜਿਨ੍ਹਾਂ ਨਾਲ਼ ਉਹ ਸੰਸਾਰ ਨੂੰ ਸਮਝਦੇ ਹਨ ਜਿਵੇਂ-ਜਿਵੇਂ ਸਮੁਦਾਇ ਦਾ ਆਕਾਰ ਵੱਧਦਾ ਹੈ, ਸਮਾਜਿਕ ਨੈੱਟਵਰਕ ਜਾਂ ਸੰਬੰਧਾਂ ਦੇ ਖੇਤਰ ਦਾ ਵਿਸਥਾਰ ਹੁੰਦਾ ਹੈ ਅਤੇ ਇਸ ਪ੍ਰਕਾਰ ਪੰਰਪਰਾਵਾਂ, ਪ੍ਰਥਾਵਾਂ ਅਤੇ ਦੂਜੇ ਪੱਖਾਂ ਦਾ ਵੀ ਵਿਸਥਾਰ ਹੁੰਦਾ ਹੈ।

5. **ਸੁਭਾਵਿਕਤਾ :** ਸਮੁਦਾਵਾਂ ਦਾ ਸੁਭਾਵਿਕ ਵਿਕਾਸ ਹੁੰਦਾ ਹੈ। ਇਹ ਨਾ ਤਾਂ ਮਨੁੱਖੀ ਇੱਛਾ ਦਾ ਅਤੇ ਨਾ ਹੀ ਸਰਕਾਰ ਦੇ ਕਿਸੇ ਜਤਨ ਦਾ ਨਤੀਜਾ ਹੁੰਦੀਆਂ ਹਨ। ਉਹ ਸੁਭਾਵਿਕ ਰੂਪ ਨਾਲ਼ ਵਿਕਸਿਤ ਹੁੰਦੀ ਹੈ। ਇਕ ਸਮੁਦਾਇ ਆਪਣੇ-ਆਪ ਨੂੰ ਇਕ ਯੋਜਨਾ ਬੱਧ ਤਰੀਕੇ ਜਾਂ ਕਿਸੇ ਦੂਜੇ ਤਰੀਕੇ ਨਾਲ਼ ਨਹੀਂ ਸਗੋਂ ਸੁਭਾਵਿਕ ਤਰੀਕੇ ਨਾਲ਼ ਸਥਾਪਿਤ ਕਰਦੀ ਹੈ। ਇਸ ਦੀ ਉੱਤਪਤੀ ਸੁਭਾਵਿਕ ਹੈ ਅਤੇ ਇਸ ਵਿੱਚ ਮੈਂਬਰਾਂ ਦੇ ਸਮੁੱਚਾ ਜੀਵਨ ਨੂੰ ਸ਼ਾਮਿਲ ਹੁੰਦਾ ਹੈ। ਇਹ ਸੰਖੇਪਕ ਤੌਰ 'ਤੇ ਸਥਿਰ ਅਤੇ ਸਥਾਈ ਹੈ। ਜੀਵਨ ਨੂੰ ਨਿਯੰਤਰਰਿਤ ਕਰਨ ਵਾਲ਼ੇ ਨਿਯਮ ਵੀ ਵਿਵਹਾਰਾਂ, ਲੋਕ-ਰੀਤੀਆਂ, ਪ੍ਰਤਿਮਾਨਾ, ਪ੍ਰਥਾਵਾਂ ਆਦਿ ਦੀ ਪ੍ਰਕਿਰਿਆ ਦੇ ਮਾਧਿਅਮ ਨਾਲ਼ ਸਮੇਂ ਦੇ ਨਾਲ਼ ਸਥਾਪਿਤ ਹੋ ਜਾਂਦੇ ਹਨ।

## ਕਿਰਿਆ 3.4

- ਇੱਕ ਸਮੁਦਾਇ ਵਿੱਚ ਵੈਸਾਖੀ ਅਤੇ ਲੋਹੜੀ ਮਨਾਉਣ ਦੇ ਮਹੱਤਵ ਤੇ ਚਰਚਾ ਕਰੋ।
- ਖੇਤੀਬਾੜੀ ਅਤੇ ਸੱਭਿਆਚਾਰ ਵਿਚਕਾਰ ਗਹਿਰਾ ਸੰਬੰਧ ਹੈ। ਢੁੱਕਵੇਂ ਉਦਾਹਰਨ ਦੇ ਕੇ ਸਪਸ਼ਟ ਕਰੋ।

## ਸਮਾਜ ਅਤੇ ਸਮੁਦਾਇ ਵਿਚਕਾਰ ਭਿੰਨਤਾ :

| ਸਮਾਜ | ਸਮੁਦਾਇ |
|---|---|
| 1. ਸਮਾਜ ਸਮਾਜਿਕ ਸੰਬੰਧਾਂ ਦਾ ਇਕ ਜਾਲ ਹੈ। | 1. ਸਮੁਦਾਇ 'ਅਸੀਂ' ਦੀ ਭਾਵਨਾ ਦੇ ਨਾਲ਼ ਇਕ ਵਿਸ਼ੇਸ਼ ਭੂਗੋਲਿਕ ਖੇਤਰ ਵਿੱਚ ਰਹਿਣ ਵਾਲ਼ੇ ਲੋਕਾਂ ਦਾ ਸਮੂਹ ਹੈ। |
| 2. ਸਮਾਜ ਅਮੂਰਤ ਹੈ। | 2. ਸਮੁਦਾਇ ਮੂਰਤ ਹੈ। |
| 3. ਸਮਾਜ ਦੇ ਲਈ ਇਕ ਨਿਸ਼ਚਿਤ ਭੂਗੋਲਿਕ ਖੇਤਰ ਹੋਣਾ ਜ਼ਰੂਰੀ ਨਹੀਂ ਹੈ। | 3. ਸਮੁਦਾਇ ਇਕ ਖੇਤਰੀ ਇਕਾਈ ਹੈ। |
| 4. ਸਮਾਜ ਵਿਚ ਸਮੁਦਾਇਕ ਭਾਵਨਾਵਾਂ ਹੋ ਵੀ ਸਕਦੀਆਂ ਹਨ ਅਤੇ ਨਹੀਂ ਵੀ। | 4. ਸਮੁਦਾਇਕ ਭਾਵਨਾ ਤੋਂ ਬਿਨਾਂ ਸਮੁਦਾਇ ਦਾ ਨਿਰਮਾਣ ਨਹੀਂ ਹੋ ਸਕਦਾ । |
| 5. ਸਮਾਜ ਇੱਕ ਵਿਸ਼ਾਲ ਇਕਾਈ ਹੈ। ਇੱਕ ਸਮਾਜ ਵਿੱਚ ਇੱਕ ਤੋਂ ਵੱਧ ਸਮੁਦਾਇ ਹੋ ਸਕਦੇ ਹਨ। | 5. ਸਮੁਦਾਇਕ ਸਮਾਜ ਦੀ ਤੁਲਨਾ ਵਿੱਚ ਛੋਟਾ ਹੁੰਦਾ ਹੈ। ਇਹ ਸਮਾਜ ਦਾ ਇਕ ਭਾਗ ਹੈ। |
| 6. ਸਮਾਜ ਵਿਚ ਸਮਾਨਤਾ ਅਤੇ ਭਿੰਨਤਾ ਦੋਵੇਂ ਹੁੰਦੀਆਂ ਹਨ। | 6. ਸਮੁਦਾਇ ਵਿੱਚ ਭਿੰਨਤਾ ਦੀ ਤੁਲਨਾ ਵਿੱਚ ਸਮਾਨਤਾ ਜ਼ਿਆਦਾ ਮਹੱਤਵਪੂਰਨ ਹੈ। |

## ਸਭਾ

ਇੱਕ ਵਿਸ਼ੇਸ਼ ਉਦੇਸ਼ ਨੂੰ ਪੂਰਾ ਕਰਨ ਲਈ ਜਦੋਂ ਦੋ ਜਾਂ ਦੋ ਤੋਂ ਵੱਧ ਵਿਅਕਤੀ ਇੱਕ ਦੂਜੇ ਨਾਲ਼ ਸਹਿਯੋਗ ਕਰਦੇ ਹਨ ਤਾਂ ਉਸ ਸਮੂਹ ਨੂੰ ਸਭਾ ਦਾ ਨਾਂ ਦਿੱਤਾ ਜਾਂਦਾ ਹੈ। ਇਹ ਇੱਕ ਤਰ੍ਹਾਂ ਦੀ ਸਹਿਯੋਗੀ ਇਕਾਈ ਹੁੰਦੀ ਹੈ ਜਿਸਦਾ ਅਪਣਾ ਸੰਗਠਨ, ਨਿਯਮ ਤੇ ਵਿਨਿਯਮ ਹੁੰਦੇ ਹਨ। ਲੋਕਾਂ ਦੀਆਂ ਭਿੰਨ-ਭਿੰਨ ਜ਼ਰੂਰਤਾਂ, ਇੱਛਾਵਾਂ ਅਤੇ ਹਿੱਤ ਹੁੰਦੇ ਹਨ ਜਿਨ੍ਹਾਂ ਨੂੰ ਪੂਰਾ ਕਰਨਾ ਹੁੰਦਾ ਹੈ ਅਜਿਹੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦੇ ਤਿੰਨ ਤਰੀਕੇ ਹਨ। ਪਹਿਲਾ, ਵਿਅਕਤੀ ਦੂਸਰਿਆਂ ਦੀ ਪਰਵਾਹ ਕੀਤੇ ਬਿਨਾਂ ਆਪਣੇ ਢੰਗ ਨਾਲ਼ ਸੁਤੰਤਰ ਰੂਪ ਨਾਲ਼ ਕੰਮ ਕਰ ਸਕਦੇ ਹਨ। ਇਹ, ਗ਼ੈਰ -ਸਮਾਜਿਕ ਵਿਧੀ ਹੈ ਅਤੇ ਇਸ ਦੀਆਂ ਕਈ ਸੀਮਾਂਵਾਂ ਹਨ ਦੂਜਾ, ਲੋਕ ਇੱਕ ਦੂਸਰੇ ਨਾਲ਼ ਸੰਘਰਸ਼ ਕਰਕੇ ਆਪਣੇ ਉਦੇਸ਼ਾਂ ਨੂੰ ਪ੍ਰਾਪਤ ਕਰ ਸਕਦੇ ਹਨ। ਇਹ ਵੀ ਰਚਨਾਤਮਕ ਦ੍ਰਿਸ਼ਟੀਕੋਣ ਨਹੀਂ ਹੈ। ਤੀਸਰਾ ਲੋਕ ਆਪਣੇ ਉਦੇਸ਼ ਨੂੰ ਸਹਿਯੋਗ ਅਤੇ ਆਪਸੀ ਸਹਾਇਤਾ ਨਾਲ਼ ਪ੍ਰਾਪਤ ਕਰਨ ਦਾ ਯਤਨ ਕਰ ਸਕਦੇ ਹਨ। ਇਹ

ਸਹਿਯੋਗ ਸਭਾ ਦੇ ਸਬੰਧ ਵਿੱਚ ਹੈ। ਰਾਜਨੀਤਿਕ ਸਭਾਵਾਂ, ਧਾਰਮਿਕ ਸਭਾਵਾਂ, ਵਿਦਿਆਰਥੀ ਸਭਾਵਾਂ, ਮਜ਼ਦੂਰ ਸਭਾਵਾਂ, ਆਰਥਿਕ ਸਭਾਵਾਂ ਅਤੇ ਅੰਤਰਰਾਸ਼ਟਰੀ ਸਭਾਵਾਂ ਆਦਿ ਸਭਾ ਦੇ ਕੁਝ ਉਦਾਹਰਨ ਹਨ।

ਇਸ ਤਰ੍ਹਾਂ ਇੱਕ ਸਭਾ ਇੱਕ ਵਿਸ਼ੇਸ਼ ਉਦੇਸ਼ ਜਾਂ ਅਨੇਕ ਉਦੇਸ਼ਾਂ ਦੀ ਪੂਰਤੀ ਲਈ ਸੰਗਠਿਤ ਲੋਕਾਂ ਦਾ ਇੱਕ ਸਮੂਹ ਹੈ। ਇੱਕ ਸਭਾ ਦਾ ਨਿਰਮਾਣ ਕਰਨ ਲਈ (ੳ) ਲੋਕਾਂ ਦਾ ਇੱਕ ਸਮੂਹ ਹੋਣਾ ਚਾਹੀਦਾ ਹੈ। (ਅ) ਇਹ ਲੋਕ ਸੰਗਠਿਤ ਹੋਣੇ ਚਾਹੀਦੇ ਹਨ (ੲ) ਉਸਨੂੰ ਅੱਗੇ ਵਧਾਉਂਣ ਲਈ ਇੱਕ ਸਧਾਰਨ ਅਤੇ ਵਿਸ਼ੇਸ਼ ਉਦੇਸ਼ ਹੋਣਾ ਚਾਹੀਦਾ ਹੈ। ਪਰਿਵਾਰ, ਚਰਚ, ਮਜ਼ਦੂਰ ਵਰਗ, ਸੰਗੀਤ ਕਲੱਬ ਸਾਰੇ ਸਭਾ ਦੇ ਉਦਾਹਰਨ ਹਨ।

ਇੱਕ ਵਿਅਕਤੀ ਕ੍ਰਿਕਟ ਸਭਾ ਦਾ, ਇਸਤਰੀਆਂ ਦੀ ਸਭਾ ਦਾ ਮੈਂਬਰ ਅਤੇ ਫੇਸ ਬੁੱਕ ਪ੍ਰਯੋਗ ਕਰਨ ਵਾਲ਼ੀ ਸਭਾ ਦਾ ਮੈਂਬਰ ਹੋ ਸਕਦਾ ਹੈ। ਉਪਰੋਕਤ ਸੰਬੰਧ ਵਿੱਚ ਸਮੁਦਾਇ ਦੀ ਜਗ੍ਹਾ ਸਭਾ ਸ਼ਬਦਾਂ ਦਾ ਪ੍ਰਯੋਗ ਕਿਉਂ ਕੀਤਾ ਗਿਆ ਹੈ, ਇਹ ਸ਼ਬਦ ਉਦੋਂ ਪ੍ਰਯੋਗ ਕੀਤਾ ਜਾਂਦਾ ਹੈ ਜਦੋਂ ਕੋਈ ਵਿਅਕਤੀ ਕਿਸੇ ਵਿਅਕਤੀ ਦੀਆਂ ਗਤੀ ਵਿਧੀਆਂ ਦੇ ਵਿਸ਼ੇ ਵਿੱਚ ਜਾਣਨ ਦਾ ਯਤਨ ਕਰਦਾ ਹੈ। ਆਧੁਨਿਕ ਜਟਿਲ ਸਮਾਜਾਂ ਵਿੱਚ ਸਮੁਦਾਇ ਸ਼ਬਦ ਦੀ ਤੁਲਨਾ ਵਿੱਚ ਸਭਾ ਸ਼ਬਦ ਦਾ ਪ੍ਰਯੋਗ ਜ਼ਿਆਦਾ ਕੀਤਾ ਜਾਂਦਾ ਹੈ।




ਰਾਜਨੀਤਕ ਸਭਾ




ਮਜਦੂਰ ਸੰਘ

ਅਜਿਹਾ ਕਿਉਂ ਹੈ ? ਕੀ ਸਮਾਜ ਵਿਅਕਤੀਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਅਸਮਰੱਥ ਹੈ ਜਾਂ ਕੁਝ ਹੋਰ ਕਾਰਨ ਹਨ ? ਕੋਈ ਵੀ ਆਪਣੇ ਗੁਣਾਂ ਜਾਂ ਹਿੱਤਾਂ ਦੇ ਆਧਾਰ ਤੇ ਇੱਕ ਸਮੂਹ ਦਾ ਮੈਂਬਰ ਬਣ ਜਾਂਦਾ ਹੈ, ਉਦਾਹਰਨ ਦੇ ਲਈ ਜੇਕਰ ਇੱਕ ਵਿਅਕਤੀ ਨੂੰ ਕ੍ਰਿਕਟ ਜਾਂ ਇਸਤਰੀਆਂ ਦੇ ਵਿਸ਼ੇ ਵਿੱਚ ਰੁਚੀ ਹੈ ਤਾਂ ਉਹ ਤਰਤੀਬ ਵਾਰ ਕ੍ਰਿਕਟ ਅਤੇ ਮਹਿਲਾ ਸਭਾ ਦਾ ਮੈਂਬਰ ਬਣ ਸਕਦਾ ਹੈ ਅਤੇ ਕੋਈ ਮਹੱਤਵਪੂਰਨ ਸੂਚਨਾਵਾਂ ਇੱਕਠੀਆਂ ਕਰਨ ਜਾਂ ਪੁਰਾਣੇ ਦੋਸਤਾਂ ਨਾਲ਼ ਦੋਬਾਰਾ ਜੁੜਨ ਲਈ ਫੇਸ ਬੁੱਕ

ਦੀ ਮੈਂਬਰਸ਼ਿਪ ਗ੍ਰਹਿਣ ਕਰ ਸਕਦਾ ਹੈ। ਇਸ ਲਈ ਸਭਾਵਾਂ ਵਿਅਕਤੀ ਦੇ ਵਿਸ਼ੇਸ਼ ਹਿੱਤਾਂ ਨੂੰ ਵਧਾਉਂਦੀਆਂ ਹਨ।

ਸਾਰੀਆਂ ਸਭਾਵਾਂ ਸਮਾਜ ਦੇ ਮੈਂਬਰਾਂ ਦੇ ਵਿਸ਼ੇਸ਼ ਹਿੱਤਾਂ ਨੂੰ ਪੂਰਾ ਕਰਨ ਲਈ ਹੋਂਦ ਵਿੱਚ ਆਉਂਦੀਆਂ ਹਨ। ਆਧੁਨਿਕ ਸੰਸਾਰ ਵਿੱਚ ਹਿੱਤਾਂ ਨੂੰ ਸੁਤੰਤਰ ਰੂਪ ਨਾਲ਼ ਪੂਰਾ ਨਹੀਂ ਕੀਤਾ ਜਾ ਸਕਦਾ ਅਤੇ ਆਪਣੇ ਟੀਚੇ ਨੂੰ ਪ੍ਰਾਪਤ ਕਰਨ ਦੇ ਲਈ ਵਿਅਕਤੀ ਨੂੰ ਦੂਸਰਿਆਂ ਦੇ ਸਹਿਯੋਗ ਦੀ ਲੋੜ ਹੁੰਦੀ ਹੈ। ਇਸ ਤਰ੍ਹਾਂ ਕਰਨ ਦੀ ਪ੍ਰਕਿਰਿਆ ਵਿੱਚ ਕਦੀ-ਕਦੀ ਦੂਜਿਆਂ ਦੇ ਨਾਲ਼ ਸੰਘਰਸ਼, ਇੱਛਤ ਟੀਚਿਆਂ ਦੀ ਪ੍ਰਾਪਤੀ ਵਿੱਚ ਮਦਦ ਕਰ ਸਕਦੇ ਹਨ। ਪਰ ਇਹ ਵਿਧੀ ਇਕ ਵਿਵਸਥਿਤ ਸਮਾਜ ਦੀ ਹੋਂਦ ਉੱਤੇ ਸਵਾਲ ਖੜ੍ਹਾ ਕਰਦੀ ਹੈ। ਇਸ ਲਈ ਜਦੋਂ ਵਿਅਕਤੀ ਆਪਣੇ ਵਿਸ਼ੇਸ਼ ਹਿੱਤਾਂ ਨੂੰ ਪੂਰਾ ਕਰਨ ਲਈ ਜਾਂ ਆਪਦੇ ਮਿਥੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਇਕਜੁੱਟ ਹੁੰਦੇ ਹਨ ਤਾਂ ਉਹ ਸਭਾ ਨਾਮ ਦੇ ਸਮੂਹ ਦੇ ਰੂਪ ਵਿੱਚ ਸੰਗਠਿਤ ਹੁੰਦੇ ਹਨ। ਇਸ ਲਈ ਸਭਾ ਇਕ ਵਿਸ਼ੇਸ਼ ਉਦੇਸ਼ ਲਈ ਇਕਜੁੱਟ ਲੋਕਾਂ ਦਾ ਇਕ ਸਮੂਹ ਹੈ। ਸਭਾ ਦੇ ਨਿਸ਼ਾਨੇ ਔਖੇ ਹੋ ਸਕਦੇ ਹਨ, ਜਿਵੇਂ ਇੱਕ ਮਜ਼ਦੂਰ ਸੰਘ ਜੋ ਕਿ ਨਾ ਕੇਵਲ ਮਜ਼ਦੂਰਾਂ ਦੇ ਹਿੱਤਾਂ ਨੂੰ ਅੱਗੇ ਵਧਾਉਂਦਾ ਹੈ, ਸਗੋਂ ਉਨ੍ਹਾਂ ਨੂੰ ਸੁਰੱਖਿਆ, ਕਿੱਤਾ ਮੁਖੀ ਸਿਖਲਾਈ ਵੀ ਪ੍ਰਦਾਨ ਕਰਦੇ ਹਨ।

## ਸਭਾ ਦੀਆਂ ਵਿਸ਼ੇਸ਼ਤਾਵਾਂ :

ਹਰ ਇੱਕ ਸਭਾ ਆਪਣੇ ਮੈਂਬਰਾਂ ਦੇ ਹਿੱਤਾਂ ਨੂੰ ਪੂਰਾ ਕਰਨ ਦਾ ਯਤਨ ਕਰਦੀ ਹੈ, ਜੋ ਇੱਕ ਇੱਕਲਾ ਵਿਅਕਤੀ ਨਹੀਂ ਕਰ ਸਕਦਾ। ਸਭਾ ਦੀਆਂ ਵਿਸ਼ੇਸ਼ਤਾਵਾਂ ਨੂੰ ਹੇਠ ਲਿਖੇ ਅਨੁਸਾਰ ਪ੍ਰਗਟ ਕੀਤਾ ਜਾ ਸਕਦਾ ਹੈ :-

1. **ਵਿਅਕਤੀਆਂ ਦਾ ਇੱਕਠ :** ਇੱਕ ਸਭਾ ਲੋਕਾਂ ਦਾ ਇੱਕ ਇੱਕਠ ਹੈ। ਵਿਅਕਤੀਆਂ ਦੇ ਬਿਨਾਂ ਸਭਾ ਨਹੀਂ ਹੋ ਸਕਦੀ, ਭਾਵੇਂ ਕਿ ਸਾਰੇ ਸਮੂਹ ਸਭਾ ਨਹੀਂ ਹੁੰਦੇ ਕਿਉਂਕਿ ਸਭਾ ਮੁੱਖ ਰੂਪ ਨਾਲ਼ ਇੱਕ ਸੰਗਠਿਤ ਸਮੂਹ ਹੈ।
2. **ਇੱਛੁਕ ਮੈਂਬਰਸ਼ਿਪ :** ਸਭਾਵਾਂ ਆਮ ਤੌਰ ਤੇ ਸਵੈ-ਇੱਛੁਕ ਹੁੰਦੀਆਂ ਹਨ। ਇਸ ਦੀ ਮੈਂਬਰਸ਼ਿਪ ਵਿਅਕਤੀ ਦੇ ਹਿੱਤ ਜਾਂ ਉਦੇਸ਼ ਉੱਤੇ ਨਿਰਭਰ ਕਰਦੀ ਹੈ। ਜਿਸ ਦੇ ਲਈ ਉਹ ਇੱਕ ਸਭਾ ਦਾ ਮੈਂਬਰ ਬਣਦਾ ਹੈ। ਇਕ ਵਿਅਕਤੀ ਸਭਾ-ਮੈਂਬਰ ਬਣਦਾ ਹੈ ਕਿਉਂਕਿ ਉਹ ਅਜਿਹਾ ਚਾਹੁੰਦਾ ਹੈ ਅਤੇ ਉਹ ਇਸ ਨੂੰ ਪਸੰਦ ਕਰਦਾ ਹੈ। ਜਦੋਂ ਕੋਈ ਵਿਅਕਤੀ ਸਭਾ ਸੰਬੰਧੀ ਨਾਪੰਸਦੀ ਦੀ ਭਾਵਨਾ ਵਿਕਸਿਤ ਕਰ ਲੈਂਦਾ ਹੈ ਤਾਂ ਉਹ ਸਭਾ ਤਿਆਗਣ ਜਾਂ ਛੱਡਣ ਲਈ ਪੂਰੀ ਤਰ੍ਹਾਂ ਆਜ਼ਾਦ ਹੁੰਦਾ ਹੈ।
3. **ਸਾਂਝੇ ਹਿੱਤ :** ਸਭਾਵਾਂ ਨਿਸ਼ਚਿਤ ਨਿਸ਼ਾਨਿਆਂ ਜਾਂ ਉਦੇਸ਼ਾਂ ਨਾਲ਼ ਮੈਂਬਰਾਂ ਦੇ ਚੇਤੰਨ ਅਤੇ ਸੋਚੇ ਸਮਝੇ ਜਤਨਾਂ ਦੁਆਰਾ ਹੋਂਦ ਵਿੱਚ ਆਉਂਦੀਆਂ ਹਨ। ਇਸ ਅਨੁਸਾਰ ਰਾਜਨੀਤਿਕ ਹਿੱਤਾਂ ਵਾਲ਼ੇ ਲੋਕ ਰਾਜਨੀਤਿਕ ਸਭਾ ਵਿੱਚ ਸ਼ਾਮਿਲ ਹੋ ਸਕਦੇ ਹਨ ਧਾਰਮਿਕ ਹਿੱਤ ਵਾਲ਼ੇ ਲੋਕ ਧਾਰਮਿਕ ਸਭਾਵਾਂ ਵਿੱਚ ਸ਼ਾਮਿਲ ਹੋ ਸਕਦੇ ਹਨ ਅਤੇ ਇਸ ਤਰ੍ਹਾਂ ਚੱਲਦਾ ਰਹਿੰਦਾ ਹੈ। ਆਮ

ਤੌਰ ਤੇ ਸਭਾ ਦੇ ਉਦੇਸ਼ਾਂ ਦੀ ਪ੍ਰਾਪਤੀ ਨਾਲ਼ ਹੀ ਇਸਦੀ ਹੋਂਦ ਸਮਾਪਤ ਹੋ ਸਕਦੀ ਹੈ।

4. **ਨਿਯਮ ਅਤੇ ਅਧਿਨਿਯਮ :** ਸਭਾ ਦਾ ਇੱਕ ਸੰਵਿਧਾਨ ਹੁੰਦਾ ਹੈ, ਜਿਹੜਾ ਇਸ ਦੀ ਕਾਰਜਸ਼ੀਲਤਾ ਲਈ, ਪ੍ਰਕਿਰਿਆ, ਨਿਯਮਾਂ ਤੇ ਵਿਨਿਯਮਾਂ ਦੀ ਵਿਆਖਿਆ ਕਰਦਾ ਹੈ। ਮੈਂਬਰ ਉਦੇਸ਼ਾਂ ਦੀ ਪ੍ਰਾਪਤੀ ਲਈ ਇਨ੍ਹਾਂ ਪ੍ਰਕਿਰਿਆਵਾਂ ਦਾ ਪਾਲਣ ਕਰਦੇ ਹਨ। ਸਭਾਵਾਂ ਦੀ ਸੰਰਚਨਾ ਸੰਗਠਿਤ ਜਾ ਅਸੰਗਠਿਤ ਹੁੰਦੀ ਹੈ ਇਸ ਰਸਮੀ ਨਿਯਮ ਸਭਾ ਦੀ ਗਤੀਵਿਧੀ ਨੂੰ ਪਰਿਭਾਸ਼ਿਤ ਕਰਦੇ ਹਨ। ਇਸ ਵਿੱਚ ਰਸਮੀ ਨਿਯਮਾਂ ਵਿੱਚ, ਦਫ਼ਤਰ, ਪਦ ਚਿੰਨ੍ਹਾਂ 'ਤੇ ਚੱਲਣ ਦੀ ਪ੍ਰਕਿਰਿਆ ਅਤੇ ਉਦੇਸ਼ ਜੋ ਪ੍ਰਾਪਤ ਕੀਤੇ ਜਾਣੇ ਹਨ, ਸ਼ਾਮਿਲ ਹਨ। ਧਾਰਮਿਕ ਸਭਾਵਾਂ ਦੀ ਸੰਰਚਨਾ ਅਸੰਗਠਿਤ ਹੁੰਦੀ ਹੈ ਅਤੇ ਵਪਾਰ ਸਭਾਵਾਂ ਦੀ ਸੰਰਚਨਾ ਦਾ ਢੰਗ ਜ਼ਿਆਦਾ ਔਖਾ ਹੁੰਦਾ ਹੈ ਕਿਉਂਕਿ ਧਾਰਮਿਕ ਸਭਾਵਾਂ ਪੰਰਪਰਾਵਾਂ ਅਤੇ ਪ੍ਰਥਾਵਾਂ ਨਾਲ਼ ਬੱਝੀਆਂ ਹੁੰਦੀਆਂ ਹਨ ਅਤੇ ਵਪਾਰ ਸਭਾਵਾਂ ਵਿੱਚ ਰਸਮੀ ਨਿਯਮ ਹੁੰਦੇ ਹਨ।

### ਗਤੀਵਿਧੀ-3.5

- ਆਪਣੇ ਗੁਆਂਢ ਵਿੱਚ ਸਥਿਤ ਭਿੰਨ-ਭਿੰਨ ਸਭਾਵਾਂ ਦੇ ਬਾਰੇ ਵਿੱਚ ਪਤਾ ਲਗਾਓ, ਜਿਵੇਂ ਰਿਹਾਇਸ਼ੀ ਕਲਿਆਣ ਸਭਾਵਾਂ, ਯੁਵਾ ਕਲੱਬ, ਬਜੁਰਗ ਨਾਗਰਿਕ ਸਭਾ ਦੇ ਸੰਗਠਨ ਆਦਿ।
- ਆਪਣੇ ਸ਼ਹਿਰ/ਕਸਬੇ/ਪਿੰਡ ਵਿੱਚ ਸਥਿਤ ਇਕੋ ਤਰ੍ਹਾਂ ਦੀਆਂ ਸਭਾਵਾਂ ਦੇ ਨਾਮ ਇੱਕਠੇ ਕਰੋ।
- ਇਹਨਾਂ ਸੰਸਥਾਵਾਂ ਦੁਆਰਾ ਕੀਤੀਆਂ ਜਾਣ ਵਾਲ਼ੀਆਂ ਕਿਰਿਆਵਾਂ ਦਾ ਪਤਾ ਲਗਾਓ।

## ਸਮੁਦਾਇ ਅਤੇ ਸਭਾ ਵਿੱਚ ਭਿੰਨਤਾ

| ਸਮੁਦਾਇ | ਸਭਾ |
|---|---|
| • ਵਿਅਕਤੀ ਜਨਮ ਤੋਂ ਹੀ ਇੱਕ ਸਮੁਦਾਇ ਦਾ ਮੈਂਬਰ ਬਣ ਜਾਂਦਾ ਹੈ। | • ਇਕ ਸਭਾ ਦੀ ਮੈਂਬਰਸ਼ਿਪ ਸ੍ਵੈ ਇੱਛਕ ਹੁੰਦੀ ਹੈ। |
| • ਸਮੁਦਾਇ ਵਿੱਚ ਹਿੱਤ ਸਾਂਝੇ ਹੁੰਦੇ ਹਨ। | • ਸਭਾ ਵਿੱਚ ਕੁਝ ਵਿਸ਼ੇਸ਼ ਹਿੱਤ ਸਾਂਝੇ ਹੁੰਦੇ ਹਨ। |
| • ਇਕ ਸਮੁਦਾਇ ਸਥਿਰ ਅਤੇ ਸਥਾਈ ਹੁੰਦਾ ਹੈ। | • ਸਭਾ ਸਥਿਰ ਜਾਂ ਦੀਰਘ ਕਾਲੀਨ ਹੋ ਵੀ ਸਕਦੀ ਹੈ ਅਤੇ ਨਹੀਂ ਵੀ। |
| • ਇਕ ਸਮੁਦਾਇ ਨੂੰ ਕਾਨੂੰਨੀ ਦਰਜਾ ਪ੍ਰਾਪਤ ਨਹੀਂ ਹੁੰਦਾ। | • ਇੱਕ ਸਭਾ ਨੂੰ ਕਾਨੂੰਨੀ ਦਰਜਾ ਪ੍ਰਾਪਤ ਹੁੰਦਾ ਹੈ। |
| • ਸਮੁਦਾਇ ਵਿੱਚ ਅਨੇਕ ਸਭਾਵਾਂ ਸ਼ਾਮਿਲ ਹੁੰਦੀਆਂ ਹਨ। | • ਇੱਕ ਸਭਾ ਇਕ ਹੀ ਸੰਗਠਨ ਹੈ। |

## ਸਮਾਜ ਅਤੇ ਸਭਾ ਵਿੱਚ ਅੰਤਰ

| ਸਮਾਜ | ਸਭਾ |
|---|---|
| • ਸਮਾਜ ਸੁਭਾਵਿਕ ਪ੍ਰਕਿਰਤੀ ਦਾ ਸਿੱਟਾ ਹੈ। | • ਸਭਾ ਦਾ ਨਿਰਮਾਣ ਬਨਾਵਟੀ ਰੂਪ ਨਾਲ਼ ਹੁੰਦਾ ਹੈ। |
| • ਸਮਾਜ ਦੀ ਮੈਂਬਰਸ਼ਿਪ ਜ਼ਰੂਰੀ ਹੈ। | • ਸਭਾ ਦੀ ਮੈਂਬਰਸ਼ਿਪ ਸ੍ਵੈ-ਇੱਛੁਕ ਹੈ। |
| • ਸਮਾਜ ਦਾ ਉਦੇਸ਼ ਆਪਣੇ ਮੈਂਬਰਾਂ ਦੇ ਸਾਂਝੇ ਹਿੱਤਾਂ ਨੂੰ ਪੂਰਾ ਕਰਨਾ ਹੈ। | • ਸਭਾ ਦਾ ਨਿਰਮਾਣ ਕੁਝ ਵਿਸ਼ੇਸ਼ ਹਿੱਤਾਂ ਨੂੰ ਪੂਰਾ ਕਰਨ ਲਈ ਹੁੰਦਾ ਹੈ। |
| • ਸਮਾਜ ਵਿੱਚ ਸਹਿਯੋਗ ਅਤੇ ਸੰਘਰਸ਼ ਦੋਵੇਂ ਹੁੰਦੇ ਹਨ। | • ਸਭਾ ਸਹਿਯੋਗ ਉੱਤੇ ਅਧਾਰਿਤ ਹੈ। |
| • ਸਮਾਜ ਸੰਗਠਿਤ ਜਾਂ ਅਸੰਗਠਿਤ ਹੋ ਸਕਦਾ ਹੈ। | • ਸਭਾ ਸੰਗਠਿਤ ਹੋਣੀ ਚਾਹੀਦੀ ਹੈ। |
| • ਸਮਾਜ ਸਭਾ ਤੋਂ ਪੁਰਾਣਾ ਹੈ। ਮਨੁੱਖਾਂ ਦੀ ਉੱਤਪਤੀ ਦੇ ਸਮੇਂ ਤੋਂ ਹੀ ਇਸਦੀ ਹੋਂਦ ਹੈ। | • ਸਭਾਵਾਂ ਨਵੀਂਆਂ ਹਨ ਇਹਨਾਂ ਦੀ ਉੱਤਪਤੀ ਉਦੋਂ ਹੋਈ ਜਦੋਂ ਵਿਸ਼ੇਸ਼ ਉਦੇਸ਼ਾਂ ਦੀ ਪ੍ਰਾਪਤੀ ਲਈ ਮਨੁੱਖਾਂ ਨੇ ਆਪਣੇ ਆਪ ਨੂੰ ਸੰਗਠਿਤ ਕਰਨਾ ਸਿੱਖਿਆ। |

### ਸਿੱਟਾ :

ਇਸ ਤਰ੍ਹਾਂ ਸਮਾਜ, ਸਮੁਦਾਇ ਅਤੇ ਸਭਾਵਾਂ ਮੁੱਢਲੀਆਂ ਇਕਾਈਆਂ ਹਨ, ਜੋ ਸਾਨੂੰ ਵਿਅਕਤੀ ਅਤੇ ਸਮਾਜਿਕ ਪ੍ਰਕਿਰਿਆਵਾਂ ਦੇ ਵਿਚਕਾਰ ਸੰਬੰਧਾਂ ਨੂੰ ਸਥਾਪਿਤ ਕਰਨ ਦਾ ਆਧਾਰ ਪ੍ਰਦਾਨ ਕਰਦੀਆਂ ਹਨ। ਹਰੇਕ ਇਕਾਈ ਦੂਸਰੀ ਇਕਾਈ ਨਾਲ਼ ਸੰਬੰਧਿਤ ਹੈ ਫਿਰ ਵੀ ਉਹ ਇਕ ਦੂਜੇ ਨਾਲ਼ੋਂ ਅਨੇਕ ਤਰ੍ਹਾਂ ਨਾਲ਼ ਭਿੰਨ ਹਨ। ਸਮਾਜ ਸ਼ਾਸਤਰ ਨੂੰ ਸਮਝਣ ਦੇ ਲਈ ਇਹਨਾਂ ਸੰਕਲਪਾਂ ਦੇ ਅਧਿਐਨ ਨੂੰ ਮਹੱਤਵ ਦਿੱਤਾ ਜਾਣਾ ਚਾਹੀਦਾ ਹੈ।

### ਸ਼ਬਦਾਵਲੀ

**ਇੱਕਠ :** ਲੋਕਾਂ ਦਾ ਇਕ ਸਮੂਹ ਜੋ ਇਕ ਸਥਾਨ ਉੱਤੇ ਇਕ ਹੀ ਸਮੇਂ ਹੁੰਦਾ ਹੈ ਪਰ ਉਹਨਾਂ ਦਾ ਇਕ ਦੂਜੇ ਨਾਲ਼ ਕੋਈ ਸੰਬੰਧ ਜਾਂ ਸੰਪਰਕ ਨਹੀਂ ਹੁੰਦਾ।

**ਸਭਾ :** ਲੋਕਾਂ ਦਾ ਇੱਕ ਸੰਗਠਿਤ ਸਮੂਹ ਜਿਨ੍ਹਾਂ ਦੇ ਹਿੱਤ, ਕਿਰਿਆਵਾਂ ਜਾਂ ਉਦੇਸ਼ ਇਕੋ ਜਿਹੇ ਹੁੰਦੇ ਹਨ।

**ਸਮੁਦਾਇ :** ਇਹ ਪਰਸਪਰ ਕਿਰਿਆਵਾਂ, ਮਨੁੱਖੀ ਵਿਵਹਾਰਾਂ ਦਾ ਇਕ ਸਮੂਹ ਹੈ, ਜੋ ਇਸਦੇ ਮੈਂਬਰਾਂ ਦੇ ਲਈ ਅਰਥਪੂਰਨ ਅਤੇ ਆਸ਼ਾਵਾਦੀ ਹੈ। ਇਹ ਕੇਵਲ ਕਿਰਿਆਵਾਂ ਨੂੰ ਸ਼ਾਮਿਲ ਨਹੀਂ ਕਰਦਾ ਸਗੋਂ ਵਿਅਕਤੀਆਂ ਦੇ ਵਿਚਕਾਰ ਸਾਂਝੀਆਂ ਉਮੀਦਾਂ, ਮੁੱਲਾਂ, ਵਿਸ਼ਵਾਸਾਂ ਅਤੇ ਅਰਥਾਂ ਉੱਤੇ ਅਧਾਰਿਤ ਕਿਰਿਆਵਾਂ ਨੂੰ ਸ਼ਾਮਿਲ ਕਰਦਾ ਹੈ।

**ਸਹਿਯੋਗ :** ਸਾਂਝੇ ਜਾਂ ਆਪਸੀ ਲਾਭਾਂ ਦੇ ਲਈ ਇਕੱਠੇ ਕੰਮ ਕਰਨ ਦੀ ਪ੍ਰਕਿਰਿਆ।

ਗਤੀਸ਼ੀਲ : ਇਕ ਪ੍ਰਕਿਰਿਆ ਜਾਂ ਪ੍ਰਣਾਲੀ ਜੋ ਨਿਰੰਤਰ ਪਰਿਵਰਤਨਸ਼ੀਲ, ਕਾਰਜਸ਼ੀਲ ਜਾਂ ਤਰੱਕੀ ਰਾਹੀਂ ਪਰਿਭਾਸ਼ਤ ਹੁੰਦੀ ਹੈ।

**ਸੰਸਥਾ :** ਕਿਸੇ ਸਮੁਦਾਇ ਦੇ ਵਿਚਕਾਰ ਇੱਕ ਸਮੂਹ ਦੇ ਵਿਵਹਾਰ ਨੂੰ ਨਿੰਯਤਰਿਤ ਕਰਨ ਵਾਲ਼ੀ ਸਮਾਜਿਕ ਵਿਵਸਥਾ ਦਾ ਇੱਕ ਯੰਤਰ ਜਾਂ ਸਥਾਈ ਸੰਰਚਨਾ।

**ਕਾਨੂੰਨ:** ਇਕ ਪ੍ਰਤਿਮਾਨ ਜੋ ਲਿਖਿਤ ਹੈ ਅਤੇ ਇਕ ਸਰਕਾਰੀ ਏਜੰਸੀ ਦੁਆਰਾ ਲਾਗੂ ਕੀਤਾ ਜਾਂਦਾ ਹੈ।

ਸਮਾਜਿਕ ਸੰਬੰਧ : ਸਮਾਜ ਦੇ ਦੋ ਜਾਂ ਦੋ ਤੋਂ ਵੱਧ ਮੈਂਬਰਾਂ ਵਿਚਕਾਰ ਸੰਬੰਧ

**ਸਮਾਜ :** ਲੋਕਾਂ ਦਾ ਇੱਕ ਸਮੂਹ ਜੋ ਇਕ ਵਿਸ਼ੇਸ਼ ਖੇਤਰ, ਸੱਭਿਆਚਾਰ ਜਾਂ ਸਮਾਜਿਕ ਸੰਬੰਧਾਂ ਨੂੰ ਸਾਂਝਾ ਕਰਦਾ ਹੈ।

**ਅਸੀਂ ਦੀ ਭਾਵਨਾ :** ਇਕ ਮਜ਼ਬੂਤ ਸੰਬੰਧ ਦੀ ਭਾਵਨਾ ਜਿਸ ਦੇ ਆਧਾਰ ਉੱਤੇ ਇਕ ਸਮੂਹ ਦੇ ਮੈਂਬਰ ਆਪਣੇ-ਆਪ ਨੂੰ ਪਛਾਣਦੇ ਹਨ ਅਤੇ ਦੂਜਿਆਂ ਨਾਲ਼ੋਂ ਆਪਣੇ-ਆਪ ਨੂੰ ਅਲੱਗ ਕਰਦੇ ਹਨ। ਇਹ ਉਹਨਾਂ ਵਿਚਕਾਰ ਏਕਤਾ ਦੀ ਮਜ਼ਬੂਤ ਭਾਵਨਾ ਨੂੰ ਪ੍ਰਗਟ ਕਰਦੀ ਹੈ।

## ਅਭਿਆਸ

### ਨਿਮਨਲਿਖਤ ਪ੍ਰਸ਼ਨ ਦਾ ਉੱਤਰ 1-15 ਸ਼ਬਦਾਂ ਵਿੱਚ ਦਿਓ।

1. ਸਮਾਜ ਦਾ ਅਰਥ ਦੱਸੋ।
2. 'ਸੋਸਾਇਟੀ' ਅਤੇ 'ਕਮਿਊਨਿਟੀ' ਸ਼ਬਦ ਕਿਨ੍ਹਾਂ ਸ਼ਬਦਾਂ ਤੋਂ ਮਿਲ਼ ਕੇ ਬਣੇ ਹਨ ?
3. 'ਮਨੁੱਖ ਇਕ ਸਮਾਜਿਕ ਪ੍ਰਾਣੀ ਹੈ' ਕਿਸ ਨੇ ਕਿਹਾ ?
4. ਸਧਾਰਨ ਸੰਯੁਕਤ ਸਮਾਜ, ਸੰਯੁਕਤ ਸਮਾਜ, ਦੋਹਰਾ ਸੰਯੁਕਤ ਸਮਾਜ ਅਤੇ ਤੀਹਰਾ ਸੰਯੁਕਤ ਸਮਾਜ ਦਾ ਵਰਗੀਕਰਨ ਕਿਸ ਨੇ ਦਿੱਤਾ।
5. ਸਭਾ ਕਿਸ ਨੂੰ ਕਹਿੰਦੇ ਹਨ।
6. ਖੁੱਲ੍ਹਾ ਸਮਾਜ ਕਿਸਨੂੰ ਕਹਿੰਦੇ ਹਨ।

### ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ 30-35 ਸ਼ਬਦਾਂ ਵਿੱਚ ਦਿਓ।

1. ਸਮਾਜ ਦੀਆਂ ਤਿੰਨ ਵਿਸ਼ੇਸ਼ਤਾਵਾਂ ਦੱਸੋ।
2. ਸਮਾਜ ਦੀਆਂ ਕਿਸਮਾਂ ਦਾ ਵਰਣਨ ਕਰੋ।
3. ਸਮੁਦਾਇ ਕਿਸ ਨੂੰ ਕਹਿੰਦੇ ਹਨ।
4. ਸਮਾਜ ਕਿਸ ਤਰ੍ਹਾਂ ਸਮੁਦਾਇ ਤੋਂ ਭਿੰਨ ਹੈ ? ਦੋ ਅੰਤਰ ਦੱਸੋ।
5. ਸਭਾ ਨੂੰ ਪਰਿਭਾਸ਼ਿਤ ਕਰੋ ਅਤੇ ਇਸਦੀਆਂ ਵਿਸ਼ੇਸ਼ਤਾਵਾਂ ਦੀ ਚਰਚਾ ਕਰੋ।
6. ਸਮੁਦਾਇ ਅਤੇ ਸਭਾ ਦੇ ਵਿਚਕਾਰ ਦੋ ਅੰਤਰ ਦੱਸੋ।

### ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ 75-85 ਸ਼ਬਦਾਂ ਵਿੱਚ ਦਿਓ।

1. ਮਨੁੱਖੀ ਸਮਾਜ ਉੱਤੇ ਇੱਕ ਸੰਖੇਪ ਟਿੱਪਣੀ ਲਿਖੋ।
2. ਅਗਸਤ ਕਾਮਤੇ ਦੁਆਰਾ ਪ੍ਰਸਤੁਤ ਮਾਨਵ ਸਮਾਜ ਦੇ ਤਿੰਨ ਪੜਾਵਾਂ ਬਾਰੇ ਦੱਸੋ।
3. ਸਮੁਦਾਇ ਦੇ ਪ੍ਰਮੁੱਖ ਅਧਾਰ ਕਿਹੜੇ ਹਨ ?
4. ਸਭਾ ਦੇ ਤਿੰਨ ਉਦਾਹਰਨ ਦਿਓ।
5. ਟੌਨਿਜ਼ ਦੁਆਰਾ ਪ੍ਰਸਤੁਤ ਸਮਾਜ ਦੀਆਂ ਕਿਸਮਾਂ ਕਿਹੜੀਆਂ ਹਨ ?

### ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ 250-300 ਸ਼ਬਦਾਂ ਵਿੱਚ ਦਿਓ।

1. ਸਮਾਜ ਸ਼ਬਦ ਤੋਂ ਤੁਸੀਂ ਕੀ ਸਮਝਦੇ ਹੋ ? ਵਿਸਤਰਿਤ ਟਿੱਪਣੀ ਲਿਖੋ।
2. ਵਿਅਕਤੀ ਅਤੇ ਸਮਾਜ ਪਰਸਪਰ ਸੰਬੰਧਿਤ ਹਨ। ਟਿੱਪਣੀ ਲਿਖੋ।
3. ਸਮੁਦਾਇ ਤੋਂ ਤੁਸੀਂ ਕੀ ਸਮਝਦੇ ਹੋ। ਸਮੁਦਾਇ ਦੀਆਂ ਵਿਸ਼ੇਸ਼ਤਾਵਾਂ ਦੀ ਵਿਸਥਾਰ ਰੂਪ ਵਿੱਚ ਚਰਚਾ ਕਰੋ।
4. ਸਮੁਦਾਇ ਨੂੰ ਪਰਿਭਾਸ਼ਿਤ ਕਰੋ। ਸਮੁਦਾਇ ਕਿਹੜੇ ਅਰਥ ਵਿੱਚ ਸਮਾਜ ਨਾਲੋਂ ਵੱਖ ਹੈ। ਵਿਸਥਾਰ ਨਾਲ਼ ਚਰਚਾ ਕਰੋ।
5. ਸਮੁਦਾਇ ਅਤੇ ਸਭਾ ਵਿਚਕਾਰ ਅੰਤਰ ਦੱਸੋ।
6. ਸਮਾਜ ਅਤੇ ਸਭਾ ਦੇ ਵਿਚਕਾਰ ਅੰਤਰ ਬਾਰੇ ਚਰਚਾ ਕਰੋ।

ਅਧਿਆਏ 4

# ਸਮਾਜਿਕ ਸਮੂਹ

**ਮੁੱਖ ਬਿੰਦੂ :**

4.1 ਅਰਥ ਅਤੇ ਵਿਸ਼ੇਸ਼ਤਾਵਾਂ

4.2 ਕਿਸਮਾਂ : ਮੁੱਢਲੇ ਅਤੇ ਗੌਣ ਸਮੂਹ

4.3 ਅੰਦਰੂਨੀ ਸਮੂਹ ਅਤੇ ਬਾਹਰੀ ਸਮੂਹ

## ਭੂਮਿਕਾ

ਸਾਰੇ ਸੰਸਾਰ ਵਿੱਚ ਅਜਿਹਾ ਕੋਈ ਵਿਅਕਤੀ ਨਹੀਂ ਹੈ, ਜੋ ਕਿਸੇ ਨਾ ਕਿਸੇ ਸਮੂਹ ਦਾ ਮੈਂਬਰ ਨਾ ਹੋਵੇ ਬਲਕਿ ਸਾਰੇ ਮਨੁੱਖ ਜਾਂ ਪ੍ਰਾਣੀ ਸਮੂਹਾਂ ਵਿੱਚ ਰਹਿੰਦੇ ਹਨ। ਸਮਾਜ ਸ਼ਾਸਤਰ ਵਿਸ਼ੇ ਵਿੱਚ ਸਮੂਹ ਦਾ ਕੇਂਦਰੀ ਸਥਾਨ ਹੈ। ਸਮਾਜ ਸ਼ਾਸਤਰੀਆਂ ਦਾ ਵਿਚਾਰ ਹੈ ਕਿ ਸਮਾਜ ਸ਼ਾਸਤਰ ਉਹ ਵਿਗਿਆਨ ਹੈ ਜੋ ਸਮਾਜਿਕ ਸਮੂਹਾਂ ਦਾ ਅਧਿਐਨ ਕਰਦਾ ਹੈ। ਹਰ ਇੱਕ ਸਮਾਜ ਵਿੱਚ ਚਾਹੇ ਉਹ ਪ੍ਰਾਚੀਨ ਸਾਮੰਤਵਾਦੀ, ਆਧੁਨਿਕ, ਏਸ਼ੀਅਨ, ਯੂਰਪੀਅਨ ਜਾਂ ਅਫ਼ਰੀਕੀ ਹੋਣ, ਹਰ ਥਾਂ ਮਨੁੱਖੀ ਸਮੂਹ ਅਤੇ ਸਮੂਹਿਕਤਾ ਪਾਈ ਜਾਂਦੀ ਹੈ ਪ੍ਰੰਤੂ ਇਹ ਵੀ ਸੱਚ ਹੈ ਕਿ ਇਹ ਮਨੁੱਖੀ ਸਮੂਹ ਜਾਂ ਸਮੂਹਿਕਤਾ ਆਪਣੇ ਸੱਭਿਆਚਾਰ ਦੀ ਵਿਭਿੰਨਤਾ ਦੇ ਅਨੁਸਾਰ ਹੀ ਪਾਏ ਜਾਂਦੇ ਹਨ।

## ਸਮਾਜਿਕ ਸਮੂਹ ਦੀ ਧਾਰਨਾ



ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ। ਉਹ ਇੱਕਲਾ ਨਹੀਂ ਰਹਿ ਸਕਦਾ। ਜ਼ਿਆਦਾਤਰ ਵਿਅਕਤੀਆਂ ਦੀਆਂ ਕਿਰਿਆਵਾਂ ਉਹਨਾਂ ਦੇ ਸਮੂਹ ਦੇ ਮੈਂਬਰ ਹੋਣ ’ਤੇ ਸ਼ੁਰੂ ਹੁੰਦੀਆਂ ਹਨ, ਉਦਾਹਰਨ ਦੇ ਤੌਰ ‘ਤੇ ਪਰਿਵਾਰ। ਜਦੋਂ ਵਿਅਕਤੀ ਬਾਹਰ ਜਾਂਦਾ ਹੈ, ਉਹ ਕਈ ਹੋਰ ਵਿਅਕਤੀਆਂ ਦੇ ਨਾਲ਼ ਅੰਤਰ

ਕ੍ਰਿਆ ਕਰਦਾ ਹੈ ਅਤੇ ਆਪਣੇ ਪਰਸਪਰ ਵਿਚਾਰਾਂ ਅਤੇ ਭਾਵਨਾਵਾਂ ਨੂੰ ਸਾਂਝਾ ਕਰਦਾ ਹੈ। ਦੂਜੇ ਸ਼ਬਦਾਂ ਵਿੱਚ, ਸਾਰੀਆਂ ਔਰਤਾਂ ਅਤੇ ਆਦਮੀਆਂ ਵਿੱਚ ਸਮਾਜਿਕ ਪ੍ਰਾਣੀ ਦੇ ਤੌਰ ਤੇ ਆਪਸੀ ਸਾਂਝ ਰਾਹੀਂ ਮਿਲ਼-ਜੁਲ਼ ਕੇ ਰਹਿਣ ਦੀ ਪ੍ਰਵਿਰਤੀ ਹੁੰਦੀ ਹੈ।

ਸਮਾਜਿਕ ਸਮੂਹ ਵਿਅਕਤੀਆਂ ਦਾ ਸੰਗਠਨ ਹੈ, ਜਿਸ ਵਿੱਚ ਦੋ ਜਾਂ ਦੋ ਤੋਂ ਜ਼ਿਆਦਾ ਵਿਅਕਤੀਆਂ ਦੇ ਵਿਚਕਾਰ ਅੰਤਰ-ਕਿਰਿਆ ਪਾਈ ਜਾਂਦੀ ਹੈ। ਇਸ ਵਿੱਚ ਉਹ ਵਿਅਕਤੀ ਆਉਂਦੇ ਹਨ ਜੋ ਇਕ ਦੂਜੇ ਦੇ ਨਾਲ਼ ਅੰਤਰ-ਕਿਰਿਆ ਕਰਦੇ ਹਨ ਅਤੇ ਆਪਣੇ-ਆਪ ਨੂੰ ਵੱਖਰੀ ਸਮਾਜਿਕ ਇਕਾਈ ਮੰਨਦੇ ਹਨ। ਸਮੂਹ ਵਿੱਚ ਮੈਂਬਰਾਂ ਦੀ ਵੱਖਰੀ ਸੰਖਿਆ ਨੂੰ ਦੋ ਤੋਂ ਸੌ ਵਿਅਕਤੀਆਂ ਦੀ ਸ਼੍ਰੇਣੀ ਵਿੱਚ ਰੱਖਿਆ ਜਾ ਸਕਦਾ ਹੈ। ਇਸਦੇ ਨਾਲ਼, ਸਮਾਜਿਕ ਸਮੂਹ ਦੀ ਪ੍ਰਕਿਰਤੀ ਗਤੀਸ਼ੀਲ ਹੁੰਦੀ ਹੈ। ਇਸਦੀਆਂ ਗਤੀਵਿਧੀਆਂ ਵਿੱਚ ਸਮੇਂ-ਸਮੇਂ ਤੇ ਪਰਿਵਰਤਨ ਆਉਂਦਾ ਰਹਿੰਦਾ ਹੈ। ਸਮਾਜਿਕ ਸਮੂਹ ਦੇ ਅੰਤਰਗਤ ਵਿਅਕਤੀਆਂ ਵਿਚਕਾਰ ਅੰਤਰ-ਕਿਰਿਆਵਾਂ ਵਿਅਕਤੀਆਂ ਨੂੰ ਦੂਜਿਆਂ ਨਾਲ਼ ਪਹਿਚਾਣ ਬਦਾਉਣ ਲਈ ਪ੍ਰੇਰਿਤ ਕਰਦੀਆਂ ਹਨ। ਸਮੂਹ ਆਮ ਤੌਰ ਤੇ ਸਥਿਰ ਅਤੇ ਸਮਾਜਿਕ ਇਕਾਈ ਹੈ। ਉਦਾਹਰਨ ਦੇ ਲਈ ਪਰਿਵਾਰ, ਸਮੁਦਾਇ, ਪਿੰਡ ਆਦਿ ਸਮੂਹ ਭਿੰਨ-ਭਿੰਨ ਸੰਗਠਿਤ ਕਿਰਿਆਵਾਂ ਕਰਦੇ ਹਨ ਜੋ ਕਿ ਸਮਾਜ ਦੇ ਲਈ ਬਹੁਤ ਮਹੱਤਵਪੂਰਨ ਹਨ।

## ਇਕੱਠ, ਸ਼੍ਰੇਣੀ ਅਤੇ ਸਮੂਹ



ਸਮਾਜਿਕ ਸਮੂਹ ਇੱਕਠ ਅਤੇ ਸਮਾਜਿਕ ਸ਼੍ਰੇਣੀ ਤੋਂ ਭਿੰਨ ਹੈ। ਇਹ ਜ਼ਰੂਰੀ ਨਹੀਂ ਕਿ ਲੋਕਾਂ ਦਾ ਹਰ ਇੱਕਠ ਇਕ ਸਮਾਜਿਕ ਸਮੂਹ ਹੋਵੇ। ਇੱਕਠ ਕਿਸੇ ਇੱਕ ਸਮੇਂ, ਕਿਸੇ ਇੱਕ ਸਥਾਨ 'ਤੇ ਜੁੜੇ ਲੋਕਾਂ ਦੀ ਭੀੜ ਦਾ ਨਾਮ ਹੈ, ਪਰ ਉਹਨਾਂ ਵਿਚਕਾਰ ਕੋਈ ਵਿਸ਼ੇਸ਼ ਸਾਂਝ ਨਹੀਂ ਹੁੰਦੀ। ਉਦਾਹਰਨ ਦੇ ਲਈ ਬੱਸ ਦੇ ਇੰਤਜ਼ਾਰ ਵਿਚ ਇੱਕਠੇ ਹੋਏ ਲੋਕਾਂ ਵਿਚ ਕੋਈ ਵਿਸ਼ੇਸ਼ ਸਾਂਝਾ ਨਿਸ਼ਚਿਤ ਉਦੇਸ਼ ਨਹੀਂ ਹੁੰਦਾ ਅਤੇ ਨਾ ਹੀ ਉਹਨਾਂ ਵਿਚਕਾਰ ਅੰਤਰ-ਕਿਰਿਆ ਹੁੰਦੀ ਹੈ। ਸੋ ਸਿੱਧ ਹੈ ਕਿ ਸਮਾਜਿਕ ਸਮੂਹ ਦੇ ਬਣਨ ਲਈ ਜ਼ਰੂਰੀ ਸ਼ਰਤਾਂ ਦਾ ਪੂਰਾ ਹੋਣਾ ਜ਼ਰੂਰੀ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਸਮਾਜਿਕ, ਸਮੂਹ ਦੇ ਬਣਨ ਲਈ ਵਿਸ਼ੇਸ਼ ਉਦੇਸ਼ ਅਤੇ ਅੰਤਰ-ਕਿਰਿਆ ਜ਼ਰੂਰੀ ਤੱਤ ਹਨ।

ਸਮਾਨਾਤਰ ਰੂਪ ਵਿੱਚ ਸਮਾਜਿਕ ਸ਼੍ਰੇਣੀ ਵੀ ਸਾਂਝੀਆਂ ਵਿਸ਼ੇਸ਼ਤਾਈਆਂ ਵਾਲ਼ੇ ਲੋਕਾਂ ਦੁਆਰਾ ਬਣਦੀ ਹੈ। ਉਦਾਹਰਨ ਲਈ ਹਮ ਉਮਰ ਸਮੂਹ, ਜਾਤੀ, ਲਿੰਗ ਅਤੇ ਕਿੱਤਾ ਆਦਿ ਦੇ ਲੋਕ ਇੱਕ ਸ਼੍ਰੇਣੀ ਦੇ ਸਾਂਝੀਦਾਰ ਹੁੰਦੇ ਹਨ। ਇਕ ਸ਼੍ਰੇਣੀ ਦੇ ਸਾਂਝੀਦਾਰਾਂ ਲਈ ਜ਼ਰੂਰੀ ਨਹੀਂ ਹੈ ਕਿ ਉਹ ਆਪਸ ਵਿਚ ਅੰਤਰ-ਕਿਰਿਆ ਕਰਨ ਜਾਂ ਇਕ ਜਗ੍ਹਾ 'ਤੇ ਇੱਕਠੇ ਹੋਣ। ਉਹਨਾਂ ਕੋਲ਼ ਸਾਂਝੀ ਕਰਨ ਯੋਗ ਕੋਈ ਵਿਸ਼ੇਸ਼ਤਾ ਨਹੀਂ ਹੁੰਦੀ। ਕਿਸੇ ਵੀ ਸ਼੍ਰੇਣੀ ਨੂੰ ਸਮੂਹ ਤਾਂ ਹੀ ਕਿਹਾ ਜਾ ਸਕਦਾ ਹੈ ਜੇ ਉਹਨਾਂ ਕੋਲ਼ ਅੰਤਰ-ਕਿਰਿਆ ਦਾ ਵਿਵਸਥਿਤ ਪ੍ਰਬੰਧ ਹੋਵੇ। ਪਰਿਵਾਰ, ਸਕੂਲ, ਕਾਲਜ ਅਤੇ ਕਲੱਬ ਸਮਾਜਿਕ ਸਮੂਹ ਦੀਆਂ ਉਦਾਹਰਨਾਂ ਹਨ

## ਗਤੀਵਿਧੀ 4.1

ਇੱਕਠ, ਸ਼੍ਰੇਣੀ ਅਤੇ ਸਮੂਹ ਨੂੰ ਦਰਸਾਉਂਦੇ ਹੋਏ ਯੋਜਨਾ ਬਣਾਉ।

## ਸਮਾਜਿਕ ਸਮੂਹ ਦੀਆਂ ਵਿਸ਼ੇਸ਼ਤਾਵਾਂ

ਸਮਾਜਿਕ ਸਮੂਹ ਦੇ ਬਹੁਤ ਸਾਰੇ ਗੁਣ ਹਨ, ਜਿਹੜੇ ਕਿ ਹੇਠ ਲਿਖੇ ਅਨੁਸਾਰ ਹਨ



1. **ਵਿਅਕਤੀਆਂ ਦਾ ਸਮੂਹ** : ਇਹ ਵਿਅਕਤੀਆਂ ਦਾ ਸਮੂਹ ਹੈ, ਜਿਨ੍ਹਾ ਦੀ ਸੰਖਿਆ ਭਿੰਨ ਹੁੰਦੀ ਹੈ। ਸਮਾਜਿਕ ਸਮੂਹ ਬਣਾਉਣ ਦੇ ਲਈ ਘੱਟ ਤੋਂ ਘੱਟ ਦੋ ਵਿਅਕਤੀਆਂ ਦਾ ਹੋਣਾ ਜ਼ਰੂਰੀ ਹੈ। ਵਿਅਕਤੀਆਂ ਤੋਂ ਬਿਨ੍ਹਾਂ ਸਮੂਹ ਨਹੀਂ ਬਣ ਸਕਦਾ। ਜਿਵੇਂ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਬਿਨ੍ਹਾਂ ਸਕੂਲ ਨਹੀਂ ਬਣ ਸਕਦਾ, ਉਸੇ ਤਰ੍ਹਾਂ ਵਿਅਕਤੀਆਂ ਦੀ ਹਾਜਰੀ ਤੋਂ ਬਿਨ੍ਹਾਂ ਸਮੂਹ ਨਹੀਂ ਬਣ ਸਕਦਾ।

2. **ਅੰਤਰ-ਕਿਰਿਆ** : ਇਹ ਸਮੂਹ ਦਾ ਉਹ ਤੱਤ ਹੈ, ਜਿਸ ਵਿੱਚ ਮੈਂਬਰ ਆਪਸ ਵਿੱਚ ਅੰਤਰ-ਕਿਰਿਆ ਕਰਦੇ ਹਨ। ਸਮਾਜਿਕ ਸਮੂਹ ਇਕ ਤਰ੍ਹਾਂ ਨਾਲ਼ ਅੰਤਰ-ਕਿਰਿਆ ਦੀ ਪ੍ਰਣਾਲੀ ਹੈ। ਅੰਤਰ-ਕਿਰਿਆ ਨਿਯਮਿਤ ਅਤੇ ਲਗਾਤਾਰਤਾ ਵਿੱਚ ਹੋਣੀ ਜ਼ਰੂਰੀ ਨਹੀਂ ਹੈ ਪਰ ਕਦੇ-ਕਦੇ ਜ਼ਰੂਰ ਹੋਣੀ ਚਾਹੀਦੀ ਹੈ। ਉਦਾਹਰਨ ਲਈ , ਵੱਡੇ ਪਰਿਵਾਰਾਂ ਦੇ ਸਾਂਝੀਦਾਰ ਜੋ ਦੂਰ-ਦਰਾਡੇ ਰਹਿੰਦੇ ਹਨ ਪਰ ਉਹਨਾਂ ਵਿੱਚ ਸਹਿ-ਸੰਚਾਰ ਹੁੰਦਾ ਹੈ। ਉਹ ਸਾਂਝੀਦਾਰ ਆਪਣੀਆਂ ਸਾਂਝਾ ਨੂੰ ਆਪਸ ਵਿੱਚ ਬਣਾਈ

ਰੱਖਦੇ ਹਨ। ਕਿਸੇ ਵੀ ਸਮੂਹ ਵਿੱਚ ਅੰਤਰ-ਕਿਰਿਆ ਵਿਅਕਤੀਗਤ ਜਾਂ ਚਿੰਨ੍ਹਾਤਮਕ ਹੋ ਸਕਦੀ ਹੈ। ਇਹ ਜ਼ਰੂਰੀ ਨਹੀਂ ਕਿ ਵਿਅਕਤੀਗਤ ਅੰਤਰ-ਕਿਰਿਆ ਮੂੰਹ-ਰੂਪੀ ਹੋਵੇ। ਅਜੋਕੇ ਸਮੇਂ ਵਿੱਚ ਇਹ ਮੋਬਾਇਲ ਫ਼ੋਨ, ਇੰਟਰਨੈੱਟ ਅਤੇ ਹੋਰ ਅਜੋਕੇ ਸੰਚਾਰ ਸਾਧਨਾਂ ਰਾਹੀਂ ਹੋ ਰਹੀ ਹੈ।

**3. ਮੈਂਬਰਾਂ ਦੇ ਪ੍ਰਤੀ ਜਾਗਰੂਕਤਾ :** ਸਮੂਹ ਨਾਲ਼ ਸੰਬੰਧਿਤ ਮੈਂਬਰਾਂ ਦੇ ਪ੍ਰਤੀ ਜਾਗਰੂਕਤਾ ਵੀ ਇੱਕ ਸਮੂਹ ਦੀ ਮਹੱਤਵਪੂਰਨ ਵਿਸ਼ੇਸ਼ਤਾ ਹੈ। ਇੱਕ ਸਮੂਹ ਦੇ ਮੈਂਬਰ ਇਸ ਗੱਲ ਨੂੰ ਚੰਗੀ ਤਰ੍ਹਾਂ ਨਾਲ਼ ਜਾਣਦੇ ਹੁੰਦੇ ਹਨ ਕਿ ਕੋਈ ਇੱਕ ਵਿਸ਼ੇਸ਼ ਰੇਖਾ ਉਨਾਂ ਮੈਂਬਰਾਂ ਨੂੰ ਗ਼ੈਰ-ਮੈਂਬਰਾਂ ਤੋਂ ਅਲੱਗ ਕਰਦੀ ਹੈ। ਇਸ ਰੇਖਾ ਨੂੰ ਕੋਈ ਬਾਹਰ ਦਾ ਵਿਅਕਤੀ ਨਹੀਂ ਲੰਘ ਸਕਦਾ। ਇਹ ਵਿਸ਼ਿਸ਼ਟਤਾ ਸਮੂਹਿਕ ਜੀਵਨ ਦਾ ਹਿੱਸਾ ਹੈ। ਸਮੂਹ ਦੇ ਲੋਕ ਮੈਂਬਰਾਂ ਤੇ ਗ਼ੈਰ-ਮੈਂਬਰਾਂ ਦੇ ਵਿਚਕਾਰ ਅੰਤਰ ਚੰਗੀ ਤਰ੍ਹਾਂ ਜਾਣਦੇ ਹਨ। ਗਿਡਿੰਗਜ਼ ਦੇ ਅਨੁਸਾਰ ਕੋਈ ਵੀ ਵਿਅਕਤੀ, "ਅਲੱਗ ਪਹਿਚਾਣ ਦੀ 'ਚੇਤਨਾ' ਦੇ ਕਾਰਨ ਅਜਿਹਾ ਕਰ ਸਕਦਾ ਹੈ।

**4. ਸਮੂਹ ਦੇ ਹਿੱਤ :** ਸਮੂਹ ਦਾ ਮੈਂਬਰ ਮਹਿਸੂਸ ਕਰਦਾ ਹੈ ਕਿ ਉਹ ਕਿਸੇ ਅਜਿਹੀ ਸੰਸਥਾ ਦਾ ਇੱਕ ਅੰਗ ਹੈ, ਜੋ ਉਸ ਲਈ ਬਹੁਤ ਵੱਡੀ ਹੈ। ਸਮੂਹ ਕਿਸੇ ਸਮੇਂ ਸੁਤੰਤਰ ਰੂਪ ਨਾਲ਼ ਕਿਸੇ ਮੈਂਬਰ ਦੇ ਹਿੱਤਾਂ ਦੀ ਪਰਵਾਹ ਕੀਤੇ ਬਿਨ੍ਹਾਂ ਕੰਮ ਕਰਦਾ ਹੈ। ਦੂਸਰੇ ਸ਼ਬਦਾਂ ਵਿੱਚ, ਸਮੂਹ ਨਿੱਜੀ ਹਿੱਤ ਤੋਂ ਕਿਤੇ ਵੱਡਾ ਹੈ। ਮੈਂਬਰਾਂ ਦੇ ਨਿੱਜੀ ਹਿੱਤਾਂ ਦੇ ਮੁਕਾਬਲੇ ਤੇ ਸਮੂਹ ਦੇ ਹਿੱਤ ਜ਼ਿਆਦਾ ਮਹੱਤਵਪੂਰਨ ਹਨ। ਸਮੂਹਿਕ ਹਿੱਤ ਸਦਾ ਕਿਸੇ ਵਿਅਕਤੀ ਦੇ ਹਿੱਤ ਤੋਂ ਵੱਡੇ ਹੁੰਦੇ ਹਨ, ਜਿਵੇਂ ਕਿ ਪ੍ਰਸਿੱਧ ਸਮਾਜ ਸ਼ਾਸਤਰੀ ਦੁਰਖ਼ੀਮ ਨੇ ਦਲੀਲ਼ ਦਿੱਤੀ ਹੈ ਕਿ ਸਮਾਜ ਸਦਾ ਵਿਅਕਤੀ ਤੋ ਬਹੁਤ ਜ਼ਿਆਦਾ ਮਹੱਤਵਪੂਰਨ ਹੁੰਦਾ ਹੈ।

**5. ਅਸੀਂ ਦੀ ਭਾਵਨਾ :** 'ਅਸੀਂ ਦੀ ਭਾਵਨਾ' ਦਾ ਅਰਥ ਸਾਂਝੀਦਾਰਾਂ ਦੀ ਅਜਿਹੀ ਸਮੱਰਥਾ ਤੋਂ ਹੈ ਜੋ ਉਹਨਾਂ ਨੂੰ ਸਮੂਹ ਨਾਲ਼ ਜੁੜੇ ਹੋਣ ਦਾ ਅਹਿਸਾਸ ਕਰਵਾਉਂਦੀ ਹੈ। ਇਹ ਸਮੂਹ ਦੀ ਭਾਵਨਾ ਨੂੰ ਦਰਸਾਉਂਦੀ ਹੈ। ਭਾਵੇਂ ਲੋਕ ਇੱਕ ਦੂਸਰੇ ਨੂੰ ਲਗਾਤਾਰ ਮਿਲ਼ਦੇ ਅਤੇ ਗੱਲਬਾਤ ਕਰਦੇ ਹਨ। ਪਰ ਜਿਨ੍ਹਾ ਚਿਰ ਉਹਨਾਂ ਵਿੱਚ ਸਾਂਝ ਦੀ ਹੋਂਦ ਨਹੀਂ ਹੈ, ਉਹ ਸਮੂਹ ਨਹੀਂ ਬਣਾ ਸਕਦੇ। ਉਦਾਹਰਨ ਲਈ ਵਿਕ੍ਰੇਤਾ ਅਤੇ ਗਾਹਕ ਇਕ ਸਟੋਰ 'ਤੇ ਇਕ ਦੂਜੇ ਨੂੰ ਦੇਖਦੇ ਅਤੇ ਗੱਲਬਾਤ ਕਰਦੇ ਹਨ, ਪਰ ਉਹ ਸਮੂਹ ਨਹੀਂ ਬਣਾਉਂਦੇ, ਕਿਉਂਕਿ ਉਹ ਸਾਂਝੀ ਪਛਾਣ ਪ੍ਰਤੀ ਚੇਤੰਨ ਨਹੀਂ ਹੁੰਦੇ। ਦੂਜੇ ਪਾਸੇ ਇੱਕ ਖ਼ਾਸ ਜਾਤੀ ਦੇ ਸਾਂਝੀਦਾਰ ਆਪਣੀ ਸਮੂਹਿਕ ਪਹਿਚਾਣ, ਪ੍ਰਤੀ ਚੇਤੰਨ ਹੁੰਦੇ ਹਨ ਅਤੇ ' ਅਸੀਂ ਮਹਿਸੂਸ ਕਰਦੇ ਹਾਂ' ਦੀ ਭਾਵਨਾ ਨਾਲ਼ ਜੁੜੇ ਹੁੰਦੇ ਹਨ। ਸੋ 'ਅਸੀਂ ਕਹਿ ਸਕਦੇ ਹਾਂ ਕਿ ਅਸੀਂ ਮਹਿਸੂਸ ਕਰਦੇ ਹਾਂ' ਜਾਂ 'ਅਸੀਂ ਦੀ ਭਾਵਨਾ' ਕਿਸੇ ਸਮੂਹ ਦੀ ਮਹੱਤਵਪੂਰਣ ਵਿਸ਼ੇਸ਼ਤਾ ਹੁੰਦੀ ਹੈ।

**6. ਪਰਸਪਰਤਾ :** ਸਮੂਹ ਦੇ ਮੈਂਬਰਾਂ ਵਿੱਚ ਪਰਸਪਰਤਾ (ਦੇਣ ਅਤੇ ਲੈਣ ਦਾ ਸੰਬੰਧ) ਪਾਈ ਜਾਂਦੀ ਹੈ। ਪਰਿਵਾਰ ਦੇ ਮੈਂਬਰ, ਆਪਸ ਵਿੱਚ ਗੱਲਬਾਤ ਕਰਦੇ ਹਨ, ਪਿਤਾ, ਬੱਚੇ ਦਾ ਪਾਲਣ-ਪੋਸ਼ਣ ਅਤੇ ਰੱਖਿਆ ਕਰਦਾ ਹੈ ਅਤੇ ਬੱਚੇ ਪਿਤਾ ਦੀ ਆਗਿਆ ਦਾ ਪਾਲਣ ਅਤੇ ਉਹਨਾਂ ਦੀ ਇੱਜ਼ਤ ਕਰਦੇ ਹਨ। ਇਸ ਤਰ੍ਹਾਂ ਸਕੂਲ ਵਿੱਚ ਅਧਿਆਪਕ ਵਿਦਿਆਰਥੀਆਂ ਨੂੰ ਸਕੂਲ ਦੇ ਨਿਯਮਾਂ ਦਾ ਪਾਲਣ, ਇਨਾਮ ਅਤੇ ਸਜ਼ਾ ਦੀ ਪ੍ਰਕਿਰਿਆ ਰਾਹੀਂ ਕਰਵਾਉਂਦੇ ਹਨ।

**7. ਮੈਂਬਰਾਂ ਦੀ ਨਿਸ਼ਚਿਤ ਭੂਮਿਕਾਵਾਂ :** ਹਰੇਕ ਸਮੂਹ ਵਿੱਚ ਇਸ ਦੇ ਸਾਂਝੀਦਾਰਾਂ ਨੂੰ ਨਿਸ਼ਚਿਤ ਭੂਮਿਕਾਵਾਂ ਅਦਾ ਕਰਨੀਆਂ ਹੁੰਦੀਆਂ ਹਨ। ਹਰੇਕ ਮੈਂਬਰ ਨੂੰ ਸਮੂਹ ਵਿੱਚ ਇੱਕ ਦਰਜਾ ਪ੍ਰਦਾਨ ਕੀਤਾ ਜਾਂਦਾ ਹੈ। ਦਰਜੇ (Status) ਦਾ ਅਰਥ ਦੂਸਰੇ ਮੈਂਬਰਾਂ ਦੇ ਨਾਲ਼ ਸੰਬੰਧਾਂ ਦੀ ਸਥਿਤੀ ਹੁੰਦੀ ਹੈ। ਦਰਜਾ ਹਮੇਸ਼ਾ ਭੂਮਿਕਾ ਨਾਲ਼ ਸੰਬੰਧਿਤ ਹੁੰਦਾ ਹੈ। ਦਰਜਾ ਕਦੇ ਵੀ ਕਿਸੇ ਕਾਰਜ ਦੇ ਬਿਨਾਂ ਨਹੀਂ ਹੁੰਦਾ ਅਤੇ ਉਹ ਕਾਰਜ ਹੀ ਭੂਮਿਕਾ ਅਖਵਾਉਂਦਾ ਹੈ। ਇਸ ਤਰ੍ਹਾਂ ਸਮੂਹ ਦਾ ਹਰੇਕ ਮੈਂਬਰ ਆਪਣੇ ਪੱਧਰ ਅਤੇ ਭੂਮਿਕਾ ਦੇ ਅਨੁਸਾਰ ਕੰਮ ਕਰਦਾ ਹੈ।

**8. ਸਮੂਹ ਦੇ ਨਿਯਮ :** ਹਰ ਸਮੂਹ ਵਿੱਚ ਕੁਝ ਨਿਯਮ ਹੁੰਦੇ ਹਨ ਜਿਨ੍ਹਾਂ ਦਾ ਪਾਲਣ ਕਰਨਾ ਹਰੇਕ ਸਮੂਹ ਦੇ ਸਾਂਝੀਦਾਰ ਦੇ ਲਈ ਜ਼ਰੂਰੀ ਮੰਨਿਆ ਜਾਂਦਾ ਹੈ। ਇਹ ਨਿਯਮ ਪ੍ਰਤੀਮਾਨ ਅਖਵਾਉਂਦੇ ਹਨ। ਇਹ ਨਿਯਮ ਲੋਕ ਸੰਚਾਰ ਪਰੰਪਰਾਵਾਂ, ਲੋਕ-ਪ੍ਰਥਾ, ਰੀਤੀ-ਰਿਵਾਜਾਂ ਅਤੇ ਕਾਨੂੰਨ ਦੇ ਰੂਪ ਵਿੱਚ ਹੋ ਸਕਦੇ ਹਨ। ਇਹ ਨਿਯਮ ਲਿਖਤ ਜਾਂ ਅਲਿਖਤ ਹੁੰਦੇ ਹਨ। ਸਮੂਹ ਦਾ ਕੋਈ ਵੀ ਮੈਂਬਰ ਜੇ ਇਹਨਾਂ ਨਿਯਮਾਂ ਦੀ ਉਲੰਘਣਾ ਕਰਦਾ ਹੈ ਤਾਂ ਉਸਨੂੰ ਸਜ਼ਾ ਦਿੱਤੀ ਜਾਂਦੀ ਹੈ ਅਤੇ ਸਜ਼ਾ ਦਾ ਫੈਸਲਾ ਨਿਯਮਾਂ ਅਨੁਸਾਰ ਹੁੰਦਾ ਹੈ।

**9. ਸਮੂਹ ਨਿਯੰਤਰਨ :** ਸਮੂਹ ਹਮੇਸ਼ਾ ਮੈਂਬਰਾਂ ਦੀਆਂ ਕਿਰਿਆਵਾਂ 'ਤੇ ਦਬਾਓ ਪਾਉਂਦਾ ਹੈ। ਇਹ ਦਬਾਓ ਪ੍ਰਤੱਖ ਅਤੇ ਅਪ੍ਰਤੱਖ ਹੋ ਸਕਦਾ ਹੈ ਪ੍ਰੰਤੂ ਇਹ ਹਮੇਸ਼ਾ ਮੌਜੂਦ ਹੁੰਦਾ ਹੈ। ਵਿਅਕਤੀ ਇਸਦਾ ਪਾਲਣ ਕਰਦਾ ਹੈ ਅਤੇ ਸਮੂਹ ਦੇ ਹਿੱਤਾਂ ਦੀ ਰੱਖਿਆ ਲਈ ਆਪਣੇ ਹਿੱਤਾਂ ਦੀ ਕੁਰਬਾਨੀ ਦੇ ਦਿੰਦਾ ਹੈ। ਵਿਅਕਤੀ ਇਹਨਾਂ ਨਿਯਮਾਂ ਦੇ ਦਬਾਓ ਦੇ ਪ੍ਰਤੀ ਜਾਂ ਤਾਂ ਸਿਰ ਝੁਕਾਉਂਦਾ ਹੈ ਜਾਂ ਫੇਰ ਉਹਨਾਂ ਦੇ ਵਿਰੁੱਧ ਵਿਦਰੋਹ ਕਰਦਾ ਹੈ। ਵਿਦਰੋਹ ਦੋ ਪ੍ਰਕਾਰ ਦੇ ਰੂਪ ਧਾਰਨ ਕਰ ਸਕਦਾ ਹੈ, ਵਿਦਰੋਹੀ ਵਿਅਕਤੀ ਸ੍ਵੈਇੱਛਤ ਤੌਰ 'ਤੇ ਉਸ ਸਮੂਹ ਦੀ ਮੈਂਬਰਸ਼ਿਪ ਛੱਡ ਸਕਦਾ ਹੈ ਜਾਂ ਫੇਰ ਆਪਣੀ ਇੱਛਾ ਦੇ ਅਨੁਸਾਰ ਕੰਮ ਕਰ ਸਕਦਾ ਹੈ।

**10. ਏਕਤਾ ਅਤੇ ਅਖੰਡਤਾ :** ਸਮੂਹ ਦੇ ਮੈਂਬਰਾਂ ਵਿੱਚ ਏਕਤਾ ਅਤੇ ਅਖੰਡਤਾ ਦਾ ਬੰਧਨ ਹੁੰਦਾ ਹੈ। ਸਮੂਹ ਦੀ ਅਖੰਡਤਾ ਇਸਦੇ ਮੈਂਬਰਾਂ ਵਿਚਕਾਰ ਗੱਲਬਾਤ ਦੇ ਆਦਾਨ-ਪ੍ਰਦਾਨ, ਵੰਨ-ਸੁਵੰਨਤਾ ਅਤੇ ਭਾਵਨਾਤਮਕ ਗੁਣਾ 'ਤੇ ਨਿਰਭਰ ਕਰਦੀ ਹੈ। ਇੱਕ ਪਰਿਵਾਰ, ਹਮ-ਉਮਰ, ਸਮੂਹ, ਗੁਆਂਢ ਅਤੇ ਜਾਤੀ ਸਮੂਹ, ਇਕਮੁੱਠ ਤੇ ਇਕ ਜੁੱਟ ਸਮੂਹਾਂ ਦਾ ਉਦਾਹਰਨ ਹਨ।


**11. ਗਤੀਸ਼ੀਲਤਾ :** ਸਮਾਜਿਕ ਸਮੂਹ ਗਤੀਸ਼ੀਲ ਹੁੰਦਾ ਹੈ, ਸਮਾਜਿਕ ਸਮੂਹ ਦਾ ਰੂਪ ਅਤੇ ਕਿਰਿਆਵਾਂ ਬਦਲਦੀਆਂ ਰਹਿੰਦੀਆਂ ਹਨ। ਇਹ ਬਦਲਾਵ ਅੰਦਰੂਨੀ ਜਾਂ ਬਾਹਰੀ ਦਬਾਵ ਕਾਰਨ ਹੋ ਸਕਦੇ ਹਨ। ਕਦੇ-ਕਦੇ ਇਹ ਪਰਿਵਰਤਨ ਬਹੁਤ ਹੌਲ਼ੀ ਹੁੰਦਾ ਹੈ ਅਤੇ ਕਦੇ ਬਹੁਤ ਤੇਜ਼ੀ ਨਾਲ਼ ਹੁੰਦਾ ਹੈ।

**ਗਤੀਵਿਧੀ 4.2**

ਉਹਨਾਂ ਪ੍ਰਜਾਤੀਆਂ ਦੀ ਪਹਿਚਾਣ ਕਰੋ ਜੋ ਮਨੁੱਖੀ ਪ੍ਰਜਾਤੀ ਦੀ ਤਰ੍ਹਾਂ ਇੱਕਠ ਵਿਚ ਰਹਿੰਦੀਆਂ ਹਨ।

## ਸਮੂਹ ਦੀਆਂ ਕਿਸਮਾਂ

ਵੱਖਰੇ-ਵੱਖਰੇ ਸਮਾਜ ਸ਼ਾਸਤਰੀਆਂ ਨੇ ਸਮਾਜਿਕ ਸਮੂਹਾਂ ਨੂੰ ਵੱਖਰੇ-ਵੱਖਰੇ ਤਰ੍ਹਾਂ ਦੇ ਵਰਗਾਂ ਵਿੱਚ ਵੰਡਿਆ ਹੈ।
ਸੀ. ਐੱਚ. ਕੂਲੇ ਨੇ ਇਸ ਨੂੰ ਮੁੱਢਲੇ ਅਤੇ ਗੌਣ ਸਮੂਹਾਂ ਵਿੱਚ ਵੰਡਿਆਂ ਹੈ।
ਡਬਲਉ. ਜੀ. ਸਮਨਰ ਨੇ ਇਸਨੂੰ ਅੰਤਰ ਸਮੂਹ ਅਤੇ ਬਾਹਰੀ ਸਮੂਹ ਵਿੱਚ ਵੰਡਿਆ ਹੈ।
ਰਾਬਰਟ ਕੇ. ਮਰਟਨ ਨੇ ਇਸ ਨੂੰ ਸੰਦਰਭ ਸਮੂਹ ਦਾ ਨਾਮ ਦਿੱਤਾ ਹੈ।



## ਮੁੱਢਲੇ ਸਮੂਹ

ਮੁੱਢਲੇ ਸਮੂਹ ਦੀ ਧਾਰਨਾ ਸੀ. ਐੱਚ. ਕੂਲੇ ਦੁਆਰਾ ਦਿੱਤੀ ਗਈ ਹੈ। ਸਮਾਜਿਕ ਸਮੂਹ ਕਈ ਅਰਥਾਂ ਵਿੱਚ ਮੁੱਢਲੇ ਹੁੰਦੇ ਹਨ, ਪਰ ਮੁੱਖ ਰੂਪ ਨਾਲ਼ ਇਹ ਵਿਅਕਤੀ ਦੇ ਸਮਾਜਿਕ ਸੁਭਾਅ ਅਤੇ ਆਦਰਸ਼ਾਂ ਨੂੰ ਬਣਾਉਂਦੇ ਹਨ। ਇਸ ਸਮੁੱਚ ਨੂੰ ਸੌਖੇ ਤਰੀਕੇ ਨਾਲ਼ "ਸਾਡਾ ਸਮੂਹ" 'ਸਾਡੀ ਭਾਵਨਾ' ਰਾਹੀਂ ਵਰਣਿਤ ਕੀਤਾ ਜਾ ਸਕਦਾ ਹੈ। ਮੁੱਢਲੇ ਸਮੂਹ ਅਕਾਰ ਵਿਚ ਛੋਟੇ ਹੁੰਦੇ ਹਨ ਅਤੇ ਆਹਮੋ-ਸਾਹਮਣੇ, ਆਪਸੀ ਸਹਿਯੋਗ ਅਤੇ ਮਿਲ਼-ਵਰਤਨ ਇਸ ਦੀਆਂ ਵਿਸ਼ੇਸ਼ਤਾਵਾਂ ਹਨ। ਇਹਨਾਂ ਦਾ ਆਧਾਰ ਸਰਬਵਿਆਪੀ ਮਨੁੱਖੀ ਪ੍ਰਕਿਰਤੀ ਅਤੇ ਆਦਰਸ਼ ਹੁੰਦੇ ਹਨ। ਇਹ ਮਾਨਵੀ ਗੁਣ ਜਿਵੇਂ ਪਿਆਰ, ਸਹਿਯੋਗ, ਹਮਦਰਦੀ, ਨਿਆਂ ਅਤੇ ਨਿਰਪੱਖ ਖੇਡ ਦੀ ਨਰਸਰੀ ਹਨ। ਆਰ. ਐੱਮ. ਮੈਕਾਈਵਰ ਇਸ ਨੂੰ ਸਾਡੇ ਬਹੁਤ ਕੁਝ ਬੀਜਣ ਦਾ ਮੈਦਾਨ ਅਤੇ ਵਫ਼ਾਦਾਰੀ ਦੀ ਨਰਸਰੀ ਕਹਿੰਦਾ ਹੈ।



ਪਰਿਵਾਰ



ਖੇਡ ਸਮੂਹ

## ਮੁੱਢਲੇ ਸਮੂਹ ਦੀਆਂ ਵਿਸ਼ੇਸ਼ਤਾਵਾਂ

ਮੁੱਢਲੇ ਸਮੂਹ ਦੀਆਂ ਵਿਸ਼ੇਸਤਾਵਾਂ ਦੋ ਪ੍ਰਕਾਰ ਦੀਆਂ ਹਨ ਕਿੰਗਸਲੇ ਡੇਵਿਸ ਦੇ ਅਨੁਸਾਰ ਇਹ ਅੰਦਰੂਨੀ ਅਤੇ ਬਾਹਰੀ ਹਨ। ਮੁੱਢਲੇ ਸਮੂਹ ਦੀਆਂ ਬਾਹਰੀ ਵਿਸ਼ੇਸ਼ਤਾਵਾਂ ਨਿਮਨਲਿਖਤ ਹਨ।

### ਬਾਹਰੀ ਵਿਸ਼ੇਸ਼ਤਾਵਾਂ (External Characteristic)

**1. ਛੋਟਾ ਆਕਾਰ** : ਮੁੱਢਲੇ ਸਮੂਹ ਦਾ ਆਕਾਰ ਬਹੁਤ ਛੋਟਾ ਹੁੰਦਾ ਹੈ ਕਿਉਂਕਿ ਇਕ ਵੱਡੇ ਸਮੂਹ ਵਿੱਚ ਸਿੱਧੇ ਤੌਰ 'ਤੇ ਅਤੇ ਵਿਅਕਤੀਗਤ ਰੂਪ ਵਿੱਚ ਪਰਸਪਰ ਸੰਬੰਧ ਰੱਖਣਾ ਅਸੰਭਵ ਹੁੰਦਾ ਹੈ। ਜਦੋਂ ਸਮੂਹ ਵਿੱਚ ਮੈਂਬਰਾਂ ਦੀ ਸੰਖਿਆ ਵੱਧ ਜਾਂਦੀ ਹੈ ਤਾਂ ਆਪਸ ਵਿੱਚ ਡੂੰਘੇ ਸੰਬੰਧ ਘੱਟ ਜਾਂਦੇ ਹਨ। ਦੂਸਰੇ ਸ਼ਬਦਾਂ ਵਿੱਚ, ਸਮੂਹ ਦਾ ਆਕਾਰ ਜਿੰਨਾਂ ਛੋਟਾ ਹੁੰਦਾ ਹੈ, ਓਨੇ ਸੰਬੰਧ ਗਹਿਰੇ ਹੁੰਦੇ ਹਨ। ਜੇ ਸ਼ਰੋਤੇ ਜ਼ਿਆਦਾ

ਹੋਣ ਤਾਂ ਉਹ ਬੁਲਾਰੇ ਨੂੰ ਚੰਗੀ ਤਰ੍ਹਾਂ ਸੁਣ ਜਾਂ ਦੇਖ ਨਹੀਂ ਸਕਦੇ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਮੁੱਢਲੇ ਸਮੂਹ ਛੋਟੇ ਹੁੰਦੇ ਹਨ ਪਰ ਸਾਰੇ ਛੋਟੇ ਸਮੂਹ ਮੁੱਢਲੇ ਸਮੂਹ ਨਹੀਂ ਹੁੰਦੇ। ਡਾਕਟਰ ਅਤੇ ਰੋਗੀ ਦਾ ਸੰਬੰਧ ਮੁੱਢਲੇ ਸਮੂਹ ਦਾ ਉਦਾਹਰਨ ਨਹੀਂ ਹੋ ਸਕਦਾ।

2. **ਭੌਤਿਕ ਨੇੜਤਾ :** ਭੌਤਿਕ ਨੇੜਤਾ ਤੋਂ ਭਾਵ ਹੈ ਕਿ ਸਮੂਹ ਦੇ ਸਾਂਝੀਦਾਰ ਇਕ ਸਮੇਂ 'ਚ ਇਕ ਸਥਾਨ 'ਤੇ ਰਹਿੰਦੇ ਹੋਣ। ਜੇਕਰ ਸਾਂਝੀਦਾਰਾਂ ਵਿਚਕਾਰ ਭੌਤਿਕ ਨੇੜਤਾ ਨਹੀਂ ਹੈ ਤਾਂ ਵਿਚਾਰਾਂ ਦੀ ਸਾਂਝ ਅਤੇ ਸਹਿਯੋਗ ਔਖਾ ਹੋ ਜਾਵੇਗਾ। ਨੇੜਲੇ ਸੰਬੰਧ ਆਪਸੀ ਗੱਲਬਾਤ ਦੀ ਸੰਭਾਵਨਾ ਨੂੰ ਵਧਾਉਂਦੇ ਹਨ। ਇਕ-ਦੂਜੇ ਨੂੰ ਦੇਖ ਕੇ ਕੀਤੀ ਗਈ ਗੱਲਬਾਤ ਰਾਹੀਂ ਵਿਚਾਰਾਂ, ਰਾਵਾਂ ਅਤੇ ਭਾਵਨਾਵਾਂ ਦੇ ਅਦਾਨ-ਪ੍ਰਦਾਨ ਨੂੰ ਸੌਖਾ ਕਰ ਦਿੰਦੀ ਹੈ। ਇਕੱਠੇ ਰਹਿਣਾ ਤੇ ਖਾਣਾ, ਖੇਡਣਾ, ਯਾਤਰਾ ਕਰਨਾ ਅਤੇ ਇੱਕਠੇ ਪੜ੍ਹਨਾ ਨੇੜਤਾ ਦੇ ਚਿੰਨ੍ਹ ਹਨ। ਸਮਾਜਿਕ ਚਿੰਤਕ ਡੇਵਿਸ ਅਨੁਸਾਰ, ਮੁੱਢਲੇ ਸਮੂਹ ਸਿੱਧੇ ਸੰਪਰਕ ਤੱਕ ਸੀਮਿਤ ਨਹੀਂ ਹੋ ਸਕਦੇ। ਬਹੁਤ ਹੀ ਡੂੰਘੇ ਅਤੇ ਨਜ਼ਦੀਕੀ ਸੰਬੰਧ ਅਜਿਹੇ ਵੀ ਹੋ ਸਕਦੇ ਹਨ ਜਿਨ੍ਹਾਂ ਦਾ ਸਿੱਧੇ ਰੂਪ ਵਿੱਚ ਸੰਪਰਕ ਨਾ ਹੋਵੇ। ਕਲਮੀ ਮਿੱਤਰ, ਫੇਸਬੁੱਕ ਮਿੱਤਰ, ਇਸ ਤਰ੍ਹਾਂ ਦੀ ਸ਼੍ਰੇਣੀ ਨਾਲ਼ ਸੰਬੰਧ ਰੱਖਦੇ ਹਨ।

3. **ਹੰਢਣਸਾਰ:** ਮੁੱਢਲੇ ਸਮੂਹਾਂ ਵਿਚ ਰਿਸ਼ਤਾ ਹੰਢਣਸਾਰ ਹੁੰਦਾ ਹੈ ਅਤੇ ਇਹ ਉੱਥੇ ਹੀ ਪੈਦਾ ਹੁੰਦਾ ਹੈ, ਜਿੱਥੇ ਲੰਮੇ ਸਮੇਂ ਦਾ ਮੇਲ਼-ਜੋਲ਼ ਹੋਵੇ। ਮੇਲ਼-ਜੋਲ਼ ਦਾ ਸਮਾਂ ਜਿਨ੍ਹਾਂ ਲੰਮਾ ਹੋਵੇਗਾ ਉਨੀ ਹੀ ਆਪਸੀ ਸੰਬੰਧਾਂ ਦੀ ਪਕੜ ਤੇ ਪਕਿਆਈ ਹੋਵੇਗੀ। ਜਿਨ੍ਹਾ ਜ਼ਿਆਦਾ ਉਹ ਇਕ ਦੂਜੇ ਨੂੰ ਜਾਣਨਗੇ ਉਨੀ ਹੀ ਨੇੜਤਾ ਵੱਧ ਹੋਵੇਗੀ। ਉਦਾਹਰਨ ਲਈ ਮਾਪਿਆਂ ਤੇ ਬੱਚਿਆਂ ਵਿਚਕਾਰ ਵਿਚਾਰਾਂ ਦਾ ਵੱਖਰੇਵਾਂ ਹੋਣ ਦੇ ਬਾਵਜੂਦ ਉਹ ਲੰਮਾ ਸਮਾਂ ਇੱਕਠੇ ਰਹੇ ਹੋਣ ਕਰਕੇ, ਇਕ-ਦੂਜੇ ਤੋਂ ਬਿਨਾਂ ਨਹੀਂ ਰਹਿ ਸਕਦੇ।

## ਅੰਦਰੂਨੀ ਵਿਸ਼ੇਸ਼ਤਾਵਾਂ :

ਇਹ ਉਹ ਵਿਸ਼ੇਸ਼ਤਾਵਾਂ ਹਨ ਜੋ ਮੁੱਢਲੇ ਸੰਬੰਧਾਂ ਦੇ ਅੰਦਰੂਨੀ ਭਾਗ ਨਾਲ਼ ਸੰਬੰਧ ਰੱਖਦੀਆਂ ਹਨ।

1. **ਉਦੇਸ਼ ਦੀ ਪਹਿਚਾਣ :** ਇਕ ਮੁੱਢਲੇ ਸਮੂਹ ਵਿੱਚ ਇਛਾਵਾਂ, ਦ੍ਰਿਸ਼ਟੀਕੋਣ ਅਤੇ ਉਦੇਸ਼ ਸਮਾਨ ਹੁੰਦੇ ਹਨ। ਉਹ ਸਾਰੇ ਸੰਸਾਰ ਨੂੰ ਇਕ ਹੀ ਢੰਗ ਨਾਲ਼ ਜਾਂ ਇਕ ਹੀ ਦ੍ਰਿਸ਼ਟੀ ਨਾਲ਼ ਦੇਖਦੇ ਹਨ ਜਾਂ ਸਮਝਦੇ ਹਨ। ਖਿਡਾਰੀਆਂ ਦਾ ਸਮੂਹ ਜੋ ਇਕ ਖੇਡ ਵਿੱਚ ਭਾਗ ਲੈ ਰਿਹਾ ਹੈ, ਜਿੱਤਣਾ ਉਹਨਾਂ ਦਾ ਇਕ ਹੀ ਉਦੇਸ਼ ਹੁੰਦਾ ਹੈ।

**2. ਸੰਬੰਧ ਆਪਣੇ ਆਪ ਵਿੱਚ ਉਦੇਸ਼ ਹਨ :** ਮੁੱਢਲੇ ਸੰਬੰਧ ਉਦੇਸ਼ ਨੂੰ ਪ੍ਰਾਪਤ ਕਰਨ ਦੇ ਲਈ ਸਾਧਨ ਹੀ ਨਹੀਂ, ਸਗੋਂ ਇਹ ਆਪਣੇ-ਆਪ ਵਿੱਚ ਉਦੇਸ਼ ਹਨ। ਇਸ ਦੇ ਮਹੱਤਵਪੂਰਣ ਹੋਣ ਦੇ ਕਾਰਨ ਹੀ ਇਸਦਾ ਇੰਨਾਂ ਜ਼ਿਆਦਾ "ਮੁੱਲ" ਹੈ। ਇਹ ਪਿਆਰ ਅਤੇ ਲਗਾਵ ਵਾਲ਼ਾ ਸੰਬੰਧ ਹੈ। ਇਸ ਦਾ ਉਦਾਹਰਨ ਮਾਤਾ ਅਤੇ ਬੱਚੇ ਵਾਲ਼ੇ ਮਮਤਾ ਭਰਪੂਰ ਪਿਆਰ, ਪ੍ਰੇਮੀਆਂ ਵਾਲ਼ਾ ਪਿਆਰ ਅਤੇ ਜ਼ਿਆਦਾਤਰ ਪਿਆਰੇ ਮਿੱਤਰਾਂ ਵਾਲ਼ੇ ਪ੍ਰੇਮ ਵਿੱਚ ਵੇਖਿਆ ਜਾ ਸਕਦਾ ਹੈ।

**3. ਸੰਬੰਧ ਨਿੱਜੀ ਹੁੰਦੇ ਹਨ :** ਮੁੱਢਲੇ ਸਮੂਹ ਦੇ ਮੈਂਬਰ ਨਿੱਜੀ ਸੰਬੰਧ ਕਾਇਮ ਕਰਦੇ ਹਨ। ਇਹ ਸੰਬੰਧ ਦੋ ਵਿਸ਼ੇਸ਼ ਵਿਅਕਤੀਆਂ ਦੇ ਵਿਚਕਾਰ ਹੁੰਦੇ ਹਨ। ਇਹ ਬਦਲਣ ਵਾਲ਼ਾ ਨਹੀਂ ਹੁੰਦਾ ਅਤੇ ਇਸ ਲਈ ਕਿਸੇ ਇਕ ਵੀ ਵਿਅਕਤੀ ਦੀ ਗ਼ੈਰ-ਹਾਜ਼ਰੀ ਕਿਸੇ ਦੂਸਰੇ ਵਿਅਕਤੀ ਦੁਆਰਾ ਪੂਰੀ ਨਹੀਂ ਕੀਤੀ ਜਾ ਸਕਦੀ ਇਕ ਵਿਆਹੇ ਹੋਏ ਜੋੜੇ ਵਿਚੋਂ ਇਕ ਦੀ ਮੌਤ ਹੋਣ ਤੋਂ ਬਾਅਦ ਜਿਉਂਦੇ ਵਿਅਕਤੀ ਦਾ ਵਿਆਹ ਹੋ ਸਕਦਾ ਹੈ ਪ੍ਰੰਤੂ ਪਹਿਲੇ ਸਾਥੀ ਦੀ ਯਾਦ ਨਹੀਂ ਭੁੱਲਦੀ। ਕਿਸੇ ਵਿਸ਼ੇਸ਼ ਮਿੱਤਰ ਜਾਂ ਕਿਸੇ ਪਰਿਵਾਰਿਕ ਮੈਂਬਰ ਦਾ ਸਥਾਨ ਕੋਈ ਹੋਰ ਨਹੀਂ ਲੈ ਸਕਦਾ।

**4. ਸੰਬੰਧ ਸੰਮਿਲਿਤ ਹੁੰਦੇ ਹਨ :** ਮੁੱਢਲੇ ਸਮੂਹਾਂ ਵਿੱਚ ਸੰਬੰਧ ਇਸ ਅਰਥ ਵਿੱਚ ਸੰਮਿਲਿਤ ਹੁੰਦੇ ਹਨ। ਇਹ ਸੰਬੰਧਿਤ ਮੈਂਬਰਾਂ ਦੇ ਵਿਅਕਤੀਤਵ ਨਾਲ਼ ਸਾਰੇ ਪੱਖਾਂ ਤੋਂ ਜੁੜੇ ਹੁੰਦੇ ਹਨ। ਮੈਂਬਰ ਇਕ ਦੂਜੇ ਨੂੰ ਬਹੁਤ ਡੂੰਘਾਈ ਨਾਲ਼ ਜਾਣਦੇ ਹਨ। ਉਹਨਾਂ ਵਿੱਚ ਕੋਈ ਭੇਦ ਛੁਪਿਆ ਹੋਇਆ ਨਹੀਂ ਹੁੰਦਾ। ਇਸ ਲਈ ਉਹ ਆਪਸ ਵਿੱਚ ਇਕ ਦੂਸਰੇ ਦੇ ਪ੍ਰਤੀ ਪੂਰੀ ਤਰ੍ਹਾਂ ਸਪਸ਼ਟ ਹੁੰਦੇ ਹਨ। ਉਦਾਹਰਨ ਵਜੋਂ, ਚੰਗੇ ਮਿੱਤਰ ਇਕ ਦੂਜੇ ਨਾਲ਼ ਬਿਨ੍ਹਾਂ ਕਿਸੇ ਸ਼ਰਮ ਦੇ ਗੱਲ ਕਰਦੇ ਹਨ ਅਤੇ ਆਪਸ ਵਿੱਚ ਕੁਝ ਵੀ ਨਹੀਂ ਛੁਪਾਉਂਦੇ।

**5. ਸੰਬੰਧ ਸ੍ਵੈ ਇੱਛੁਕ ਹੁੰਦੇ ਹਨ :** ਮੁੱਢਲੇ ਸਮੂਹ ਵਿੱਚ ਸੰਬੰਧ ਇਕ ਦੂਸਰੇ ਨਾਲ ਸ੍ਵੈ ਇਛੁੱਕ ਹੁੰਦੇ ਹਨ। ਇਸ ਦੇ ਮੈਂਬਰਾਂ ਵਿੱਚ ਕੋਈ ਮਜ਼ਬੂਰੀ ਜਾਂ ਦਬਾਅ ਵਾਲ਼ੀ ਗੱਲ ਨਹੀਂ ਹੁੰਦੀ। ਮਿੱਤਰ ਆਪਸ ਵਿੱਚ ਮਿਲ਼ਦੇ ਹਨ ਕਿਉਂਕਿ ਉਹ ਆਪਸ ਵਿੱਚ ਗੱਲਬਾਤ ਕਰਨਾ ਚਾਹੁੰਦੇ ਹਨ। ਸੰਖੇਪ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਉਹ ਹਰ ਜਗ੍ਹਾ ਇੱਕਠੇ ਫੁੱਟਬਾਲ ਜਾਂ ਤਾਸ਼ ਖੇਡਣਾ ਚਾਹੁੰਦੇ ਹਨ। ਇਕ ਦੂਸਰੇ ਕੋਲ਼ ਰਹਿਣਾ ਚਾਹੁੰਦੇ ਹਨ।

**6. ਸਮਾਨ ਪਿਛੋਕੜ :** ਸਮਾਨ ਪਿਛੋਕੜ ਦੇ ਨਾਲ਼ ਮੁੱਢਲੇ ਸਮੂਹ ਦੇ ਮੈਂਬਰਾਂ ਦੇ ਅਨੁਭਵ ਤੇ ਮਾਨਸਿਕ ਪੱਧਰ ਵੀ ਸਮਾਨ ਹੁੰਦੇ ਹਨ।

**7. ਸਹਿਯੋਗ :** ਮੁੱਢਲੇ ਸਮੂਹ ਦੇ ਸਾਰੇ ਮੈਂਬਰਾਂ ਤੋਂ ਸਾਰੇ ਕੰਮ ਇਕ ਦੂਜੇ ਨਾਲ਼ ਮਿਲ਼ ਕੇ ਸਹਿਯੋਗ ਨਾਲ਼ ਕੰਮ ਕਰਨ ਦੀ ਆਸ਼ਾ ਕੀਤੀ ਜਾਂਦੀ ਹੈ।

## ਮੁੱਢਲੇ ਸਮੂਹ ਦਾ ਮਹੱਤਵ

### ਵਿਅਕਤੀਆਂ ਲਈ ਮਹੱਤਵ

1. ਮੁੱਢਲੇ ਸਮੂਹ ਵਿੱਚ ਮੈਂਬਰ ਆਪਣੇ ਸੱਭਿਆਚਾਰ ਬਾਰੇ ਸਿੱਖਦਾ ਹੈ।
2. ਮੁੱਢਲੇ ਸਮੂਹ ਵਿੱਚ ਵਿਅਕਤੀ ਦੀ ਸ਼ਖ਼ਸੀਅਤ ਉੱਸਰਦੀ ਹੈ।
3. ਇਹ ਵਿਅਕਤੀ ਨੂੰ ਆਪਸ ਵਿੱਚ ਜੋੜਦਾ ਹੈ।
4. ਇਹ ਵਿਅਕਤੀਆਂ ਨੂੰ ਆਪਣੀਆਂ ਜ਼ਰੂਰਤਾਂ ਤੇ ਨਰਾਜ਼ਗੀ ਪ੍ਰਗਟ ਕਰਨ ਦਾ ਮੌਕਾ ਦਿੰਦਾ ਹੈ। ਇਹ ਆਪਣੇ ਹਰੇਕ ਮੈਂਬਰ ਦੀਆਂ ਰੁਚੀਆਂ ਨੂੰ ਬਣਾਈ ਰੱਖਣ ਲਈ ਉਤਸ਼ਾਹਿਤ ਕਰਦਾ ਹੈ।
5. ਇਹ ਆਪਣੇ ਮੈਂਬਰਾਂ ਨੂੰ ਆਪਣੇ ਉਦੇਸ਼ ਦੀ ਪ੍ਰਾਪਤੀ ਲਈ ਉਤਸ਼ਾਹਿਤ ਕਰਦਾ ਹੈ।
6. ਇਹ ਆਪਣੇ ਮੈਂਬਰਾਂ ਵਿੱਚ ਨੈਤਿਕਤਾ ਨੂੰ ਵਧਾਉਂਦਾ ਹੈ।
7. ਇਹ ਆਪਣੇ ਮੈਂਬਰਾਂ ਵਿੱਚ 'ਅਸੀਂ ਦੀ ਭਾਵਨਾ' , ਸਹਿਯੋਗ ਤੇ ਏਕਤਾ ਪੈਦਾ ਕਰਦਾ ਹੈ।

### ਸਮਾਜ ਦੇ ਲਈ ਮਹੱਤਵ


1. ਮੁੱਢਲਾ ਸਮੂਹ ਆਪਣੇ ਮੈਂਬਰਾਂ ਉੱਤੇ ਸਮਾਜਿਕ ਨਿਯੰਤਰਨ ਰੱਖਦਾ ਹੈ।
2. ਇਹ ਸਮਾਜੀਕਰਨ ਦੀ ਪ੍ਰਕਿਰਿਆ ਵਿੱਚ ਮੱਦਦ ਕਰਦਾ ਹੈ।
3. ਇਹ ਸਮਾਜ ਦੇ ਪ੍ਰਤਿਮਾਨਾ ਦੇ ਅਨੁਸਾਰ ਵਿਅਕਤੀਆਂ ਨੂੰ ਕੰਮ ਕਰਨ ਦੇ ਲਈ ਮਾਰਗ ਦਰਸ਼ਨ ਕਰਦਾ ਹੈ।
4. ਇਹ ਸਮਾਜਿਕ ਸੰਸਥਾਵਾਂ ਪ੍ਰਤੀ ਹਾਂ ਪੱਖੀ (ਪ੍ਰਤੱਖ) ਵਿਵਹਾਰ ਨੂੰ ਵਿਕਸਿਤ ਕਰਦਾ ਹੈ।
5. ਇਹ ਸਮਾਜਿਕ ਸੰਰਚਨਾ ਨੂੰ ਜੋੜਨ ਅਤੇ ਅਸੰਗਠਨ ਨੂੰ ਖ਼ਤਮ ਕਰਨ ਵਿੱਚ ਮਦਦ ਕਰਦਾ ਹੈ।

ਇਸ ਤਰ੍ਹਾਂ 'ਮੁੱਢਲੇ ਸਮੂਹ' ਸੱਤਾ, ਸਮਝੌਤੇ ਅਤੇ ਅਖੰਡਤਾ 'ਤੇ ਅਧਾਰਿਤ ਹਨ। ਇਹ ਸਰਬ ਸੰਮਤੀ ਨਾਲ਼ ਪ੍ਰਵਾਨਿਤ ਹੈ। ਮੁੱਢਲੇ ਸਮੂਹ, ਸਮੇਂ ਅਤੇ ਵਿਸ਼ੇਸ਼ਤਾ ਦੇ ਕਾਰਨ ਮੁੱਢਲੇ ਹਨ। ਇਹ ਸਮੂਹ ਸਮੇਂ ਦੇ ਅਨੁਸਾਰ ਮੁੱਢਲੇ ਇਸ ਲਈ ਮੰਨੇ ਜਾਂਦੇ ਹਨ, ਕਿਉਂਕਿ ਇਹ ਪਹਿਲੇ ਸਮੂਹ ਹਨ, ਜਿਨ੍ਹਾਂ ਵਿੱਚ ਬੱਚਾ ਆਪਣੀ ਮੁੱਢਲੀ ਉਮਰ ਵਿੱਚ ਪ੍ਰਵੇਸ਼ ਕਰਦਾ ਹੈ। ਇਹ ਵਿਸ਼ੇਸ਼ਤਾ ਦੇ ਪੱਖ ਤੋਂ ਇਸ ਲਈ ਪ੍ਰਥਮ ਹੈ ਕਿਉਂਕਿ ਇਹ ਸਮਾਜੀਕਰਨ ਦੀ ਪ੍ਰਕਿਰਿਆ ਲਈ ਜ਼ਿਆਦਾ ਮਹੱਤਵਪੂਰਨ ਹੈ। ਇਹ ਬੱਚੇ ਨੂੰ ਆਪਣਾ ਪਹਿਲਾ ਤਜ਼ਰਬਾ ਸਮਾਜਿਕ ਮੇਲ਼-ਜੋਲ਼ ਰਾਹੀਂ ਲੈਣ-ਦੇਣ ਦੀ ਪ੍ਰਕਿਰਿਆ ਦੇ ਰੂਪ ਵਿੱਚ ਦਿੰਦਾ ਹੈ ਅਤੇ

ਉਹਨਾਂ ਨੂੰ ਆਪਣੇ ਉਦੇਸ਼ਾਂ ਦੀ ਪ੍ਰਾਪਤੀ ਲਈ ਸਹਿਯੋਗ ਕਰਨਾ ਸਿਖਾਇਆ ਜਾਂਦਾ ਹੈ। ਮੁੱਢਲੇ ਸਮੂਹ ਵਿਅਕਤੀਆਂ ਲਈ ਅਤੇ ਸਮਾਜ ਲਈ ਮਹੱਤਵਪੂਰਨ ਹੁੰਦੇ ਹਨ। ਇਹ ਇਕ ਸਫਲ ਸਮਾਜਿਕ ਜੀਵਨ ਲਈ ਲੋਕਾਂ ਨੂੰ ਤਿਆਰ ਕਰਦੇ ਹਨ ਅਤੇ ਉਹਨਾਂ ਦੇ ਵਿਅਕਤੀਤਵ ਦਾ ਨਿਰਮਾਣ ਸਹੀ ਢੰਗ ਨਾਲ਼ ਕਰਦੇ ਹਨ। ਮੁੱਢਲੇ ਸਮੂਹ ਦੀ ਸ਼ਕਤੀ ਸਮਾਜ ਦੀ ਚੰਗੀ ਸਿਹਤ 'ਤੇ ਅਧਾਰਿਤ ਹੁੰਦੀ ਹੈ। ਮੁੱਢਲਾ ਸਮੂਹ ਵਰਤਮਾਨ ਵਿੱਚ ਵੱਧ ਰਹੇ ਇਕੱਲੇਪਣ ਵਾਲ਼ੇ ਸੰਸਾਰ ਵਿੱਚ ਖੁੱਲ੍ਹਪਣ, ਵਿਸ਼ਵਾਸ ਨੇੜਤਾ ਦੇ ਸਰੋਤ ਹਨ। ਉਹ ਲੋਕ, ਜੋ ਕਿਸੇ ਵੀ ਮੁੱਢਲੇ ਸਮੂਹ, ਜਿਵੇਂ ਵਿਆਹ, ਦੋਸਤੀ ਅਤੇ ਕੰਮ-ਕਾਜੀ ਰਿਸ਼ਤੇ ਦੇ ਮੈਂਬਰ ਨਹੀਂ ਬਣਨਾ ਚਾਹੁੰਦੇ, ਉਹਨਾਂ ਨੂੰ ਜੀਵਨ ਵਿੱਚ ਕਠਿਨਾਈ ਮਹਿਸੂਸ ਹੁੰਦੀ ਹੈ।

## ਗੌਣ ਸਮੂਹ

ਗੌਣ ਸਮੂਹ ਲਗਭਗ ਮੁੱਢਲੇ ਸਮੂਹਾਂ ਤੋਂ ਉਲਟ ਹੁੰਦੇ ਹਨ। ਕੂਲੇ ਨੇ ਗੌਣ ਸਮੂਹਾਂ ਦੇ ਬਾਰੇ ਵਿੱਚ ਨਹੀਂ ਦੱਸਿਆ ਜਦੋਂ ਕਿ ਉਹ ਮੁੱਢਲੇ ਸਮੂਹ ਦੇ ਸੰਬੰਧ ਵਿੱਚ ਦਸੱਦਾ ਹੈ, ਬਾਅਦ ਵਿੱਚ ਵਿਚਾਰਕਾਂ ਨੇ ਮੁੱਢਲੇ ਸਮੂਹ ਦੇ ਨਾਲ਼ ਗੌਣ ਸਮੂਹ ਦੇ ਵਿਚਾਰ ਨੂੰ ਸਮਝਿਆ। ਗੌਣ ਸਮੂਹ ਉਹ ਸਮੂਹ ਹੈ, ਜੋ ਆਕਾਰ ਵਿੱਚ ਵੱਡਾ ਹੁੰਦਾ ਹੈ ਅਤੇ ਥੋੜ੍ਹੇ ਸਮੇਂ ਲਈ ਹੁੰਦਾ ਹੈ। ਮੈਂਬਰਾਂ ਵਿੱਚ ਵਿਚਾਰਾਂ ਦਾ ਆਦਾਨ ਪ੍ਰਦਾਨ ਰਸਮੀ ਉਪਯੋਗ 'ਤੇ ਅਧਾਰਿਤ, ਵਿਸ਼ੇਸ਼ ਅਤੇ ਅਸਥਾਈ ਹੁੰਦਾ ਹੈ, ਕਿਉਂਕਿ ਇਸਦੇ ਮੈਂਬਰ ਆਪਣੀਆਂ ਭੂਮਿਕਾਵਾਂ ਅਤੇ ਕੀਤੇ ਜਾਣ ਵਾਲ਼ੇ ਕੰਮਾਂ ਦੇ ਕਾਰਨ ਆਪਸ ਵਿੱਚ ਜੁੜੇ ਹੁੰਦੇ ਹਨ। ਵਿਕ੍ਰੇਤਾ ਅਤੇ ਖਰੀਦਦਾਰ, ਕ੍ਰਿਕੇਟ ਮੈਚ ਵਿੱਚ ਇੱਕਠੇ ਹੋਏ ਲੋਕ ਅਤੇ ਉਦਯੋਗਿਕ ਸੰਗਠਨ ਇਸਦੇ ਉਦਾਹਰਨ ਹਨ। ਕਾਰਖ਼ਾਨੇ ਦੇ ਮਜ਼ਦੂਰ, ਸੈਨਾ, ਕਾਲਜ ਦੇ ਵਿਦਿਆਰਥੀਆਂ ਦਾ ਸੰਗਠਨ, ਵਿਸ਼ਵ ਵਿਦਿਆਲੇ ਦੇ ਵਿਦਿਆਰਥੀਆਂ ਦੇ ਸੰਗਠਨ, ਇਕ ਰਾਜਨੀਤਿਕ ਦਲ ਆਦਿ ਵੀ ਗੌਣ ਸਮੂਹ ਦੇ ਉਦਾਹਰਨ ਹਨ। ਸੰਖੇਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਗੌਣ ਸਮੂਹ ਵਿਸ਼ੇਸ਼ ਉਦੇਸ਼ਾਂ ਦੀ ਪੂਰਤੀ ਲਈ ਬਣਾਏ ਜਾਂਦੇ ਹਨ ਅਤੇ ਗੌਣ ਸਮੂਹ ਦੇ ਮੈਂਬਰ ਉਦੇਸ਼ ਦੀ ਪੂਰਤੀ ਲਈ ਯਤਨਸ਼ੀਲ ਹੁੰਦੇ ਹਨ। ਗੌਣ ਸਮੂਹ ਦੇ ਮੈਂਬਰ ਰੋਜ਼ ਨਹੀਂ ਮਿਲ਼ਦੇ ਉਹਨਾਂ ਦੇ ਵਿਚਕਾਰ ਗ਼ੈਰ-ਵਿਅਕਤੀਗਤ ਸੰਬੰਧ ਪਾਏ ਜਾਂਦੇ ਹਨ ਅਤੇ ਉਹਨਾਂ ਵਿੱਚ ਆਪਸੀ ਗਹਿਰੇ ਸੰਬੰਧ ਨਹੀਂ ਪਾਏ ਜਾਂਦੇ।






ਰਾਜਨੀਤਿਕ ਦਲ

ਮਜ਼ਦੂਰ ਸਮੂਹ

## ਗੌਣ ਸਮੂਹ ਦੀਆਂ ਵਿਸ਼ੇਸ਼ਤਾਵਾਂ

ਗੌਣ ਸਮੂਹ ਆਕਾਰ ਵਿੱਚ ਵੱਡੇ ਹੁੰਦੇ ਹਨ। ਇਹਨਾਂ ਦੇ ਮੈਂਬਰ ਵੰਡੇ ਖੇਤਰ ਵਿੱਚ ਫੈਲੇ ਹੋ ਸਕਦੇ ਹਨ, ਇਥੋਂ ਤੱਕ ਕਿ ਪੂਰੇ ਸੰਸਾਰ ਵਿੱਚ। ਉਹਨਾਂ ਦੀਆਂ ਨਿਮਨ-ਲਿਖਤ ਵਿਸ਼ੇਸ਼ਤਾਵਾਂ ਹੁੰਦੀਆਂ ਹਨ।

**1. ਭੌਤਿਕ ਨੇੜਤਾ ਨਹੀਂ ਹੁੰਦੀ :** ਗੌਣ ਸਮੂਹ ਦੇ ਮੈਂਬਰ ਇਕ ਹੀ ਸਮੇਂ ਤੇ ਇਕ ਹੀ ਸਥਾਨ ਤੇ ਨਹੀਂ ਰਹਿੰਦੇ। ਬਹੁਤ ਸਾਰੇ ਗੌਣ ਸਮੂਹ ਕਿਸੇ ਨਿਸ਼ਚਿਤ ਖੇਤਰ ਵਿੱਚ ਸੀਮਿਤ ਨਹੀਂ ਹੁੰਦੇ। ਗੌਣ ਸਮੂਹ ਦੇ ਕੁਝ ਉਦਾਹਰਨ ਹਨ ਜਿਵੇਂ ਰੈੱਡ ਕਰੋਸ ਸੋਸਾਇਟੀ ਅਤੇ ਰੋਟਰੀ ਕਲੱਬ, ਅੰਤਰ ਰਾਸ਼ਟਰੀ ਸੁਭਾਓ ਵਾਲ਼ੇ ਹਨ, ਜਿਨ੍ਹਾ ਦੇ ਮੈਂਬਰ ਵਿਸ਼ਾਲ ਖੇਤਰ ਵਿੱਚ ਫੈਲੇ ਹੋਏ ਹਨ ਅਤੇ ਕਈ ਵਾਰ ਤਾਂ ਇਸਦੇ ਮੈਂਬਰ ਇਕ ਦੂਜੇ ਨੂੰ ਜਾਣਦੇ ਵੀ ਨਹੀਂ ਹਨ।

**2. ਅਸਥਿਰਤਾ :** ਗੌਣ ਸਮੂਹ ਵਿੱਚ ਮੈਂਬਰ ਸੀਮਿਤ ਉਦੇਸ਼ ਦੇ ਲਈ ਸ਼ਾਮਿਲ ਹੁੰਦੇ ਹਨ ਅਤੇ ਜਿਵੇਂ ਹੀ ਉਹਨਾਂ ਦਾ ਉਦੇਸ਼ ਪੂਰਾ ਹੋ ਜਾਂਦਾ ਹੈ, ਉਹ ਸਮੂਹ ਨੂੰ ਛੱਡ ਕੇ ਚਲੇ ਜਾਂਦੇ ਹਨ। ਉਦਾਹਰਨ ਦੇ ਲਈ ਵਿਦਿਆਰਥੀ ਜਦੋਂ ਆਪਣੇ ਸਕੂਲ ਦੀ ਪ੍ਰੀਖਿਆ ਪਾਸ ਕਰ ਲੈਂਦੇ ਹਨ। ਉਹ ਆਪਣੇ ਸਕੂਲ ਨੂੰ ਛੱਡ ਕੇ ਚਲੇ ਜਾਂਦੇ ਹਨ। ਜ਼ਿਆਦਾਤਰ ਕੇਸਾਂ ਵਿੱਚ ਵਿਦਿਆਰਥੀ ਅਤੇ ਅਧਿਆਪਕ ਦਾ ਸੰਬੰਧ ਅਲੋਪ ਹੋ ਜਾਂਦਾ ਹੈ, ਜਿਵੇਂ ਹੀ ਉਹ ਸਕੂਲ ਛੱਡਦਾ ਹੈ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਗੌਣ ਸਮੂਹ ਸਥਾਈ ਨਹੀਂ। ਇਹ ਬਹੁਤ ਦੇਰ ਤੱਕ ਕਾਇਮ ਨਹੀਂ ਰਹਿੰਦੇ।

**3. ਉਦੇਸ਼ ਨੂੰ ਪ੍ਰਾਪਤ ਕਰਨ ਦਾ ਸਾਧਨ :** ਗੌਣ ਸਮੂਹ ਵਿੱਚ ਸੰਬੰਧ ਸਦਾ ਹੀ ਉਦੇਸ਼ ਪ੍ਰਧਾਨ ਹੁੰਦੇ ਹਨ। ਇਹ ਸਮਝਿਆ ਜਾਂਦਾ ਹੈ ਕਿ ਇਹ ਆਪਣੇ-ਆਪ ਵਿੱਚ ਉਦੇਸ਼ ਨਹੀਂ ਹੁੰਦੇ ਪ੍ਰੰਤੂ ਇਹ ਉਦੇਸ਼ਾਂ ਦੀ ਪ੍ਰਾਪਤੀ ਲਈ ਇਹ ਸਾਧਨ ਹੁੰਦੇ ਹਨ। ਗੌਣ ਸਮੂਹਾਂ ਵਿੱਚ ਉਹਨਾਂ ਦੇ ਮੈਂਬਰ ਸਾਂਝੇ ਉਦੇਸ਼ਾਂ ਦੇ ਬਾਰੇ ਵਿਚਾਰ ਵਟਾਂਦਰਾ ਨਹੀਂ ਕਰਦੇ। ਅਜਿਹੇ ਸੰਬੰਧ ਦਾ ਆਧਾਰ ਉਦੇਸਪੂਰਨ ਜਾਂ ਨਿਰਪੱਖ ਸੁਆਰਥ ਦੀ ਪੂਰਤੀ ਲਈ ਹੁੰਦਾ ਹੈ। ਸੰਬੰਧਾਂ ਦਾ ਮੁੱਲ ਉਦੋਂ ਤੱਕ ਹੁੰਦਾ ਹੈ ਜਦੋਂ ਇਹ ਉਦੇਸ਼ ਦੀ ਪੂਰਤੀ ਕਰਦੇ ਹੋਣ ਭਾਵ ਸੰਬੰਧਾਂ ਦਾ ਆਧਾਰ ਉਦੇਸ਼ ਦੀ ਪੂਰਤੀ ਹੈ।

**4. ਸੰਬੰਧ ਰਸਮੀ ਹੁੰਦੇ ਹਨ :** ਗੌਣ ਸਮੂਹਾਂ ਵਿੱਚ ਸੰਬੰਧ ਰਸਮੀ ਹੁੰਦੇ ਹਨ। ਇਸਦੇ ਮੈਂਬਰ ਜਾਂ ਵਿਅਕਤੀ ਇਕ ਦੂਜੇ ਨਾਲ਼ ਰਸਮੀ ਢੰਗ ਨਾਲ਼ ਮਿਲ਼ਦੇ ਹਨ। ਗੌਣ ਸਮੂਹ ਰਸਮੀ ਨਿਯਮਾਂ ਅਨੁਸਾਰ ਚਲਾਇਆ ਜਾਂਦਾ ਹੈ। ਥੋੜ੍ਹੀ ਦੇਰ ਲਈ ਕਿਸੇ ਕੰਮ ਲਈ ਆਪਸ ਵਿੱਚ ਮਿਲ਼ਦੇ ਹਨ। ਇਨ੍ਹਾਂ ਸੰਬੰਧਾਂ ਵਿੱਚ ਗਹਿਰੇ ਸੰਬੰਧਾਂ ਦੀ ਕਮੀ ਹੁੰਦੀ ਹੈ ਅਤੇ ਇਹ ਸੰਬੰਧ ਅਵਿਅਕਤੀਗਤ ਹੁੰਦੇ ਹਨ।

**5. ਸਵੈ ਇਛੁੱਕ ਮੈਂਬਰਸ਼ਿਪ :** ਵਿਅਕਤੀਆਂ ਦੇ ਲਈ ਇਹ ਜ਼ਰੂਰੀ ਨਹੀਂ ਹੈ ਕਿ ਉਹ ਗੌਣ ਸਮੂਹ ਦੇ ਮੈਂਬਰ ਜ਼ਰੂਰ ਬਣਨ। ਮੈਂਬਰਾਂ ਦਾ ਦਰਜਾ ਅਰਜਿਤ ਹੁੰਦਾ ਹੈ ਅਤੇ ਉਹਨਾਂ ਦੀ ਮੈਂਬਰਸ਼ਿਪ ਉਹਨਾਂ ਦੀ ਭੂਮਿਕਾ ਅਤੇ ਕਾਰਜ ਉੱਤੇ ਅਧਾਰਿਤ ਨਾ ਹੋ ਕੇ ਵਿਅਕਤੀਗਤ ਗੁਣਾਂ ਤੇ ਅਧਾਰਿਤ ਹੁੰਦੀ ਹੈ।

## ਗੌਣ ਸਮੂਹ ਦਾ ਮਹੱਤਵ

ਮੁੱਢਲੇ ਸਮੂਹਾਂ ਤੋਂ ਹੱਟ ਕੇ ਗੌਣ ਸਮੂਹ ਪ੍ਰਕਿਰਤੀ ਵਿੱਚ ਗੌਣ ਹਨ ਕਿਉਂਕਿ ਵਿਅਕਤੀ ਆਪਣੀ ਜ਼ਿੰਦਗੀ ਵਿੱਚ ਇਕ ਦੂਜੇ ਨਾਲ਼ ਬਹੁਤ ਸਮੇਂ ਬਾਅਦ ਵੱਡੇ ਹੋ ਕੇ ਮਿਲ਼ਦੇ ਹਨ। ਇਹ ਸਮੂਹ ਵੀ ਸਮਾਜ ਲਈ ਮਹੱਤਵਪੂਰਨ ਹੁੰਦੇ ਹਨ ਨਾਲ਼ ਦੀ ਨਾਲ਼ ਹੀ ਵਿਅਕਤੀਆਂ ਲਈ ਕਿਉਂਕਿ ਇਹ ਕੁਝ ਵਿਸ਼ੇਸ਼ ਉਦੇਸ਼ਾਂ ਦੀ ਪੂਰਤੀ ਲਈ ਕੀਤੀਆਂ ਜਾਣ ਵਾਲ਼ੀਆਂ ਸਭਾਵਾਂ ਵਿੱਚ ਮੈਂਬਰਾਂ ਦੀ ਮਦਦ ਕਰਦੇ ਹਨ। ਵੱਧਦਾ ਹੋਇਆ ਉਦਯੋਗੀਕਰਨ, ਸ਼ਹਿਰੀਕਰਨ, ਵਿਸ਼ਵੀਕਰਨ, ਅਤੇ ਵਿਸਤ੍ਰਿਤ ਸੰਚਾਰ ਵਿਵਸਥਾ ਨੇ ਸਮੂਹ ਨੂੰ ਮੂਕ ਬਣਾ ਦਿੱਤਾ ਹੈ। ਸਮਾਜਿਕ ਜੀਵਨ ਦੀਆਂ ਜਟਿਲਤਾਵਾਂ ਦੇ ਕਾਰਨ ਮੁੱਢਲੇ ਸਮੂਹ ਲੋਕਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਅਸਫਲ ਰਹੇ ਹਨ। ਇਸ ਅਸਰੱਥਾ ਦੇ ਕਾਰਨ ਉਹ ਗੌਣ ਸਮੂਹਾਂ ਵੱਲ ਦੇਖਦੇ ਹਨ। ਉਦਾਹਰਨ ਦੇ ਰੂਪ ਵਿੱਚ, ਪਹਿਲੇ ਸਮੇਂ ਵਿੱਚ ਪਰਿਵਾਰ ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਕਰਦੇ ਸਨ ਅਤੇ ਆਪਣੇ ਮਾਤਾ-ਪਿਤਾ ਦਾ ਬੁਢਾਪੇ ਵਿੱਚ ਪੂਰਾ ਧਿਆਨ ਰੱਖਦੇ ਸਨ। ਪ੍ਰੰਤੂ ਅੱਜ-ਕੱਲ੍ਹ ਅਸੀਂ ਦੇਖਦੇ ਹਾਂ ਕਿ ਕੰਮ ਤੇ ਜਾਣ ਵਾਲ਼ੀਆਂ ਮਾਤਾਵਾਂ ਆਪਣੇ ਬੱਚੇ ਨੂੰ

ਬੱਚਾ ਕੇਂਦਰ ਵਿੱਚ ਛੱਡ ਜਾਂਦੀਆਂ ਹਨ ਅਤੇ ਬੁੱਢੇ ਮਾਤਾ-ਪਿਤਾ ਨੂੰ ਬਿਰਧ ਆਸ਼ਰਮਾਂ ਵਿੱਚ ਛੱਡ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਮਨੁੱਖ ਆਪਣੀਆਂ ਜਰੂਰਤਾਂ ਦੀ ਪੂਰਤੀ ਦੇ ਲਈ ਆਧੁਨਿਕ ਸਮਾਜ ਦੇ ਗੌਣ ਸਮੂਹ ਤੇ ਅਧਾਰਿਤ ਹੈ। ਕਿਉਂਕਿ ਇਹ ਅਧੁਨਿਕ ਸਮਾਜ ਦਾ ਰਿਵਾਜ ਹੈ, ਜੋ ਛੋਟੇ ਸਮੁਦਾਇ ਤੋਂ ਵੱਡੇ ਸਮੁਦਾਇ ਵੱਲ ਵੱਧ ਰਹੇ ਹਨ।

## ਮੁੱਢਲੇ ਸਮੂਹ ਅਤੇ ਗੌਣ ਸਮੂਹ ਵਿੱਚ ਅੰਤਰ

| ਮੁੱਢਲੇ ਸਮੂਹ | ਗੌਣ ਸਮੂਹ |
|---|---|
| 1. ਆਹਮੋ-ਸਾਹਮਣੇ ਦੇ ਸੰਬੰਧ | 1. ਆਹਮੋ-ਸਾਹਮਣੇ ਦੇ ਸੰਬੰਧ ਨਹੀਂ ਹੁੰਦੇ। |
| 2. ਸੀਮਿਤ ਮੈਂਬਰ/ਆਕਾਰ ਵਿੱਚ ਛੋਟੇ | 2. ਵਿਸਤ੍ਰਿਤ ਮੈਂਬਰਸ਼ਿਪ/ਆਕਾਰ ਵਿੱਚ ਵੱਡੇ। |
| 3. ਵਿਅਕਤੀਗਤ ਅਤੇ ਨੇੜਲੇ ਸੰਬੰਧ | 3. ਅਵਿਅਕਤੀਗਤ ਅਤੇ ਦੂਰੇਡੇ ਸੰਬੰਧ। |
| 4. ਪਿਆਰ ਦੀ ਭਾਵਨਾ, ਮਿੱਤਰਤਾ ਅਤੇ ਸਹਿਣਸ਼ੀਲਤਾ ਆਦਿ। | 4. ਸੰਗਠਨਾਂ ਨੂੰ ਮਾਨਤਾ ਪ੍ਰਾਪਤ ਨਿਯਮਾਂ ਅਨੁਸਾਰ ਵਿਵਹਾਰ |
| 5. ਸਮਾਜਿਕ ਨਿਯੰਤਰਨ ਦਾ ਗ਼ੈਰ-ਰਸਮੀ ਸਾਧਨ | 5. ਸਮਾਜਿਕ ਨਿਯੰਤਰਨ ਦਾ ਰਸਮੀ ਸਾਧਨ |
| 6. ਵਿਅਕਤੀ ਸਥਿਰ ਸੰਬੰਧਾਂ ਵਿੱਚ ਬੱਝਾ ਹੁੰਦਾ ਹੈ। | 6. ਅਸਥਿਰ ਸੰਬੰਧ/ਵਿਅਕਤੀ ਕਦੇ ਵੀ ਸਮੂਹ ਛੱਡ ਸਕਦਾ ਹੈ। |
| 7. ਅਣਇਛੁੱਕ ਮੈਂਬਰਸ਼ਿਪ | 7. ਸ੍ਵੈ ਇੱਛਕ ਮੈਂਬਰਸ਼ਿਪ |
| 8. ਸਹਿਯੋਗ ਪਾਇਆ ਜਾਂਦਾ ਹੈ। | 8. ਅਪ੍ਰੱਤਖ ਤੌਰ ਤੇ ਸਹਿਯੋਗ ਪਾਇਆ ਜਾਂਦਾ ਹੈ। |
| 9. ਅਸੀਂ ਦੀ ਭਾਵਨਾ | 9. ਉਹ ਦੀ ਭਾਵਨਾ |
| 10. ਗ਼ੈਰ-ਰਸਮੀ ਸੰਬੰਧ | 10. ਰਸਮੀ ਸੰਬੰਧ |

## ਡਬਲਿਯੂ ਜੀ ਸਮਨਰ - ਅੰਦਰੂਨੀ ਸਮੂਹ ਅਤੇ ਬਾਹਰੀ ਸਮੂਹ

ਅੰਦਰੂਨੀ ਸਮੂਹ ਅਤੇ ਬਾਹਰੀ ਸਮੂਹ ਦੀ ਧਾਰਨਾ ਵਿਲੀਅਮ ਗ੍ਰਾਹਮ ਸਮਨਰ, ਇੱਕ ਅਮਰੀਕੀ ਸਮਾਜ ਸ਼ਾਸਤਰੀ ਦੁਆਰਾ ਦਿੱਤੀ ਗਈ ਹੈ। ਉਸ ਨੇ ਸਮੂਹ ਨੂੰ ਦੋ ਭਾਗਾਂ ਵਿੱਚ ਵੰਡਿਆ ਹੈ– ਅੰਦਰੂਨੀ ਸਮੂਹ ਅਤੇ ਬਾਹਰੀ ਸਮੂਹ। ਅੰਦਰੂਨੀ ਸਮੂਹ ਨੂੰ 'ਅਸੀਂ ਸਮੂਹ' ਕਿਹਾ ਜਾਂਦਾ ਹੈ ਅਤੇ ਬਾਹਰੀ ਸਮੂਹ ਨੂੰ 'ਉਹ ਸਮੂਹ' ਕਿਹਾ ਜਾਂਦਾ ਹੈ।

### ਅੰਦਰੂਨੀ ਸਮੂਹ



ਅੰਦਰੂਨੀ ਸਮੂਹ ਇੱਕ ਅਜਿਹਾ ਸਮਾਜਿਕ ਸਮੂਹ ਹੈ ਜਿਸ ਦੇ ਵਿੱਚ, ਮੈਂਬਰਾਂ ਵਿੱਚ ਸਮੂਹ ਦੀ ਕਿਸਮ ਸੰਬੰਧੀ ਚੇਤਨਾ ਜਾਂ ਜਾਗਰੂਕਤਾ ਹੁੰਦੀ ਹੈ। ਉਹ ਮਹਿਸੂਸ ਕਰਦੇ ਹਨ ਕਿ ਉਹ ਸਮੂਹ ਨਾਲ਼ ਸੰਬੰਧ ਰੱਖਦੇ ਹਨ ਅਤੇ ਇਸ ਦੇ ਪਰਿਣਾਮਾਂ ਨੂੰ ਸਾਂਝੇ ਤੌਰ ਤੇ ਸਵੀਕਾਰ ਕਰਦੇ ਹਨ ਅਤੇ ਇਕ ਸਾਂਝੀ ਵਿਚਾਰਧਾਰਾ ਨੂੰ ਅਪਣਾਉਂਦੇ ਹਨ। ਅੰਦਰੂਨੀ ਸਮੂਹ ਮੁੱਢਲੇ ਸਮੂਹ ਹੁੰਦੇ ਹਨ। ਤੁਹਾਡੇ ਸਕੂਲ ਦੇ ਵਿਦਿਆਰਥੀ ਅਜਿਹੀ ਮਿੱਤਰਤਾ ਤੇ ਇੱਕਠੇ ਰਹਿਣ ਵਾਲ਼ੀ ਭਾਵਨਾ ਨੂੰ ਮਹਿਸੂਸ ਕਰ ਸਕਦੇ ਹਨ। ਇਸ ਪ੍ਰਕਾਰ ਦੂਜੇ ਸਕੂਲ ਦੇ ਵਿਦਿਆਰਥੀ 'ਅੰਦਰੂਨੀ ਸਮੂਹ' ਬਣਾ ਸਕਦੇ ਹਨ ਪ੍ਰੰਤੂ ਇਹ ਆਪਣੇ ਲਈ ਇਕ ਬਾਹਰੀ ਸਮੂਹ ਹੈ। ਹੋਰ ਸਮੂਹਾਂ ਦੇ ਮੈਂਬਰ ਤੁਹਾਡੇ ਲਈ 'ਉਹ' ਹਨ ਅਤੇ ਤੁਸੀਂ ਉਹਨਾਂ ਦੇ ਲਈ 'ਉਹ' ਹੋ।

### ਬਾਹਰੀ ਸਮੂਹ

ਬਾਹਰੀ ਸਮੂਹ ਨੂੰ ਇੱਕ ਅਜਿਹੇ ਸਮੂਹ ਦੇ ਰੂਪ ਵਿੱਚ ਪਰਿਭਾਸ਼ਤ ਕੀਤਾ ਜਾਂਦਾ ਹੈ ਜਿਸ ਵਿੱਚ ਵਿਅਕਤੀ ਸਮੂਹ ਨਾਲ਼ ਸੰਬੰਧਿਤ ਨਹੀਂ ਹੁੰਦਾ ਅਤੇ ਨਾ ਹੀ ਸਮੂਹ ਵਿੱਚ ਗਿਣਿਆ ਜਾਂਦਾ ਹੈ, ਉਹ ਆਪਣੇ ਸਮੂਹ ਦਾ ਅੰਗ ਹੁੰਦਾ ਹੋਇਆ ਬਾਹਰੀ ਸਮੂਹ ਦਾ ਹਿੱਸਾ ਹੁੰਦਾ ਹੈ। 'ਅੰਦਰੂਨੀ ਸਮੂਹ' ਦੇ ਮੈਂਬਰ ਬਾਹਰੀ ਸਮੂਹ ਲਈ 'ਉਹ' ਸ਼ਬਦ ਦਾ ਪ੍ਰਯੋਗ ਕਰਦੇ ਹਨ ਬਾਹਰੀ ਸਮੂਹ ਦੇ ਮੈਂਬਰਾਂ ਨਾਲ਼ ਨਕਾਰਾਤਮਕ ਤੇ 'ਬੇਗ਼ਾਨੇ' ਵਾਲ਼ਾ ਵਿਹਾਰ ਕੀਤਾ ਜਾਂਦਾ ਹੈ। ਉਦਾਹਰਨ ਲਈ ਸਕੂਲ ਵਿੱਚ ਮੁਕਾਬਲੇ ਦੌਰਾਨ 'ਅੰਦਰੂਨੀ ਸਮੂਹ' ਨੂੰ ਉਤਸ਼ਾਹਤ ਕੀਤਾ ਜਾਂਦਾ ਹੈ ਅਤੇ 'ਬਾਹਰੀ ਸਮੂਹ' ਨੂੰ ਨਿਰਉਤਸ਼ਾਹਤ ਕੀਤਾ ਜਾਂਦਾ ਹੈ।



ਸਕੂਲ ਮੁਕਾਬਲੇ ਦਾ ਦ੍ਰਿਸ਼

**ਗਤੀਵਿਧੀ 4.3**

ਭਾਰਤ ਦੇ ਹੋਰ ਭਾਗਾਂ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕਾਂ ਦੇ ਨਾਲ਼ ਮਿਲ਼ਕੇ ਉਹਨਾਂ ਨੂੰ ਹੋਣ ਵਾਲ਼ੇ ਤਜ਼ਰਬਿਆਂ ਦਾ ਪਤਾ ਲਗਾਓ ਜੋ ਪੰਜਾਬ ਵਿੱਚ ਪੜ੍ਹਨ, ਕੰਮ ਦੇ ਲਈ ਜਾਂ ਕਿਸੇ ਹੋਰ ਕਾਰਨ ਦੇ ਲਈ ਆਉਂਦੇ ਹਨ।

- ਕੀ ਤੁਸੀਂ ਸੋਚਦੇ ਹੋ ਕਿ ਉਹਨਾਂ ਨਾਲ਼ ਬਾਹਰੀ ਲੋਕਾਂ ਵਰਗਾ ਵਿਹਾਰ ਕੀਤਾ ਜਾਂਦਾ ਹੈ। ਆਪਣੇ ਉੱਤਰ ਨੂੰ ਸਿੱਧ ਕਰਨ ਲਈ ਦਲੀਲਾਂ ਦਿਓ।

## ਸੰਦਰਭ ਸਮੂਹ: ਰੱਬਟ ਕੇ. ਮਰਟਨ

ਸੰਦਰਭ ਸਮੂਹ : ਸੰਦਰਭ ਸਮੂਹ ਦੀ ਧਾਰਨਾ ਅਮਰੀਕੀ ਸਮਾਜ ਵਿਗਿਆਨਿਕ ਰਾਬਰਟ ਕੇ. ਮਰਟਨ ਦੁਆਰਾ ਦਿੱਤੀ ਗਈ ਹੈ ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਹਰੇਕ ਵਿਅਕਤੀ ਕਿਸੇ ਨਾ ਕਿਸੇ ਸਮੂਹ ਦਾ ਮੈਂਬਰ ਹੈ। ਲੋਕਾਂ ਦੇ ਕਿਸੇ ਸਮੂਹ ਦੇ ਲਈ, ਦੂਸਰੇ ਸਮੂਹ ਹੁੰਦੇ ਹਨ ਜਿਨ੍ਹਾਂ ਨਾਲ ਉਹ ਆਪਣੇ ਆਪ ਦੀ ਤੁਲਨਾ ਕਰਦੇ ਹਨ। ਕਈ ਵਾਰ ਸਮੂਹ ਦੇ ਮੈਂਬਰ, ਦੂਸਰੇ ਸਮੂਹ ਨੂੰ ਦੇਖਦੇ 'ਤੇ ਉਸ ਤੋਂ ਪ੍ਰਭਾਵਿਤ ਹੁੰਦੇ ਹਨ। ਜਿਨ੍ਹਾਂ ਸਮੂਹਾਂ ਤੋਂ ਜੀਵਨ ਸ਼ੈਲੀ ਅਪਣਾਈ ਜਾਂਦੀ ਹੈ ਉਸ ਨੂੰ ਸੰਦਰਭ ਸਮੂਹ ਕਿਹਾ ਜਾਂਦਾ ਹੈ। 'ਅਸੀਂ' ਉਸ ਤਰ੍ਹਾਂ ਸਮੂਹ ਦੇ ਨਾਲ਼ ਆਪਣੀ ਪਹਿਚਾਣ ਬਣਾਉਣੀ ਸ਼ੁਰੂ ਕਰ ਦਿੰਦੇ ਹਾਂ। ਸੰਦਰਭ ਸਮੂਹ, ਸੱਭਿਆਚਾਰ, ਜੀਵਨ ਸ਼ੈਲੀ, ਪ੍ਰੇਰਣਾ ਅਤੇ ਉਦੇਸ਼ਾਂ ਦੀ ਪ੍ਰਾਪਤੀ ਦੀ ਸੂਚਨਾ ਦੇ ਮਹੱਤਵਪੂਰਣ ਸਰੋਤ ਹਨ। ਉਦਾਹਰਨ ਵਜੋਂ ਅਮਰੀਕਾ, ਕੈਨੇਡਾ ਅਤੇ ਅਸਟਰੇਲੀਆ ਵਿੱਚ ਵੱਸੇ ਹੋਏ ਪੰਜਾਬੀਆਂ ਨੂੰ ਸੰਦਰਭ ਸਮੂਹ ਕਿਹਾ ਜਾ ਸਕਦਾ ਹੈ ਕਿਉਂਕਿ ਉਹਨਾਂ ਦਾ ਉੱਚ ਪੱਧਰ ਇਥੋਂ ਦੇ ਪੰਜਾਬੀਆਂ ਨੂੰ ਆਕਰਸ਼ਿਤ ਕਰਦਾ ਹੈ ਅਤੇ ਉਹ ਵਿਦੇਸ਼ ਵਿੱਚ ਵੱਸਣਾ ਚਾਹੁੰਦੇ ਹਨ।

## ਗਤੀਵਿਧੀ 4.4

1. ਕੀ ਤੁਸੀਂ ਆਪਣੇ ਪਰਿਵਾਰ ਜਾਂ ਇਲਾਕੇ ਦੇ ਕਿਸੇ ਵਿਸ਼ੇਸ਼ ਵਿਅਕਤੀ ਤੋਂ ਪ੍ਰਭਾਵਿਤ ਹੋ ?
2. ਉਸ ਦੇ ਕਿਹੜੇ ਗੁਣ ਤੁਹਾਨੂੰ ਸਭ ਤੋਂ ਜ਼ਿਆਦਾ ਪ੍ਰਭਾਵਿਤ ਕਰਦੇ ਹਨ।
3. ਕੀ ਤੁਸੀਂ ਕਦੇ ਉਸ ਵਿਅਕਤੀ ਵਾਗੂੰ ਵਿਵਹਾਰ ਕੀਤਾ ਹੈ।

## ਸਿੱਟਾ :

ਸਮਾਜਿਕ ਸਮੂਹਾਂ ਦਾ ਅਧਿਐਨ ਸਮਾਜ ਸ਼ਾਸਤਰੀਆਂ ਦੇ ਅਧਿਐਨ ਦਾ ਕੇਂਦਰੀ ਬਿੰਦੂ ਹੈ। ਇਕ ਸਮਾਜਿਕ ਸਮੂਹ ਵਿਅਕਤੀਆਂ ਦੇ ਇਕੱਠ ਤੋਂ ਵੱਧ ਕੇ ਹੈ। ਇਸ ਵਿੱਚ ਸਮਾਨ ਵਿਸ਼ੇਸ਼ਤਾਵਾਂ ਵਾਲ਼ੇ ਦੋ ਜਾਂ ਦੋ ਤੋਂ ਜ਼ਿਆਦਾ ਵਿਅਕਤੀ ਸ਼ਾਮਲ ਹੁੰਦੇ ਹਨ ਜਿਹੜੇ ਇਕ ਦੂਜੇ ਨਾਲ ਮੇਲ਼-ਜੋਲ਼ ਰੱਖਦੇ ਹਨ ਅਤੇ ਏਕਤਾ ਤੇ ਸੰਬੰਧਤਾ ਦੀ ਭਾਵਨਾ ਮਹਿਸੂਸ ਕਰਦੇ ਹਨ। ਅਸੀਂ ਕਈ ਤਰ੍ਹਾਂ ਦੇ ਸਮੂਹਾਂ ਵਿੱਚ ਭਿੰਨਤਾ ਕਰ ਸਕਦੇ ਹਾਂ, ਹਰੇਕ ਦਾ ਆਪਣਾ ਇੱਕ ਉਦੇਸ਼ , ਸੱਭਿਆਚਾਰ ਅਤੇ ਪ੍ਰਤਿਮਾਨ ਆਦਿ ਹਨ। ਸਭ ਤੋਂ ਜ਼ਿਆਦਾ ਮਹੱਤਵਪੂਰਣ ਸਮੂਹ, ਮੁੱਢਲੇ/ਗੌਣ ਸਮੂਹ, ਅੰਦਰੂਨੀ/ ਬਾਹਰੀ ਸਮੂਹ ਅਤੇ ਸੰਦਰਭ ਸਮੂਹ ਹਨ।

## ਸ਼ਬਦਾਵਲੀ

**ਮੁੱਢਲਾ ਸਮੂਹ :** ਇਹ ਇੱਕ ਛੋਟਾ ਸਮੂਹ ਹੁੰਦਾ ਹੈ ਜਿਸ ਵਿੱਚ ਵਿਅਕਤੀ ਇੱਕ ਦੂਜੇ ਨੂੰ ਜਾਣਦੇ ਹਨ ਅਤੇ ਉਹਨਾਂ ਵਿਚਕਾਰ ਨੇੜਤਾ ਅਤੇ ਆਪਣੇਪਣ ਤੋਂ ਇਲਾਵਾ 'ਅਸੀਂ ਦੀ ਭਾਵਨਾ' ਪਾਈ ਜਾਂਦੀ ਹੈ।

**ਗੌਣ ਸਮੂਹ :** ਇਹ ਇੱਕ ਅਜਿਹਾ ਸਮੂਹ ਹੈ ਜਿਸ ਵਿੱਚ ਗ਼ੈਰ ਵਿਅਕਤੀਗਤਤਾ, ਰਸਮੀਂ, ਖੰਡਾਤਮਕਤਾ ਅਤੇ ਉਪਯੋਗਤਾ ਮੁੱਖੀ ਵਿਵਹਾਰ ਪਾਇਆ ਜਾਂਦਾ ਹੈ।

**ਸੰਦਰਭ ਸਮੂਹ :** ਆਪਣੇ ਫੈਸਲਿਆਂ ਅਤੇ ਕਿਰਿਆਵਾਂ ਦੇ ਲਈ ਕਿਸੇ ਸਮੂਹ ਨੂੰ ਮਾਰਗ ਦਰਸ਼ਕ ਮੰਨਣਾ

| | |
|---|---|
| **ਅੰਤਰ ਸਮੂਹ :** | ਅਜਿਹਾ ਸਮੂਹ ਜਿਸ ਵਿੱਚ ਆਪਸ ਵਿੱਚ ਇੱਕਜੁਟਤਾ ਦੀ ਭਾਵਨਾ ਪਾਈ ਜਾਂਦੀ ਹੈ। |
| **ਬਾਹਰੀ ਸਮੂਹ :** | ਅਜਿਹਾ ਸਮੂਹ ਜਿਸ ਵਿੱਚ ਆਪਸ ਵਿੱਚ ਇੱਕਜੁਟਤਾ ਦੀ ਭਾਵਨਾ ਨਹੀਂ ਪਾਈ ਜਾਂਦੀ ਹੈ। |
| **ਅਸੀਂ ਦੀ ਭਾਵਨਾ :** | ਅਸੀਂ ਦੀ ਭਾਵਨਾ ਦਾ ਅਰਥ ਸਾਂਝੀਦਾਰਾਂ ਦੀ ਅਜਿਹੀ ਸਮਰੱਥਾ ਤੋਂ ਹੈ ਜੋ ਉਹਨਾਂ ਨੂੰ ਸਮੂਹ ਨਾਲ਼ ਜੁੜੇ ਹੋਣ ਦਾ ਅਹਿਸਾਸ ਕਰਵਾਉਂਦੀ ਹੈ। |

## ਅਭਿਆਸ

### ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ 1-15 ਸ਼ਬਦਾਂ ਵਿੱਚ ਦਿਓ।

1. ਸਮੂਹ ਦੀਆਂ ਦੋ ਕਿਸਮਾਂ ਅੰਤਰ-ਸਮੂਹ ਅਤੇ ਬਾਹਰੀ-ਸਮੂਹ ਦਾ ਵਰਗੀਕਰਨ ਕਿਸ ਨੇ ਕੀਤਾ ਹੈ।
2. ਅੰਦਰੂਨੀ ਗਰੁੱਪ ਦੀਆਂ ਦੋ ਉਦਾਹਰਨਾ ਦਿਓ।
3. ਬਾਹਰੀ ਸਮੂਹ ਦੀਆਂ ਦੋ ਉਦਾਹਰਨਾ ਦਿਓ।
4. ਸੰਦਰਭ ਸਮੂਹ ਕਿਸਨੇ ਦਿੱਤਾ ਸੀ ?
5. 'ਅਸੀਂ' ਦੀ ਭਾਵਨਾ ਕੀ ਹੈ ?
6. ਸੀ.ਐਚ.ਕੂਲੇ ਦੁਆਰਾ ਦਿੱਤੇ ਗਏ ਮੁੱਢਲੇ ਸਮੂਹ ਬਾਰੇ ਦੋ ਉਦਾਹਰਨਾ ਸਹਿਤ ਲਿਖੋ ?

### ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ 30-35 ਸ਼ਬਦਾਂ ਵਿੱਚ ਦਿਓ।

1. ਸਮਾਜਿਕ ਸਮੂਹ ਦੀ ਪਰਿਭਾਸ਼ਾ ਦਿਓ।
2. ਮੁੱਢਲੇ ਸਮੂਹ ਤੋਂ ਤੁਸੀਂ ਕੀ ਸਮਝਦੇ ਹੋ ? ਇੱਕ ਉਦਾਹਰਨ ਦਿਓ।
3. ਗੌਣ ਸਮੂਹ ਤੋਂ ਤੁਹਾਡਾ ਕੀ ਭਾਵ ਹੈ ? ਉਦਾਹਰਨ ਸਹਿਤ ਲਿਖੋ।
4. ਅੰਤਰ ਸਮੂਹ ਅਤੇ ਬਾਹਰੀ ਸਮੂਹ ਵਿਚਕਾਰ ਦੋ ਅੰਤਰ ਦਿਓ।
5. ਗੌਣ ਸਮੂਹ ਦੀਆਂ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ।
6. ਮੁੱਢਲੇ ਸਮੂਹ ਦੀ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ।

## ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ 75-85 ਸ਼ਬਦਾਂ ਵਿੱਚ ਦਿਓ।

1. ਸਮਾਜਿਕ ਸਮੂਹ ਦੇ ਗੁਣਾ ਦਾ ਵਰਣਨ ਕਰੋ।
2. ਮੁੱਢਲੇ ਸਮੂਹ ਦੀ ਮਹੱਤਤਾ ਬਾਰੇ ਲਿਖੋ।
3. ਮੁੱਢਲੇ ਸਮੂਹ ਅਤੇ ਗੌਣ ਸਮੂਹ ਵਿੱਚ ਅੰਤਰ ਲਿਖੋ।
4. ਅੰਤਰ ਸਮੂਹ ਦੇ ਗੁਣ ਦੱਸੋ।

## ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ 250-300 ਸ਼ਬਦਾਂ ਵਿੱਚ ਦਿਓ।

1. ਸਮਾਜਿਕ ਸਮੂਹ ਬਾਰੇ ਤੁਸੀਂ ਕੀ ਸਮਝਦੇ ਹੋ, ਇਸ 'ਤੇ ਵਿਸਤਾਰ ਨੋਟ ਲਿਖੋ।
2. ਤੁਸੀਂ ਮੁੱਢਲੇ ਅਤੇ ਗੌਣ ਸਮੂਹ ਦਾ ਕਿਸ ਤਰ੍ਹਾਂ ਵਰਣਨ ਕਰੋਗੇ।
3. ਤੁਸੀਂ ਸਮਾਜ ਦੇ ਮੈਂਬਰ ਹੁੰਦੇ ਹੋਏ ਅਲੱਗ ਸਮੂਹਾਂ ਨਾਲ਼ ਅੰਤਰਕਿਰਿਆ ਕਰਦੇ ਹੋ। ਤੁਸੀਂ ਇਸ ਨੂੰ ਸਮਾਜ ਸ਼ਾਸਤਰੀ ਦ੍ਰਿਸ਼ਟੀਕੋਣ ਤੋਂ ਕਿਸ ਤਰ੍ਹਾਂ ਦੇਖਦੇ ਹੋ।
4. ਮਨੁੱਖ ਦੀ ਜ਼ਿੰਦਗੀ ਸਮੂਹ ਦੀ ਜ਼ਿੰਦਗੀ ਹੈ। ਉਦਾਹਰਨਾ ਸਹਿਤ ਲਿਖੋ ?

ਇਕਾਈ -III

# ਸੱਭਿਆਚਾਰ ਅਤੇ ਸਮਾਜੀਕਰਨ





ਅਧਿਆਏ
5

# ਸੱਭਿਆਚਾਰ

**ਮੁੱਖ ਅੰਸ਼**


5.1 ਅਰਥ ਅਤੇ ਵਿਸ਼ੇਸ਼ਤਾਵਾਂ

5.2 ਭੌਤਿਕ ਸੱਭਿਆਚਾਰ

5.3 ਅਭੌਤਿਕ ਸੱਭਿਆਚਾਰ


## ਭੂਮਿਕਾ

ਸੱਭਿਆਚਾਰ, ਮਨੁੱਖ ਨੂੰ ਪਸ਼ੂਆਂ ਤੋਂ ਅਲੱਗ ਕਰਦਾ ਹੈ। ਸੱਭਿਆਚਾਰ ਅਤੇ ਸਮਾਜ ਦਾ ਆਪਸ ਵਿੱਚ ਗੂੜ੍ਹਾ ਸੰਬੰਧ ਹੈ। ਸੱਭਿਆਚਾਰ ਸਿੱਖਿਅਤ, ਸਾਂਝਾ ਅਤੇ ਪ੍ਰਸਾਰਿਤ ਵਿਵਹਾਰ ਹੈ ਜਿਸ ਨੂੰ ਕੇਵਲ ਉਸ ਸਮੇਂ ਹੀ ਗ੍ਰਹਿਣ ਕੀਤਾ ਜਾਂਦਾ ਹੈ, ਜਦੋਂ ਵਿਅਕਤੀ ਕਿਸੇ ਸਮੂਹ ਦਾ ਹਿੱਸਾ ਹੁੰਦਾ ਹੈ। ਇਸ ਲਈ ਸਮਾਜ ਤੋਂ ਬਿਨਾਂ ਸੱਭਿਆਚਾਰ ਦੀ ਹੋਂਦ ਨਹੀਂ ਹੋ ਸਕਦੀ ਅਤੇ ਨਾ ਹੀ ਸੱਭਿਆਚਾਰ ਤੋਂ ਬਿਨਾਂ ਸਮਾਜ ਦੀ। ਸੱਭਿਆਚਾਰ ਸਮਾਜਿਕ ਅੰਤਰ-ਕਿਰਿਆ ਦੁਆਰਾ ਵਿਕਸਿਤ ਹੁੰਦਾ ਹੈ। ਸਮਾਜ ਦੇ ਵਿਵਹਾਰ ਅਤੇ ਪ੍ਰਤਿਮਾਨਾ ਨੂੰ ਸਿੱਖਣਾ ਸੱਭਿਆਚਾਰ ਦਾ ਜ਼ਰੂਰੀ ਅੰਗ ਹੈ, ਉਦਾਹਰਨ ਦੇ ਤੌਰ 'ਤੇ ਅਸੀਂ ਵੱਖੋ-ਵੱਖਰੇ ਵਿਅਕਤੀਆਂ ਦਾ ਸਤਿਕਾਰ ਵੀ ਵਖੱਰੇ-ਵਖੱਰੇ ਢੰਗ ਨਾਲ਼ ਕਰਦੇ ਹਾਂ, ਜਿਵੇਂ ਮਿੱਤਰ, ਬਜ਼ੁਰਗ, ਰਿਸ਼ਤੇਦਾਰ ਅਤੇ ਦੂਜੇ ਸਮੂਹਾਂ ਦੇ ਲੋਕ ਆਦਿ। ਇਹ ਸਾਨੂੰ ਸਾਡੇ ਸੱਭਿਆਚਾਰ ਦੁਆਰਾ ਸਿਖਾਇਆ ਜਾਂਦਾ ਹੈ।




ਭਾਰਤ ਵਿੱਚ ਮੌਸਮੀ ਤਿਉਹਾਰ- ਪੰਜਾਬ ਵਿੱਚ ਵਿਸਾਖੀ ਅਤੇ ਬੰਗਾਲ ਵਿੱਚ ਦੁਰਗਾ ਪੂਜਾ

ਜਦੋਂ ਅਸੀਂ ਆਪਣੇ ਆਲ਼ੇ-ਦੁਆਲ਼ੇ ਨਜ਼ਰ ਮਾਰਦੇ ਹਾਂ ਤਾਂ ਅਸੀਂ ਦੇਖਦੇ ਹਾਂ ਕਿ ਮਨੁੱਖ ਦੇ ਤੌਰ ’ਤੇ ਸਾਡੀ ਵਧੇਰੇ ਜ਼ਿੰਦਗੀ ਆਪਣੇ ਦਿਨ ਪ੍ਰਤੀ ਦਿਨ ਦੀ ਅੰਤਰ ਕਿਰਿਆ ਵਿੱਚ ਕਈ ਤਰ੍ਹਾਂ ਦੀਆਂ ਸੱਭਿਆਚਾਰਕ ਉਤਪਾਦਾਂ ਤੋਂ ਪ੍ਰਭਾਵਿਤ ਹੁੰਦੀ ਹੈ, ਜਿਵੇਂ ਕਿ ਟੀ.ਵੀ., ਮੋਬਾਇਲ ਫ਼ੋਨ, ਕੰਪਿਊਟਰ ਅਤੇ ਹੋਰ ਬਿਜਲਈ ਯੰਤਰ। ਇਸ ਲਈ, ਸੱਭਿਆਚਾਰ, ਸਾਡੇ ਜੀਵਨ ਦਾ ਅਟੁੱਟ ਅੰਗ ਹੈ। ਇਹ ਸਾਡੇ ਵਿਵਹਾਰ ਨੂੰ ਆਕਾਰ ਦਿੰਦਾ ਹੈ ਅਤੇ ਅਸੀਂ ਵੀ ਆਪਣੇ ਸੱਭਿਆਚਾਰ ਨੂੰ ਆਕਾਰ ਦਿੰਦੇ ਹਾਂ। ਇਹ ਯਾਦ ਰੱਖਣ ਯੋਗ ਹੈ ਕਿ ਸੱਭਿਆਚਾਰ ਕਦੇ ਵੀ ਸੰਪੂਰਨ ਨਹੀਂ ਹੋ ਸਕਦੇ। ਇਸ ਵਿਚ ਤਬਦੀਲੀ ਆਉਂਦੀ ਹੈ ਅਤੇ ਨਵੇਂ ਤੱਤ ਲਗਾਤਾਰ ਹੀ ਵੱਧਦੇ-ਘੱਟਦੇ ਰਹਿੰਦੇ ਹਨ ਜਾਂ ਉਨ੍ਹਾਂ ਵਿਚ ਵਾਧਾ ਹੁੰਦਾ ਹੈ, ਇਸ ਤਰ੍ਹਾਂ ਸੱਭਿਆਚਾਰ ਸਮਾਜ ਦਾ ਗਤੀਸ਼ੀਲ ਅਤੇ ਕਾਰਜਕਾਰੀ ਅੰਗ ਹੈ। ਦੂਜੇ ਸ਼ਬਦਾਂ ਵਿਚ ਸੱਭਿਆਚਾਰ ਕਦੇ ਨਾ ਖ਼ਤਮ ਹੋਣ ਵਾਲੀ ਨਿਰੰਤਰ ਚੱਲਣ ਵਾਲੀ ਪ੍ਰੀਕਿਰਿਆ ਹੈ।

## ਸੱਭਿਆਚਾਰ ਦਾ ਅਰਥ




19ਵੀਂ ਸਦੀ ਦੇ ਅੰਤ ਤੱਕ, ਮਾਨਵ ਵਿਗਿਆਨੀਆਂ ਨੇ ਸਭ ਤੋਂ ਪਹਿਲਾਂ ਸੱਭਿਆਚਾਰ ਦੇ ਸਿਧਾਂਤ ਦਾ ਪ੍ਰਯੋਗ ਕੀਤਾ। ਸੱਭਿਆਚਾਰ ਸ਼ਬਦ ਅੰਗਰੇਜ਼ੀ ਭਾਸ਼ਾ ਦੇ ਸ਼ਬਦ ‘ਕਲਚਰ’ ਦਾ ਸਮਰੂਪੀ ਹੈ ਜੋ ਲਾਤੀਨੀ ਭਾਸ਼ਾ ਦੇ ਸ਼ਬਦ ‘ਕੋਲੇਅਰ’ ਤੋਂ ਲਿਆ ਗਿਆ ਹੈ ਜਿਸ ਦਾ ਅਰਥ ‘ਵਾਹੀ ਕਰਨਾ’ ਹੈ। ਮਧਕਾਲ਼ੀਨ ਯੂਰਪ ਵਿਚ ਇਸ ਦਾ ਸੰਬੰਧ ਖੇਤੀਬਾੜੀ ਨਾਲ਼ ਸੀ। ਸਮਾਜਿਕ ਮਾਨਵ ਵਿਗਿਆਨ ਵਿਚ ਸੱਭਿਆਚਾਰ ਸ਼ਬਦ ਦਾ ਅਰਥ ‘ਗਿਆਨ’ ਹੈ। ਗਿਆਨ ਤੋਂ ਭਾਵ ਮਨੁੱਖਤਾ ਦੇ ਉਨ੍ਹਾਂ ਪੱਖਾਂ ਤੋਂ ਹੈ ਜਿਹੜੇ ਪ੍ਰਾਕਿਰਤਿਕ ਨਹੀਂ ਹਨ ਬਲਕਿ ਪ੍ਰਾਪਤ ਕੀਤੇ ਜਾਂਦੇ ਹਨ।

### ਸੱਭਿਆਚਾਰ ਦੀਆਂ ਪਰਿਭਾਸ਼ਾਵਾਂ

**ਐਡਵਰਡ ਬੀ. ਟੇਲਰ** ਦੇ ਅਨੁਸਾਰ, ਸੱਭਿਆਚਾਰ ਉਹ ਗੁੰਝਲਦਾਰ ਪੂਰਨਤਾ ਹੈ, ਜਿਸ ਵਿਚ ਗਿਆਨ ਵਿਸ਼ਵਾਸ , ਕਲਾ, ਨੈਤਿਕ ਨਿਯਮ, ਕਾਨੂੰਨ, ਪ੍ਰਥਾ ਅਤੇ ਇਹੋ ਜਿਹੀਆਂ ਕਈ ਹੋਰ ਯੋਗਤਾਵਾਂ ਅਤੇ ਆਦਤਾਂ ਸ਼ਾਮਿਲ ਹਨ, ਜਿਨ੍ਹਾਂ ਨੂੰ ਮਨੁੱਖ ਸਮਾਜ ਦੇ ਮੈਂਬਰ ਹੋਣ ਦੇ ਨਾਤੇ ਪ੍ਰਾਪਤ ਕਰਦਾ ਹੈ।

**ਕਲਾਇਡ ਕਲੋਕੋਹਨ** ਦੇ ਅਨੁਸਾਰ ਸੱਭਿਆਚਾਰ :-

1. ਸੱਭਿਆਚਾਰ ਲੋਕਾਂ ਦਾ ਸੰਪੂਰਨ ਜੀਵਨ ਢੰਗ ਹੈ।
2. ਸਮਾਜਿਕ ਵਿਰਸਾ ਜੋ, ਵਿਅਕਤੀ ਆਪਣੇ ਸਮੂਹਾਂ ਤੋਂ ਪ੍ਰਾਪਤ ਕਰਦਾ ਹੈ।
3. ਸੋਚਣ, ਮਹਿਸੂਸ ਕਰਨ ਅਤੇ ਵਿਸ਼ਵਾਸ ਕਰਨ ਦਾ ਤਰੀਕਾ।
4. ਆਦਰਸ਼ ਰਵੱਈਆ ਜਾਂ ਕੁਦਰਤੀ ਵਰਤਾਓ।
5. ਸਮਾਜਿਕ-ਰਵੱਈਏ ਦੀ ਜਮ੍ਹਾਂ ਪੂੰਜੀ।
6. ਮੌਜੂਦਾ ਸਮੱਸਿਆਵਾਂ ਦਾ ਢੁੱਕਵਾਂ ਜਾਂ ਮਿਆਰੀ ਹੱਲ।
7. ਸੱਭਿਅਕ ਅਤੇ ਸਿੱਖਿਅਤ ਚਾਲ- ਚਲੱਣ।
8. ਰਵੱਈਏ ਨੂੰ ਸੇਧ ਦੇਣ ਵਾਲ਼ੀ ਕਾਰਜਪ੍ਰਣਾਲੀ।
9. ਤਕਨੀਕਾਂ ਦਾ ਉਹ ਸਮੂਹ, ਜਿਹੜਾ ਕਿ ਬਾਹਰੀ ਵਾਤਾਵਰਨ ਅਤੇ ਦੂਜੇ ਸਮੂਹਾਂ ਨਾਲ਼ ਲੋਕਾਂ ਨੂੰ ਜੋੜਦਾ ਹੈ।

ਇੱਕ ਸਮਾਜ ਦਾ ਸੱਭਿਆਚਾਰ, ਦੂਜੇ ਸਮਾਜ ਦੇ ਸੱਭਿਆਚਾਰ ਨਾਲ਼ੋਂ ਭਿੰਨ ਹੁੰਦਾ ਹੈ ਅਤੇ ਹਰ ਸੱਭਿਆਚਾਰ ਦੀਆਂ ਆਪਣੀਆਂ ਵਿਸ਼ੇਸ਼ਤਾਵਾਂ, ਕਦਰਾਂ-ਕੀਮਤਾਂ ਅਤੇ ਆਪਣੇ ਪਰਿਮਾਪ ਹੁੰਦੇ ਹਨ। ਸਮਾਜਿਕ ਪਰਿਮਾਪ ਸਮਾਜ ਦੁਆਰਾ ਪ੍ਰਮਾਣਿਤ ਵਿਵਹਾਰ ਦੇ ਉਹ ਢੰਗ ਹਨ ਜਦੋਂ ਕਿ ਸਮਾਜਿਕ ਕਦਰਾਂ- ਕੀਮਤਾਂ ਦਾ ਭਾਵ 'ਕੀ ਕਰਨਾ ਚਾਹੀਦਾ ਹੈ ਤੇ ਕੀ ਨਹੀਂ ਕਰਨਾ ਚਾਹੀਦਾ', ਦੀ ਮਾਨਤਾ ਨਾਲ਼ ਸੰਬੰਧਿਤ ਹੈ। ਉਦਾਹਰਨ ਦੇ ਤੌਰ 'ਤੇ, ਇੱਕ ਸੱਭਿਆਚਾਰ/ਸਮਾਜ ਦੇ ਵਿੱਚ ਮਹਿਮਾਨ ਨਿਵਾਜ਼ੀ ਉੱਚ ਸਮਾਜਿਕ ਕੀਮਤ ਹੈ, ਜਦੋਂ ਕਿ ਦੂਸਰੇ ਸਮਾਜ/ਸੱਭਿਆਚਾਰ ਵਿੱਚ ਅਜਿਹਾ ਨਹੀਂ ਹੁੰਦਾ। ਇਸੇ ਤਰ੍ਹਾਂ ਕਈ ਸਮਾਜਾਂ ਵਿਚ ਬਹੁ-ਵਿਆਹ, ਸੱਭਿਅ ਰੂਪ ਹੈ ਜਦੋਂ ਕਿ ਕਈ ਸਮਾਜਾਂ ਵਿੱਚ ਇਸਨੂੰ ਉੱਚਿਤ ਪ੍ਰਥਾ ਨਹੀਂ ਸਮਝਿਆ ਜਾਂਦਾ।


ਸੱਭਿਆਚਾਰ ਦੇ ਕੁੱਝ ਅਜਿਹੇ ਤੱਤ ਹਨ, ਜਿਨ੍ਹਾਂ ਦੇ ਨਾਲ਼ ਸੱਭਿਆਚਾਰ ਦੀ ਰੂਪਰੇਖਾ ਉਲੀਕੀ ਜਾਂਦੀ ਹੈ। ਇਹ ਸਾਰੇ ਤੱਤ ਸੱਭਿਆਚਾਰ ਦੀ ਪਹਿਚਾਣ ਨੂੰ ਆਕਾਰ ਦਿੰਦੇ ਹਨ। ਇਨ੍ਹਾਂ ਨੂੰ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ- ਭੌਤਿਕ ਅਤੇ ਅਭੌਤਿਕ।

ਭੌਤਿਕ ਸੱਭਿਆਚਾਰ ਅਧੀਨ ਸੱਭਿਆਚਾਰਕ ਚੀਜ਼ਾਂ, ਭੌਤਿਕ ਚੀਜ਼ਾਂ ਅਤੇ ਅਭੌਤਿਕ ਸੱਭਿਆਚਾਰ ਅਧੀਨ ਗਿਆਨ, ਵਿਸ਼ਵਾਸ ਜੋ ਕਿ ਮਨੁੱਖ ਜਨਮ ਤੋਂ ਵਿਰਾਸਤ ਵਿੱਚ ਗ੍ਰਹਿਣ ਕਰਦਾ ਹੈ ਅਤੇ ਜਿਹੜੇ ਵਿਅਕਤੀ ਦੇ ਸਮਾਜਿਕ ਵਿਵਹਾਰ ਨੂੰ ਪ੍ਰਭਾਵਿਤ ਕਰਦੇ ਹਨ। ਇਸ ਤੋਂ ਇਲਾਵਾ ਰੀਤੀ ਰਿਵਾਜ, ਪਰਿਮਾਪ, ਕੀਮਤਾਂ ਵੀ ਵਿਅਕਤੀ ਦੇ ਸਮਾਜਿਕ ਵਿਵਹਾਰ ਨੂੰ ਪ੍ਰਭਾਵਿਤ ਕਰਨ ਵਿੱਚ ਮਹੱਤਵਪੂਰਨ

ਭੂਮਿਕਾ ਨਿਭਾਉਂਦੀਆਂ ਹਨ। ਭੌਤਿਕ ਤੱਤਾਂ ਵਿੱਚ ਅਸੀਂ ਵਾਸਤਵਿਕ ਸੱਭਿਆਚਾਰਕ ਉਤਪਾਦਾਂ ਨੂੰ ਸ਼ਾਮਿਲ ਕਰ ਸਕਦੇ ਹਾਂ ।

**ਗਤੀਵਿਧੀ 5.1**

1. ਆਪਣੇ ਸੱਭਿਆਚਾਰ ਵਿਚੋਂ ਖਾਣ-ਪੀਣ, ਪਹਿਰਾਵਾ, ਸੰਗੀਤ, ਰੀਤੀ-ਰਿਵਾਜ ਆਦਿ ਬਾਰੇ ਜਾਣਕਾਰੀ ਹਾਸਿਲ ਕਰੋ ਜੋ ਤੁਹਾਡੇ ਰੋਜ਼ਾਨਾ ਜੀਵਨ ਨੂੰ ਪ੍ਰਭਾਵਿਤ ਕਰਦੇ ਹਨ।
2. ਸੱਭਿਆਚਾਰ ਗੀਤਾਂ ਦੀ ਸੂਚੀ ਬਣਾ ਕੇ ਆਪਣੀ ਜਮਾਤ ਵਿਚ ਵਿਚਾਰ-ਵਟਾਂਦਰਾ ਕਰੋ।




## ਰੀਤੀ ਰਿਵਾਜ ਅਤੇ ਪਰੰਪਰਾਵਾਂ

ਸਮਾਜਿਕ ਵਿਵਹਾਰ ਜੋ ਸੰਗਠਿਤ ਹੈ ਅਤੇ ਵਾਰ-ਵਾਰ ਦੁਹਰਾਇਆ ਜਾਂਦਾ ਹੈ। ਇਸ ਵਿੱਚ ਵਰਤਾਓ ਦੇ ਨਿਰੰਤਰ ਅਤੇ ਵਿਵਸਥਿਤ ਤਰੀਕੇ ਸ਼ਾਮਿਲ ਹੁੰਦੇ ਹਨ। ਪਰੰਪਰਾਵਾਂ ਅਤੇ ਰੀਤੀ ਰਿਵਾਜ ਇੱਕ ਸਮਾਜ ਤੋਂ ਦੂਜੇ ਸਮਾਜ ਅਤੇ ਇੱਕ ਸੱਭਿਆਚਾਰ ਤੋਂ ਦੂਜੇ ਸੱਭਿਆਚਾਰ, ਇਕ ਸਮੇਂ ਤੋਂ ਦੂਜੇ ਸਮੇਂ ਅਤੇ ਇਕ ਸਥਾਨ ਤੋਂ ਦੂਜੇ ਸਥਾਨ ਤੱਕ ਭਿੰਨ ਹੁੰਦੇ ਹਨ। ਲੋਕ ਇਨ੍ਹਾਂ ਰੀਤੀ ਰਿਵਾਜ਼ਾਂ ਦੇ ਅਨੁਸਾਰ ਵਿਵਹਾਰ ਕਰਦੇ ਹਨ ਕਿਉਂਕਿ ਸਮੂਹ ਤੇ ਸਮਾਜ 'ਤੇ ਇਸਦਾ ਪ੍ਰਭਾਵ ਹੁੰਦਾ ਹੈ। ਉਦਾਹਰਨ ਦੇ ਤੌਰ 'ਤੇ ਸਤਿਕਾਰ ਪ੍ਰਗਟ ਕਰਨ ਲਈ ਭਾਰਤ ਵਿੱਚ ਲੋਕ ਹੱਥ ਜੋੜਦੇ ਹਨ, ਜਦੋਂ ਕਿ ਪੱਛਮੀ ਸਮਾਜ ਵਿੱਚ ਲੋਕ ਆਪਣੀ ਕੁਰਸੀ ਤੋਂ ਉੱਠਕੇ ਹੱਥ ਮਿਲਾਉਂਦੇ ਹਨ। ਦੋਨੋਂ ਹੀ ਕਿਸਮਾਂ ਦੀਆਂ ਕਿਰਿਆਵਾਂ ਸਤਿਕਾਰ ਪ੍ਰਗਟ ਕਰਨ ਨਾਲ਼ ਸੰਬੰਧ ਰੱਖਦੀਆਂ ਹਨ, ਜੋ ਕਿ ਵੱਖਰੇ ਸੱਭਿਆਚਾਰਾਂ ਵਿੱਚ ਵੱਖਰੀਆਂ-ਵੱਖਰੀਆਂ ਹਨ।

ਪਰੰਪਰਾ ਇਕ ਅਜਿਹਾ ਵਿਸ਼ਵਾਸ ਜਾਂ ਵਿਵਹਾਰ ਹੈ ਜੋ ਸਮਾਜ ਜਾਂ ਸਮੂਹ ਦੇ ਅੰਤਰਗਤ ਵਿਸ਼ੇਸ਼ ਮਹੱਤਵ ਰੱਖਦੀ ਹੈ, ਜਿਸ ਦਾ ਨਿਕਾਸ ਬੀਤੇ ਸਮੇਂ ਵਿੱਚ ਹੋਇਆ ਹੈ । ਹਰੇਕ ਸਮਾਜ ਵਿਸ਼ੇਸ਼

ਅਵਸਥਾ ਵਿੱਚ ਵਿਵਹਾਰ ਦੀ ਸਥਿਤੀ ਨੂੰ ਵਿਕਸਿਤ ਕਰਦਾ ਹੈ। ਉਦਾਹਰਨ ਦੇ ਤੌਰ 'ਤੇ ਹਿੰਦੂ ਅਤੇ ਸਿੱਖ ਦੀਵਾਲ਼ੀ ਦੇ ਮੌਕੇ 'ਤੇ ਦੀਪ ਮਾਲਾ ਕਰਦੇ ਹਨ ਅਤੇ ਮਿਠਾਈਆਂ ਤਿਆਰ ਕਰਦੇ ਹਨ। ਸਿੱਖ ਅਜਿਹਾ ਗੁਰਪੁਰਬ ਦੇ ਮੌਕੇ 'ਤੇ ਵੀ ਕਰਦੇ ਹਨ। ਮੁਸਲਿਮ ਮਸਜਿਦ ਵਿੱਚ ਨਮਾਜ਼ ਅਦਾ ਕਰਦੇ ਹਨ ਅਤੇ ਈਦ ਮਨਾਉਂਦੇ ਹਨ। ਇਸਾਈ ਕ੍ਰਿਸਮਸ ਦੇ ਮੌਕੇ 'ਤੇ ਦੂਜਿਆਂ ਦੇ ਘਰ ਜਾ ਕੇ ਤੋਹਫ਼ੇ ਦਿੰਦੇ ਹਨ। ਇਹ ਜਸ਼ਨ ਮੌਕੇ ਦੀ ਸ਼ਾਨ ਨੂੰ ਵਧਾਉਂਦੇ ਹਨ। ਇਹ ਸਭ ਪਰੰਪਰਾਵਾਂ ਹਨ। ਪਰੰਪਰਾਵਾਂ ਬਹੁਤ ਪੁਰਾਣੇ ਰੀਤੀ ਰਿਵਾਜ ਹਨ, ਜੋ ਲੰਬੇ ਸਮੇਂ ਤੋਂ ਵਿਸ਼ੇਸ ਮੌਕਿਆਂ 'ਤੇ ਕੀਤੇ ਜਾਂਦੇ ਹਨ। ਰੀਤੀ- ਰਿਵਾਜ ਵਿਅਕਤੀ ਦੇ ਦੈਨਿਕ ਵਿਵਹਾਰ ਨਾਲ਼ ਸੰਬੰਧਿਤ ਹੈ ਜਦੋਂ ਕਿ ਪਰੰਪਰਾਵਾਂ ਵਿਸ਼ੇਸ ਮੌਕਿਆਂ ਨਾਲ਼ ਸੰਬੰਧ ਰੱਖਦੀਆਂ ਹਨ। ਜਦੋਂ ਕਿਸੇ ਰਾਜ ਦਾ ਮੁਖੀ ਦੂਜੇ ਦੇਸ਼ ਵਿੱਚ ਰਸਮੀ ਤੌਰ 'ਤੇ ਜਾਂਦਾ ਹੈ ਤਾਂ ਇਹ ਪਰੰਪਰਾ ਹੈ ਕਿ ਉੱਚ ਪਦਵੀ ਵਾਲ਼ਾ ਵਿਅਕਤੀ ਮੇਜ਼ਬਾਨ ਦੇਸ਼ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੰਦਾ ਹੈ। ਜਿਵੇਂ ਕਿ ਜਦੋਂ ਕਿਸੇ ਰਾਜ ਦਾ ਮੁਖੀ ਭਾਰਤ ਵਿੱਚ ਆਉਂਦਾ ਹੈ ਤਾਂ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਨੂੰ ਸ਼ਰਧਾਂਜਲੀ ਦੇਣ ਲਈ 'ਰਾਜ ਘਾਟ' ਜਾਂਦਾ ਹੈ। ਇਸ ਪ੍ਰਕਾਰ ਸਮਾਜ ਦੁਆਰਾ ਪਰੰਪਰਾਵਾਂ ਦਾ ਅਵਲੋਕਨ ਕੀਤਾ ਜਾਂਦਾ ਹੈ, ਜਿਹੜੇ ਵਿਅਕਤੀ ਇਹਨਾਂ ਪਰੰਪਰਾਵਾਂ ਨੂੰ ਅੱਖੋਂ-ਪਰੋਖੇ ਕਰਦੇ ਹਨ, ਸਮਾਜ ਉਨ੍ਹਾਂ ਦੀ ਆਲੋਚਨਾ ਕਰਦਾ ਹੈ।

## ਸਮਾਜਿਕ ਪਰਿਮਾਪ

ਪਰਿਮਾਪ ਸੱਭਿਆਚਾਰ ਦਾ ਇੱਕ ਮਹੱਤਵਪੂਰਨ ਤੱਤ ਹੈ। ਹਰੇਕ ਸਮਾਜ ਉਸ ਵਿੱਚ ਰਹਿਣ ਵਾਲੇ ਮੈਂਬਰਾਂ ਤੋਂ ਉਮੀਦ ਕਰਦਾ ਹੈ ਕਿ ਉਹਨਾਂ ਨੂੰ ਕਿਸ ਤਰ੍ਹਾਂ ਦਾ ਵਿਵਹਾਰ ਕਰਨਾ ਚਾਹੀਦਾ ਹੈ ਅਤੇ ਕਿਸ ਤਰ੍ਹਾਂ ਦਾ ਨਹੀਂ ਪਰਿਮਾਪ ਇੱਕ ਤਰ੍ਹਾਂ ਦੀ ਵਿਵਹਾਰ ਦੀ ਉਮੀਦ ਦੀ ਰੂਪ-ਰੇਖਾ ਹਨ। ਸਮਾਜਿਕ ਪਰਿਮਾਪ ਮਨੁੱਖ ਦੇ ਕਿਸੇ ਸਮੂਹ ਦਾ ਮੈਂਬਰ ਹੋਣ ਨਾਤੇ ਉਸਦੇ ਵਿਵਹਾਰ ਨੂੰ ਨਿਯਮਿਤ ਕਰਦੇ ਹਨ। ਇਹ ਉਹ ਮਾਪਦੰਡ ਹਨ, ਜੋ ਕਿ ਸਮੂਹ ਨੂੰ ਇਹ ਦੱਸਦੇ ਹਨ ਕਿ ਕਿਹੜੀਆਂ ਰੀਤਾਂ, ਕੀਮਤਾਂ, ਵਿਵਹਾਰ ਠੀਕ ਹਨ ਤੇ ਕਿਹੜੀਆਂ ਗ਼ਲਤ ਹਨ। ਹਰ ਕਿਰਿਆ ਜਿਹੜੀ ਵਿਅਕਤੀ ਨਾਲ਼ ਸੰਬੰਧਿਤ ਹੈ ਚਾਹੇ ਉਹ ਉੱਠਣ-ਬੈਠਣ, ਖੜ੍ਹੇ ਹੋਣ, ਚੱਲਣ-ਫਿਰਨ, ਗੱਲ-ਬਾਤ ਕਰਨ, ਖਾਣ-ਪੀਣ ਅਤੇ ਪਹਿਨਣ ਦੀ ਹੋਵੇ ਉਹ ਪਰਿਮਾਪਾਂ ਦੁਅਰਾ ਨਿਰਧਾਰਿਤ ਕੀਤੀ ਜਾਂਦੀ ਹੈ। ਪਰਿਮਾਪ ਸਮੇਂ ਨਾਲ਼ ਬਦਲਦੇ ਰਹਿੰਦੇ ਹਨ ਅਤੇ ਹਰ ਸਮਾਜ ਵਿੱਚ ਭਿੰਨ ਤਰ੍ਹਾਂ ਦੇ ਪਰਿਮਾਪ ਪਾਏ ਜਾਂਦੇ ਹਨ। ਕੁਝ ਵਿਵਹਾਰਾਂ ਨੂੰ ਕਿਸੇ ਹੱਦ ਤੱਕ ਮੁਆਫ਼ ਕੀਤਾ ਜਾ ਸਕਦਾ ਹੈ। ਉਹ ਵਿਅਕਤੀ 'ਤੇ ਸਮਾਜ ਦੇ ਦਬਾਅ ਉੱਪਰ ਨਿਰਧਾਰਿਤ ਹੁੰਦੇ ਹਨ। ਸਮਾਜ, ਨਿਯਮਾਂ ਦੇ ਪਾਲਣ ਲਈ, ਕਈ ਤਰੀਕਿਆਂ ਨਾਲ਼ ਲੋਕਾਂ ਨੂੰ ਉਤਸ਼ਾਹਿਤ ਕਰਦਾ ਹੈ। ਇਹਨਾਂ ਵਿਚੋਂ ਪ੍ਰਮਾਣਿਤ ਅਤੇ ਅਪ੍ਰਮਾਣਿਤ ਦੀ ਵਿਆਖਿਆ ਕਰਨ ਵਾਲ਼ੇ ਪਰਿਮਾਪ ਉਹ ਹਨ ਜਿਨ੍ਹਾਂ ਰਾਹੀਂ

ਸਮਾਜਿਕ ਨਿਯਮਾਂ ਦਾ ਨਿਰੀਖਣ ਅਤੇ ਵਿਅਕਤੀਆਂ ਦੇ ਵਿਚਾਰ ਨੂੰ ਨਿਯਮਤ ਕੀਤਾ ਜਾਂਦਾ ਹੈ। ਪ੍ਰਤੀਬੰਧ ਸਕਾਰਾਤਮਕ ਜਾਂ ਨਕਾਰਾਤਮਕ ਦੋਵੇਂ ਹੁੰਦੇ ਹਨ। ਸਕਾਰਾਤਮਕ ਪ੍ਰਤੀਬੰਧ ਵਿੱਚ ਵਿਵਹਾਰ ਦੀ ਤਾਰੀਫ਼ ਜਾਂ ਸਨਮਾਨ ਕੀਤਾ ਜਾਂਦਾ ਹੈ। ਇਹ ਇੱਕ ਖਾਸ ਤਰ੍ਹਾਂ ਦੇ ਵਿਵਹਾਰ ਨੂੰ ਉਤਸ਼ਾਹਿਤ ਕਰਦੇ ਹਨ। ਦੂਸਰੇ ਪਾਸੇ ਵਿਅਕਤੀ ਦਾ ਵਿਵਹਾਰ ਨਕਾਰਾਤਮਕ ਪ੍ਰਤੀਬੰਧ ਨਾਲ਼ ਵੀ ਕਾਬੂ ਕੀਤਾ ਜਾਂਦਾ ਹੈ, ਜਿਵੇਂ ਕਿ ਕੋਈ ਵਿਅਕਤੀ ਇਨ੍ਹਾਂ ਨੂੰ ਤੋੜਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਨੂੰ ਸਮਾਜ ਦੁਆਰਾ ਸਜ਼ਾ ਦਿੱਤੀ ਜਾ ਸਕਦੀ ਹੈ। ਨਕਾਰਾਤਮਕ ਇੱਕ ਤਰ੍ਹਾਂ ਦੇ ਉਹ ਪ੍ਰਤੀਬੰਧ ਹਨ ਜਿਹੜੇ ਕਿ ਸਮਾਜ ਵਿੱਚ ਰਹਿੰਦੇ ਮਨੁੱਖਾਂ ਨੂੰ ਇੱਕ ਖਾਸ ਤਰ੍ਹਾਂ ਦੇ ਵਿਵਹਾਰ ਪ੍ਰਤੀ ਸੁਚੇਤ ਕਰਦੇ ਹਨ।

## ਸਮਾਜਿਕ ਕਦਰਾਂ-ਕੀਮਤਾਂ

ਸਮਾਜਿਕ ਕਦਰਾਂ–ਕੀਮਤਾਂ ਵਿਵਹਾਰ ਦਾ ਇਛੁੱਕ ਰੂਪ ਹੁੰਦੀਆਂ ਹਨ। ਹਰ ਸੱਭਿਆਚਾਰ ਦੀਆਂ ਕੁਝ ਅਨਮੋਲ ਕੀਮਤਾਂ ਹੁੰਦੀਆਂ ਹਨ ਜਿਹੜੀਆਂ ਲਮੇਂ ਸਮੇਂ ਤੱਕ ਵਿਸ਼ਵਾਸ ਅਤੇ ਆਦਰਸ਼ ਦੇ ਰੂਪ ਵਿਚ ਬਾਕੀ ਮੈਂਬਰਾਂ ਵਿਚ ਸਵਿਕਾਰੀਆਂ ਜਾਂ ਨਕਾਰੀਆਂ ਜਾਂਦੀਆਂ ਹਨ। ਉਦਾਹਰਨ ਲਈ ਪੁਰਾਤਨ ਭਾਰਤੀ ਸਮਾਜ ਦੀਆਂ ਅਨਮੋਲ ਕੀਮਤਾਂ, ਜਿਵੇਂ ਕਿ ਹੋਰ ਸੰਸਾਰੀ ਵਸਤੂਆਂ ਤੋਂ ਨਿਰਲੇਪ ਹੋਣਾ ਅਤੇ ਚਾਰ ਪੁਰਸ਼ਾਰਥ –ਧਰਮ, ਅਰਥ , ਕਾਮ ਤੇ ਮੋਕਸ਼ ਦੀ ਪ੍ਰਾਪਤੀ ਤੋਂ ਹੈ। ਆਧੁਨਿਕ ਭਾਰਤ ਵਿਚ ਮੁੱਖ ਕੀਮਤਾਂ–ਲੋਕਤੰਤਰੀ ਵਿਵਸਥਾ, ਨਿਆਂ, ਸਮਾਨਤਾ ਅਤੇ ਧਰਮ ਨਿਰਪੱਖਤਾ ਹਨ, ਵਿਭਿੰਨ ਸਮਾਜਾਂ ਦੀਆਂ ਵੱਖਰੀਆਂ ਅਤੇ ਆਪਣੀਆਂ ਕੀਮਤਾਂ ਹੁੰਦੀਆਂ ਹਨ। ਛੋਟੇ ਸਮੂਹ ਕਿਸੇ ਖ਼ਾਸ ਕੀਮਤਾਂ 'ਤੇ ਜ਼ੋਰ ਦੇ ਸਕਦੇ ਹਨ ਜਦੋਂ ਕਿ ਵੱਡੇ ਸਮੂਹ ਸਰਵ ਵਿਆਪਕ ਕੀਮਤਾਂ 'ਤੇ।

## ਸੱਭਿਆਚਾਰ ਦੀਆਂ ਵਿਸ਼ੇਸ਼ਤਾਵਾਂ

ਸਮਾਜ ਸ਼ਾਸਤਰੀਆਂ ਅਤੇ ਸਮਾਜਿਕ ਮਾਨਵ ਸ਼ਾਸਤਰੀਆਂ ਨੇ ਸੱਭਿਆਚਾਰ ਦੀਆਂ ਵਿਭਿੰਨ ਕਿਸਮਾਂ ਦਾ ਵਰਣਨ ਕੀਤਾ ਹੈ। ਪਰ ਸੱਭਿਆਚਾਰ ਨੂੰ ਸਮਝਣ ਲਈ ਹੇਠ ਅਨੁਸਾਰ ਵਿਸ਼ੇਸ਼ਤਾਵਾਂ ਨੂੰ ਸਮਝਣਾ ਜ਼ਰੂਰੀ ਹੈ।

1. **ਸੱਭਿਆਚਾਰ ਸਿੱਖਿਅਤ ਵਿਵਹਾਰ ਹੈ** : ਸੱਭਿਆਚਾਰ ਸਿੱਖਿਆ ਹੋਇਆ ਵਿਵਹਾਰ ਹੈ। ਇਸ ਨੂੰ ਮਨੁੱਖ ਉਸ ਸਮਾਜ ਤੋਂ ਪ੍ਰਾਪਤ ਕਰਦਾ ਹੈ ਜਿਸ ਵਿੱਚ ਉਸਦਾ ਪਾਲਣ ਪੋਸ਼ਣ ਹੁੰਦਾ ਹੈ। ਇਹ ਇਕ ਪੀੜ੍ਹੀ ਦੀ ਸਿਆਣਪ ਅਤੇ ਸਮਝ, ਦੂਜੀ ਪੀੜ੍ਹੀ ਨੂੰ ਇੱਕ ਪ੍ਰਕਿਰਿਆ ਦੁਆਰਾ ਦਿੱਤੀ ਜਾਂਦੀ ਹੈ, ਜਿਸਨੂੰ ਸਮਾਜੀਕਰਨ ਕਹਿੰਦੇ ਹਨ। ਇਸ ਪ੍ਰਕਿਰਿਆ ਵਿੱਚ ਵਿਅਕਤੀ ਨੂੰ ਆਪਣੇ ਸੱਭਿਆਚਾਰ ਦਾ ਗਿਆਨ ਹੋਣਾ ਜ਼ਰੂਰੀ ਹੈ ਤਾਂ ਜੋ ਉਹ ਸਮਾਜ ਦਾ ਮੈਂਬਰ ਬਣਿਆ ਰਹੇ। ਇਹ ਕੇਵਲ ਸਰੀਰਕ ਕਿਰਿਆਵਾਂ ਜਿਵੇਂ

ਕਿ ਭੋਜਨ, ਜੋ ਅਸੀਂ ਖਾਂਦੇ ਹਾਂ, ਕੱਪੜੇ ਜੋ ਅਸੀਂ ਪਹਿਨਦੇ ਹਾਂ ਅਤੇ ਭਾਸ਼ਾ ਜੋ ਅਸੀਂ ਬੋਲਦੇ ਹਾਂ ਤੱਕ ਹੀ ਸੀਮਤ ਨਹੀਂ ਹੈ। ਸੱਭਿਆਚਾਰ ਵਿਚ ਕੀਮਤਾਂ, ਪਰਿਮਾਪ, ਰਵਾਇਤਾਂ, ਨੈਤਿਕਤਾ ਤੋਂ ਇਲਾਵਾ ਮਾਨਸਿਕ ਅਤੇ ਸਰੀਰਕ ਪਹਿਲੂ ਵੀ ਸ਼ਾਮਿਲ ਹਨ। ਸੱਭਿਆਚਾਰ ਉੱਤੇ ਕਿਸੇ ਇੱਕ ਵਿਅਕਤੀ ਦਾ ਅਧਿਕਾਰ ਨਹੀਂ ਹੁੰਦਾ। ਇਹ ਪ੍ਰਾਪਤ ਕੀਤੇ ਹੋਏ ਜਾਂ ਸਿੱਖੇ ਹੋਏ ਵਿਵਹਾਰ ਦਾ ਤਰੀਕਾ ਹੈ। ਇਹ ਤਜ਼ਰਬੇ ਨਾਲ ਨਕਲ, ਸੰਚਾਰ, ਵਿਚਾਰਾਂ ਦੀ ਅਦਲਾ-ਬਦਲੀ, ਵਿਚਾਰਧਾਰਾ ਅਤੇ ਸਮਾਜੀਕਰਨ ਦੀ ਪ੍ਰਕਿਰਿਆ ਦੁਆਰਾ ਸਿੱਖਿਆ ਜਾਂਦਾ ਹੈ।

2. **ਸੱਭਿਆਚਾਰ ਇੱਕ ਜੀਵਨ ਪੱਧਤੀ ਹੈ** : ਸੱਭਿਆਚਾਰ ਜੀਵਨ ਪੱਧਤੀ ਦਾ ਨਿਰਮਾਣ ਕਰਦਾ ਹੈ, ਜਿਸ ਤੋਂ ਬਿਨਾਂ ਜਿਉਂਦੇ ਰਹਿਣਾ ਜਾਂ ਜੀਵਨ ਦਾ ਗੁਜ਼ਾਰਾ ਕਰਨਾ ਮੁਸ਼ਕਿਲ ਹੈ। ਉਦਾਹਰਨ ਦੇ ਤੌਰ 'ਤੇ ਦੂਸਰੇ ਦੇਸ਼ ਦਾ ਸਫਰ ਕਰਨ ਅਤੇ ਉਥੋਂ ਦੀ ਜੀਵਨ ਸ਼ੈਲੀ ਅਪਨਾਉਣ ਸਮੇਂ ਅਸੀਂ ਔਖ ਮਹਿਸੂਸ ਕਰਦੇ ਹਾਂ। ਭਿੰਨ ਸੱਭਿਆਚਾਰਕ ਪਿਛੋਕੜ ਹੋਣ ਕਾਰਨ ਨਵੇਂ ਸੱਭਿਆਚਾਰ ਨੂੰ ਅਪਣਾਉਣਾ ਮੁਸ਼ਕਿਲ ਹੋ ਜਾਂਦਾ ਹੈ। ਇਹ ਇਸ ਲਈ ਹੁੰਦਾ ਹੈ ਕਿਉਂਕਿ ਸਾਰੇ ਸੱਭਿਆਚਾਰ ਸਮਾਨ ਨਹੀਂ ਹੁੰਦੇ, ਹਰ ਸਮਾਜ ਦਾ ਅਲੱਗ ਸੱਭਿਆਚਾਰ ਹੈ।

3. **ਸੱਭਿਆਚਾਰ ਵਿਚ ਬੋਧ ਤੱਤ ਹੁੰਦਾ ਹੈ** : ਹਰ ਸੱਭਿਆਚਾਰ ਵਿਚ ਜ਼ਿਆਦਾ ਜਾਂ ਘੱਟ ਬੋਧ ਤੱਤ ਹੁੰਦੇ ਹਨ। ਬੋਧ ਇਕ ਮਾਨਸਿਕ ਕਿਰਿਆ ਹੈ ਜਿਸ ਵਿਚ ਜਾਗਰੂਕਤਾ, ਸਹਿਜ, ਧਾਰਨਾ, ਤਰਕ ਅਤੇ ਨਿਰਣਾ ਕਰਨ ਵਰਗੇ ਤੱਤ ਮੌਜੂਦ ਹੁੰਦੇ ਹਨ। ਇਹ ਬੌਧ ਅਤੇ ਗਿਆਨ ਦੀ ਪੇਸ਼ਕਾਰੀ ਮਿੱਥਾਂ, ਸਾਹਿਤ, ਕਲਾ, ਧਰਮ ਅਤੇ ਵਿਗਿਆਨਿਕ ਸਿਧਾਂਤ ਵਿੱਚ ਹੋਈ ਹੈ। ਸਾਹਿਤ ਵਿੱਚ ਵਿਚਾਰਾਂ ਦੀ ਪੇਸ਼ਕਾਰੀ ਰਾਹੀਂ ਇਸ ਬੁੱਧੀਵਾਦੀ ਵਿਰਾਸਤ ਨੂੰ, ਅਗਲੀ ਪੀੜ੍ਹੀ ਲਈ ਪੁਸਤਕਾਂ ਲਈ ਰਿਕਾਰਡ ਕੀਤਾ ਤੇ ਸਾਂਭਿਆ ਜਾਂਦਾ ਹੈ। ਵਿਚਾਰ ਅਜਿਹੇ ਗਿਆਨ (ਸਿੱਖਿਆ, ਨਿਪੁੰਨਤਾ ਆਦਿ) ਅਤੇ ਸੱਭਿਆਚਾਰ ਦੇ ਪ੍ਰਤੀ ਲੋਕਾਂ ਦਾ ਸਰਬਵਿਆਪਕ ਦ੍ਰਿਸ਼ਟੀਕੋਣ ਦਾ ਨਿਰਮਾਣ ਕਰਦੇ ਹਨ। ਸਿੱਖਿਅਤ ਸਮਾਜ ਵਿਚ ਵਿਚਾਰਾਂ ਨੂੰ ਕਿਤਾਬਾਂ ਅਤੇ ਦਸਤਾਵੇਜ਼ਾਂ ਵਿੱਚ ਲਿਖਿਆ ਜਾਂਦਾ ਹੈ ਅਤੇ ਇਸ ਨੂੰ ਲਾਇਬਰੇਰੀਆਂ ਅਤੇ ਪੁਰਾਲੇਖ ਭਵਨਾਂ ਵਿੱਚ ਸੰਭਾਲ ਕੇ ਰੱਖਿਆ ਜਾਂਦਾ ਹੈ। ਅਸਿੱਖਿਅਤ ਸਮਾਜਾਂ ਵਿੱਚ ਲੋਕ ਕਥਾਵਾਂ ਨੂੰ ਮੂੰਹ ਜ਼ੁਬਾਨੀ ਯਾਦ ਰੱਖਦੇ ਹਨ। ਉਦਾਹਰਨ ਦੇ ਤੌਰ 'ਤੇ ਭਾਰਤ ਵਿੱਚ ਸਮਰਿਤੀ ਤੇ ਸ਼ਰੁਤੀ ਪਰੰਪਰਾਵਾਂ ਦਾ ਸੰਚਾਰਨ ਮੌਖਿਕ ਰੂਪ 'ਤੇ ਅਧਾਰਿਤ ਹੈ।

4. **ਸੱਭਿਆਚਾਰ ਸਾਂਝਾ ਹੁੰਦਾ ਹੈ** : ਸੱਭਿਆਚਾਰ ਦੇ ਤੱਤ ਆਮ ਤੌਰ 'ਤੇ ਸਾਂਝੇ ਹੁੰਦੇ ਹਨ, ਅਸੀਂ ਇਨ੍ਹਾਂ ਨੂੰ ਸਮੂਹ ਦੇ ਦੂਜੇ ਮੈਂਬਰਾਂ ਨਾਲ਼ ਵੰਡਦੇ ਹਾਂ। ਇਸ ਪ੍ਰਕਾਰ ਅਸੀਂ ਚੰਗੇ ਪ੍ਰਕਾਰ ਦਾ ਵਿਵਹਾਰ ਕਰਨ

ਦੇ ਯੋਗ ਹੋ ਜਾਂਦੇ ਹਾਂ ਅਤੇ ਭਵਿੱਖਬਾਣੀ ਕਰ ਸਕਦੇ ਹਾਂ ਕਿ ਸੰਸਾਰ ਵਿਚ, ਇਹੋ ਜਿਹੇ ਸਮਾਜ ਵੀ ਹਨ ਜਿੱਥੇ ਮਿਲ਼ਿਆ-ਜੁਲ਼ਿਆ ਸੱਭਿਆਚਾਰ ਹੈ ਜਿਸ ਦਾ ਕਾਰਨ ਹੈ ਵਿਸਤਾਰ।

ਉਦਾਹਰਨ ਦੇ ਤੌਰ ’ਤੇ ਅਮਰੀਕਾ ਵਿੱਚ ਕਈ ਤਰ੍ਹਾਂ ਦਾ ਸੱਭਿਆਚਾਰ ਹੈ। ਜਿਵੇਂ ਕਿ ਯੂਰਪੀ, ਏਸ਼ੀਅਨ, ਅਫਰੀਕਨ ਅਤੇ ਦੇਸੀ ਸੱਭਿਆਚਾਰ, ਇਹ ਸਭ ਇੱਕਠੇ ਹੋ ਕੇ ਭਿੰਨ ਪ੍ਰਕਾਰ ਦੇ ਸੱਭਿਆਚਾਰ ਨੂੰ ਜਨਮ ਦਿੰਦੇ ਹਨ।

5. **ਸੱਭਿਆਚਾਰ ਪ੍ਰਤੀਕਾਂ ’ਤੇ ਅਧਾਰਿਤ ਹੁੰਦਾ ਹੈ:** ਹਰ ਸੱਭਿਆਚਾਰ ਦੇ ਆਪਣੇ ਪ੍ਰਤੀਕ ਅਤੇ ਚਿੰਨ੍ਹ ਹੁੰਦੇ ਹਨ, ਜਿਹੜੇ ਕਿ ਵਿਭਿੰਨ ਤਜ਼ਰਬਿਆਂ ਅਤੇ ਪ੍ਰਤੱਖ ਵਿਚਾਰਾਂ ਨਾਲ਼ ਜੁੜੇ ਹੁੰਦੇ ਹਨ। ਇਹ ਚਿੰਨ੍ਹ ਹਰ ਸਮਾਜ ਵਿਚ ਅਲੱਗ ਹੁੰਦੇ ਹਨ, ਅਤੇ ਇਨ੍ਹਾਂ ਦੀ ਮਾਨਤਾ ਉਸ ਸਮੇਂ ਹੀ ਹੁੰਦੀ ਹੈ ਜਦੋਂ ਸਮਾਜ ਦੇ ਸਮੂਹ ਇਨ੍ਹਾਂ ਦਾ ਪ੍ਰਯੋਗ ਕਰਦੇ ਹਨ। ਜਦੋਂ ਵੀ ਅਸੀਂ ਕੋਈ ਪ੍ਰਤੀਕ ਦੇਖਦੇ ਹਾਂ ਤਾਂ ਸਾਡੇ ਦਿਮਾਗ ਵਿਚ ਕੁਝ ਵਿਸ਼ੇਸ਼ ਵਿਚਾਰਾਂ ਦੀ ਤਸਵੀਰ ਬਣਦੀ ਹੈ। ਉਦਾਹਰਨ ਵਜੋਂ ਜਦੋਂ ਅਸੀਂ ਤ੍ਰਿਸ਼ੂਲ ਜਾਂ ਕ੍ਰਿਪਾਨ ਦੇਖਦੇ ਹਾਂ ਤਾਂ ਅਸੀਂ ਇਨ੍ਹਾਂ ਪ੍ਰਤੀਕਾਂ ਨਾਲ਼ ਜੁੜੀ ਹੋਈ ਹਿੰਦੂ ਅਤੇ ਸਿੱਖ ਧਰਮ ਦੀ ਸ਼ਰਧਾ ਦੇ ਬਾਰੇ ਵਿੱਚ ਸੋਚਦੇ ਹਾਂ।

6. **ਸੱਭਿਆਚਾਰ ਏਕੀਕ੍ਰਿਤ ਹੈ :** ਸੱਭਿਆਚਾਰ ਦੇ ਅਨੇਕ ਅੰਗ ਹਨ ਜੋ ਸੰਪੂਰਨ ਰੂਪ ਨਾਲ਼ ਆਪਸ ਵਿੱਚ ਸੰਬੰਧਿਤ ਹਨ ਅਤੇ ਇਸਨੂੰ ਪੂਰਨ ਅਤੇ ਅਰਥਪੂਰਨ ਬਣਾਉਂਦੇ ਹਨ। ਸੱਭਿਆਚਾਰ ਦੇ ਸਾਰੇ ਪੱਖ ਇੱਕ ਦੂਜੇ ਨਾਲ਼ ਜੁੜੇ ਹੁੰਦੇ ਹਨ। ਇਸ ਲਈ ਸੱਭਿਆਚਾਰ ਨੂੰ ਪੂਰੀ ਤਰ੍ਹਾਂ ਸਮਝਣ ਲਈ ਇਸਦੇ ਸਾਰੇ ਹਿੱਸਿਆਂ ਨੂੰ ਜਾਣਨਾ ਅਤੇ ਸਮਝਣਾ ਜ਼ਰੂਰੀ ਹੈ।

7. **ਸੱਭਿਆਚਾਰ ਗਤੀਸ਼ੀਲ ਹੈ:** ਇਸਦਾ ਅਰਥ ਹੈ ਕਿ ਸੱਭਿਆਚਾਰ ਵਿਚਾਰਾਂ ਦਾ ਅਦਾਨ ਪ੍ਰਦਾਨ ਕਰਦਾ ਹੈ ਅਤੇ ਲਗਾਤਾਰ ਬਦਲਦਾ ਰਹਿੰਦਾ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਜ਼ਿਆਦਾਤਰ ਸੱਭਿਆਚਾਰ ਦੂਜੇ ਸੱਭਿਆਚਾਰਾਂ ਦੇ ਨਾਲ਼ ਸੰਬੰਧਿਤ ਹੁੰਦੇ ਹਨ ਅਤੇ ਇੱਕ ਦੂਜੇ ਦੇ ਸੰਪਰਕ ਵਿੱਚ ਆ ਕੇ ਵਿਚਾਰਾਂ ਅਤੇ ਪ੍ਰਤੀਕਾਂ ਦਾ ਅਦਾਨ-ਪ੍ਰਦਾਨ ਕਰਦੇ ਹਨ। ਸੱਭਿਆਚਾਰ ਦੇ ਸਾਰੇ ਅੰਗ ਆਪਸ ਵਿੱਚ ਜੁੜੇ ਹੁੰਦੇ ਹਨ। ਜੇਕਰ ਸੱਭਿਆਚਾਰ ਵਿੱਚ ਤਬਦੀਲੀ ਨਾ ਆਵੇ ਤਾਂ ਇਸਨੂੰ ਬਦਲਦੇ ਹੋਏ ਵਾਤਾਵਰਨ ਦੇ ਨਾਲ਼ ਢਲਣ ਵਿੱਚ ਮੁਸ਼ਕਿਲਾਂ ਆਉਂਦੀਆਂ ਹਨ। ਉਸੀ ਤਰ੍ਹਾਂ ਜੇਕਰ ਇਸਦੇ ਕਿਸੇ ਇੱਕ ਅੰਗ ਵਿੱਚ ਪਰਿਵਰਤਨ ਆਉਂਦਾ ਹੈ ਤਾਂ ਸੰਭਵ ਹੈ ਕਿ ਸਾਰੀ ਵਿਵਸਥਾ ਵਿੱਚ ਇਸਦੇ ਅਨੁਸਾਰ ਪਰਿਵਰਤਨ ਹੋਵੇਗਾ ।

8. **ਸੱਭਿਆਚਾਰ ਮਨੁੱਖੀ ਜ਼ਰੂਰਤਾਂ ਨੂੰ ਪੂਰਾ ਕਰਦਾ ਹੈ:** ਸੱਭਿਆਚਾਰ ਮਨੁੱਖ ਦੀਆਂ ਜੈਵਿਕ ਅਤੇ ਸਮਾਜਿਕ ਜ਼ਰੂਰਤਾਂ ਨੂੰ ਪੂਰਾ ਕਰਦਾ ਹੈ। ਅਸਲ ਵਿਚ ਕਿਸੇ ਵੀ ਸੱਭਿਆਚਾਰ ਦੀ ਨਿਰੰਤਰਤਾ ਮਨੁੱਖੀ

ਜ਼ਰੂਰਤਾਂ ਦੀ ਪੂਰਤੀ ਦੀ ਸਮਰੱਥਾ ਤੇ ਅਧਾਰਿਤ ਹੁੰਦੀ ਹੈ। ਇਹੀ ਕਾਰਨ ਹੈ ਕਿ ਸੱਭਿਆਚਾਰ ਦੇ ਜਿਹੜੇ ਤੱਤ ਮਨੁੱਖੀ ਜ਼ਰੂਰਤਾਂ ਨੂੰ ਪੂਰਾ ਨਹੀਂ ਕਰ ਸਕਦੇ ਉਹ ਅਪ੍ਰਚਲਿਤ ਹੋ ਜਾਂਦੇ ਹਨ। ਉਦਾਹਰਨ ਦੇ ਤੌਰ 'ਤੇ ਬੈਲ-ਗੱਡੀ ਦੀ ਜਗ੍ਹਾ ਤੇਜ਼ ਚੱਲਣ ਵਾਲੀ ਗੱਡੀ ਨੇ ਲੈ ਲਈ ਹੈ। ਇਸ ਤਰ੍ਹਾਂ ਰੀਤਾਂ ਵੀ ਕੀਮਤਾਂ ਦੇ ਅਨੁਸਾਰ ਬਦਲ ਜਾਂਦੀਆਂ ਹਨ।

9. **ਸੱਭਿਆਚਾਰ ਜੀਵਨ ਜਾਚ ਦਾ ਪੂਰਨ ਢੰਗ ਹੈ :** ਸੱਭਿਆਚਾਰ ਲੋਕਾਂ ਦੁਆਰਾ ਬਤੀਤ ਕੀਤੇ ਜਾ ਰਹੇ ਜੀਵਨ ਢੰਗ, ਰੀਤੀ ਰਿਵਾਜਾਂ, ਰੱਬ ਤੇ ਵਿਸ਼ਵਾਸ, ਪਰਿਮਾਪ ਅਤੇ ਕੀਮਤਾਂ, ਪਹਿਰਾਵੇ ਦੇ ਢੰਗ, ਸਾਹਿਤ ਅਤੇ ਕਲਾ ਆਦਿ ਨੂੰ ਦਰਸਾਉਂਦਾ ਹੈ। ਜਿਹੜੇ ਵਿਅਕਤੀ ਇੱਕ ਹੀ ਸੱਭਿਆਚਾਰ ਸਮੂਹ ਦੇ ਹੁੰਦੇ ਹਨ ਉਹਨਾਂ ਦੇ ਸੱਭਿਆਚਾਰ ਦੇ ਆਰਥਿਕ, ਧਾਰਮਿਕ, ਵਿਸ਼ਵਾਸ, ਰੀਤੀ ਰਿਵਾਜ਼, ਪਹਿਰਾਵਾ, ਕਲਾ ਅਤੇ ਸਾਹਿਤ ਸਭ ਕੁਝ ਇਕੋ ਜਿਹਾ ਹੁੰਦਾ ਹੈ। ਇਸ ਲਈ ਸੱਭਿਆਚਾਰ ਵਿਚ ਵਿਅਕਤੀ ਦੇ ਜੀਵਨ ਦਾ ਹਰ ਪੱਖ ਸ਼ਾਮਿਲ ਹੁੰਦਾ ਹੈ।

## ਸੱਭਿਆਚਾਰ ਦੀਆਂ ਕਿਸਮਾਂ


ਸੱਭਿਆਚਾਰ ਨੂੰ ਦੋ ਕਿਸਮਾਂ ਵਿਚ ਵੰਡਿਆ ਗਿਆ ਹੈ- ਭੌਤਿਕ ਅਤੇ ਅਭੌਤਿਕ

**ਭੌਤਿਕ ਅਤੇ ਅਭੌਤਿਕ ਸੱਭਿਆਚਾਰ:** ਇਹ ਮਨੁੱਖੀ ਸੱਭਿਆਚਾਰ ਦੇ ਦੋ ਸਹਿ-ਸੰਬੰਧਿਤ ਪੱਖ ਹਨ, ਜਿਨ੍ਹਾਂ ਵਿੱਚ ਪਦਾਰਥਕ ਵਸਤੂਆਂ ਅਤੇ ਇਹਨਾਂ ਵਸਤੂਆਂ 'ਤੇ ਅਧਾਰਿਤ ਵਿਚਾਰ-ਤੱਤ ਆਉਂਦੇ ਹਨ।

1. **ਭੌਤਿਕ ਸੱਭਿਆਚਾਰ :** ਇਸ ਕਿਸਮ ਵਿੱਚ ਸੱਭਿਆਚਾਰ ਦਾ ਠਿੱਗਰ, ਵਿਅਕਤੀਗਤ ਤੇ ਸਥੂਲ ਰੂਪ ਸ਼ਾਮਲ ਹੈ। ਸੱਭਿਆਚਾਰ ਦੇ ਇਸ ਪੱਖ ਵਿਚ ਮਨੁੱਖ ਦੁਆਰਾ ਬਣਾਈਆਂ ਗਈਆਂ ਚੀਜ਼ਾਂ ਤੇ ਭੌਤਿਕ ਵਸਤੂਆਂ ਹੁੰਦੀਆਂ ਹਨ। ਭੌਤਿਕ ਸੱਭਿਆਚਾਰ ਵਿਚ ਸੰਦ, ਮਸ਼ੀਨਾਂ, ਉਤਪਾਦਨ ਅਤੇ ਸੰਚਾਰ ਦੇ ਸਾਧਨ, ਇਮਾਰਤਾਂ ਅਤੇ ਆਵਾਜਾਈ ਦੇ ਸਾਧਨ (ਜਿਵੇਂ ਕਾਰ, ਬੱਸ, ਰੇਲ ਗੱਡੀ, ਹਵਾਈ ਜ਼ਹਾਜ) ਸ਼ਾਮਿਲ ਹਨ। ਇਹ ਸੰਦ ਅਤੇ ਔਜ਼ਾਰ ਅਸੀਂ ਆਪਣੇ ਰੋਜ਼ਾਨਾ ਜੀਵਨ ਵਿਚ ਵਰਤਦੇ ਹਾਂ ਤਾਂ ਕਿ ਇਹਨਾਂ ਨਾਲ਼ ਦੂਜੀਆਂ ਖ਼ਪਤ ਕੀਤੀਆਂ ਜਾਣ ਵਾਲ਼ੀਆਂ ਵਸਤੂਆਂ ਤਿਆਰ ਕੀਤੀਆਂ ਜਾ ਸਕਣ। ਭੌਤਿਕ ਸੱਭਿਆਚਾਰ ਵਿਗਿਆਨਕ ਗਿਆਨ ਅਤੇ ਉਤਪਾਦਨ ਦੀ ਤਕਨੀਕ ਦਾ ਪ੍ਰਤੀਨਿਧ ਕਰਦਾ ਹੈ।

ਭੌਤਿਕ ਸੱਭਿਆਚਾਰ ਤਕਨੀਕੀ ਗਿਆਨ ਨਾਲ਼ ਵਿਕਾਸ ਕਰਦਾ ਹੈ। ਭੌਤਿਕ ਭਾਗ ਵਿਚ ਸਭ ਕੁਝ ਸ਼ਾਮਿਲ ਹੈ, ਜਿਸਨੂੰ ਮਨੁੱਖ ਸਮਾਜ ਵਿਚ ਬਣਾਉਂਦਾ ਹੈ ਅਤੇ ਮਨੁੱਖ ਦੁਆਰਾ ਹੀ ਸਮਾਜ ਨੂੰ ਵਾਪਿਸ ਦਿੱਤਾ ਜਾਂਦਾ ਹੈ। ਸਮਾਜ ਵਿੱਚ ਮਨੁੱਖ ਦੁਆਰਾ ਫੈਸ਼ਨ ਜਿਵੇਂ ਇਮਾਰਤਾਂ, ਸੰਦ, ਤਕਨੀਕ, ਸਾਜ਼ ਆਦਿ, ਇਹ ਭੌਤਿਕ ਤੱਤ ਮਨੁੱਖ ਦੇ ਵਿਵਹਾਰ ਨੂੰ ਦਰਸਾਉਂਦੇ ਹਨ। ਉਦਾਹਰਨ ਲਈ ਉਹ ਲੋਕ, ਜਿਨ੍ਹਾਂ ਦਾ ਮੁੱਖ ਕਿੱਤਾ ਖੇਤੀ ਹੈ, ਉਹ ਇਕੋ ਤਰ੍ਹਾਂ ਦੇ ਸੰਦਾਂ ਦਾ ਇਸਤੇਮਾਲ ਨਹੀਂ ਕਰਦੇ। ਪਹਾੜੀ

ਖੇਤਰਾਂ ਵਿੱਚ ਹਲ਼ਾਂ ਦੀ ਜਗ੍ਹਾ ਖੁਰਪਿਆਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਤਰ੍ਹਾਂ ਤਕਨੀਕ ਦੇ ਵਖਰੇਵੇਂ ਕਰਕੇ ਵਿਕਸਿਤ ਸਮਾਜ ਵਿੱਚ ਨੌਜਵਾਨਾ ਨੂੰ ਕੰਪਿਊਟਰ ਸਿੱਖਣ ਦੀ ਲੋੜ ਹੈ ਜਦੋਂ ਕਿ ਕਬਾਇਲੀ ਸਮਾਜ ਵਿੱਚ ਨੌਜਵਾਨਾ ਨੂੰ ਸ਼ਿਕਾਰ ਕਰਨ ਲਈ ਹਥਿਆਰ ਚਲਾਉਣੇ ਸਿੱਖਣ ਦੀ ਲੋੜ ਹੈ।




**2. ਅਭੌਤਿਕ ਸੱਭਿਆਚਾਰ** : ਸੱਭਿਆਚਾਰ ਦਾ ਇਹ ਪੱਖ ਅਮੂਰਤ ਅਤੇ ਗ਼ੈਰ-ਭੌਤਿਕ ਅਤੇ ਗੈਰ-ਪਦਾਰਥ ਹੈ। ਇਸ ਨੂੰ ਬੌਧਿਕ ਅਤੇ ਪਰਿਮਾਪਕ ਸੱਭਿਆਚਾਰ ਵੀ ਕਿਹਾ ਜਾਂਦਾ ਹੈ। ਇਸ ਵਿੱਚ ਵਿਚਾਰ, ਗਿਆਨ, ਰੀਤਾਂ, ਕਲਾ ਆਦਿ ਸ਼ਾਮਿਲ ਹਨ। ਇਸ ਤਰ੍ਹਾਂ ਦਾ ਸੱਭਿਆਚਾਰ ਨਿਯਮ ਬਣਾਉਣ ਅਤੇ ਵਿਵਹਾਰ ਨੂੰ ਨਿਯੰਤਰਨ ਵਿੱਚ ਰੱਖਣ ਵਿਚ ਸਹਾਈ ਹੁੰਦਾ ਹੈ। ਸਮਾਜਿਕ ਭੂਮਿਕਾ, ਨਿਯਮ, ਨੀਤੀ ਸ਼ਾਸਤਰ, ਵਿਸ਼ਵਾਸ ਅਤੇ ਆਦਰਸ਼ ਇਸ ਦੇ ਕੁਝ ਉਦਾਹਰਨ ਹਨ। ਇਹ ਤੱਤ ਸੱਭਿਆਚਾਰ ਵਿੱਚ ਨਿਰੰਤਰਤਾ ਅਤੇ ਭਵਿੱਖਬਾਣੀ ਨੂੰ ਕਾਇਮ ਰੱਖਦੇ ਹਨ ਅਤੇ ਪ੍ਰਤੱਖ ਲੋਕ ਰੀਤਾਂ ਲੋਕ ਧਾਰਾ, ਰੀਤੀ—ਰਿਵਾਜਾਂ ਅਤੇ ਨਿਯਮਾਂ ਦੇ ਰੂਪ ਵਿੱਚ ਮਿਲਦੇ ਹਨ ਜੋ ਸੱਭਿਆਚਾਰ ਦੇ ਇਹ ਮਨੁੱਖੀ ਰੂਪ ਵਿਵਹਾਰ ਨੂੰ ਪ੍ਰੇਰਿਤ ਕਰਦੇ ਹਨ ਜਿਹੜਾ ਸਮਾਜ ਨੂੰ ਸਵੀਕਾਰ ਹੁੰਦਾ ਹੈ।



ਲੋਹੜੀ ਦੀ ਗੀਤ

ਸੱਭਿਆਚਾਰ ਦੇ ਅਭੌਤਿਕ ਪਹਿਲੂ ਵਿੱਚ ਚਿੰਨ੍ਹ ਅਤੇ ਵਿਚਾਰ ਸ਼ਾਮਿਲ ਹੁੰਦੇ ਹਨ ਜੋ ਮਨੁੱਖਾਂ ਦੇ ਜੀਵਨ ਵਿੱਚ ਆਪਸੀ ਸੰਬੰਧਾਂ ਨੂੰ ਆਕਾਰ ਪ੍ਰਦਾਨ ਕਰਦੇ ਹਨ। ਇਹਨਾਂ ਵਿੱਚ ਮੁੱਖ ਤੌਰ 'ਤੇ ਸੱਭਿਅਕ ਵਿਸ਼ਵਾਸ, ਕੀਮਤਾਂ ਅਤੇ ਮਾਪਦੰਡ ਸ਼ਾਮਿਲ ਹਨ। ਉਦਾਹਰਨ ਦੇ ਤੌਰ 'ਤੇ ਵਿਸ਼ਵਾਸ, ਕਰਮਕਾਂਡ ਨੂੰ ਪ੍ਰਭਾਵਿਤ ਕਰਦਾ ਹੈ ਜਿਵੇਂ ਕਿ ਮੁਸਲਮਾਨ ਰਮਜ਼ਾਨ ਦੇ ਮਹੀਨੇ ਵਿੱਚ ਇੱਕ ਮਹੀਨੇ ਲਈ ਰੋਜ਼ੇ ਰੱਖਦੇ ਹਨ। ਇਸੇ ਤਰ੍ਹਾਂ ਹਿੰਦੂ ਨਰਾਤਿਆਂ ਵਿਚ ਭੋਜਨ ਤੇ ਲੱਗੀ ਰੋਕ ਨੂੰ ਧਿਆਨ ਵਿਚ ਰੱਖਦੇ ਹਨ। ਰੋਜ਼ਾ ਰੱਖਣਾ ਅਤੇ ਨਰਾਤਿਆਂ ਦੇ ਦੌਰਾਨ ਵਰਤ ਰੱਖਣਾ ਅਭੌਤਿਕ ਸੱਭਿਆਚਾਰ ਦੇ ਉਦਾਹਰਨ ਹਨ।

## ਸੱਭਿਆਚਾਰਕ ਪਛੜੇਵਾਂ

ਸੱਭਿਆਚਾਰਕ ਪਛੜੇਵਾਂ ਉਹ ਧਾਰਨਾ ਹੈ ਜਿਸਦਾ ਪ੍ਰਯੋਗ ਉਸ ਸਥਿਤੀ ਨੂੰ ਦਰਸਾਉਣ ਲਈ ਕੀਤਾ ਜਾਂਦਾ ਹੈ, ਜਿਸ ਵਿੱਚ, ਸਮਾਜ ਦੇ ਸੱਭਿਆਚਾਰ, ਨਿਯਮਾਂ ਅਤੇ ਮਾਪਦੰਡਾਂ ਵਿੱਚ ਪਰਿਵਰਤਨ ਸਹਿਜ ਢੰਗ ਨਾਲ਼ ਵਾਪਰਦਾ ਹੈ ਅਤੇ ਤਕਨੀਕੀ ਵਿਕਾਸ ਬਹੁਤ ਤੇਜ਼ੀ ਨਾਲ਼ ਹੁੰਦਾ ਹੈ। ਜਦੋਂ ਸਮਾਜ ਦਾ ਆਕਾਰ ਛੋਟਾ ਹੁੰਦਾ ਹੈ ਤੇ ਪਰਿਵਰਤਨ ਦੀ ਦਰ ਹੌਲ਼ੀ ਹੁੰਦੀ ਹੈ ਤਾਂ ਉਸ ਸਮਾਜ ਵਿੱਚ ਏਕਤਾ ਬਣੀ ਰਹਿੰਦੀ ਹੈ ਪਰ ਦੂਸਰੇ ਪਾਸੇ ਜਦੋਂ ਪਰਿਵਰਤਨ ਦੀ ਦਰ ਤੇਜ਼ ਹੁੰਦੀ ਹੈ ਤਾਂ ਉਸ ਸਮੇਂ ਸੱਭਿਆਚਾਰਕ ਪਛੜੇਪਨ ਦੀ ਦਸ਼ਾ ਪੈਦਾ ਹੁੰਦੀ ਹੈ। ਵਿਲਿਅਮ, ਐਫ. ਔਗਬਰਨ ਨੇ ਸਭ ਤੋਂ ਪਹਿਲਾਂ ਇਸ ਸ਼ਬਦ ਦਾ ਇਸਤਮਾਲ ਕੀਤਾ ਸੀ। ਸੱਭਿਆਚਾਰ ਦੇ ਅਭੌਤਿਕ ਪੱਖ ਦੀ ਤੁਲਨਾ ਨਾਲ਼ ਭੌਤਿਕ ਪੱਖ ਵਿੱਚ ਤਬਦੀਲੀ ਬਹੁਤ ਤੇਜ਼ੀ ਅਤੇ ਅਸਾਨੀ ਨਾਲ਼ ਆਉਂਦੀ ਹੈ।



ਮੋਬਾਈਲ ਫੋਨ ਦਾ ਪ੍ਰਯੋਗ ਕਰਦੇ ਹੋਏ ਸੰਨਿਆਸੀ



ਕੰਪਿਊਟਰ ਦਾ ਪ੍ਰਯੋਗ ਕਰਦੇ ਹੋਏ ਕਿਸਾਨ

ਸੱਭਿਆਚਾਰ ਦੇ ਇੱਕ ਪੱਖ ਵਿੱਚ ਹੋਣ ਵਾਲੇ ਬਦਲਾਵ ਅਤੇ ਪਰਿਵਰਤਨ ਦਬਾਅ ਪੈਦਾ ਕਰਦੇ ਹਨ ਅਤੇ ਜਿਸ ਨਾਲ਼ ਸੱਭਿਆਚਾਰ ਦੇ ਬਾਕੀ ਦੇ ਤੱਤਾਂ ਵਿੱਚ ਦਬਾਅ ਪੈਦਾ ਹੁੰਦਾ ਹੈ। ਇਸ ਲਈ ਸਮਾਜ ਦੇ ਪੂਰਨ ਵਿਕਾਸ ਲਈ ਸੱਭਿਆਚਾਰ ਦੇ ਦੋਹਾਂ ਪੱਖਾਂ ਭੌਤਿਕ ਅਤੇ ਅਭੌਤਿਕ ਨੂੰ ਇਕੱਠੇ ਕੰਮ ਕਰਨਾ ਚਾਹੀਦਾ ਹੈ। ਜੇਕਰ ਅਭੌਤਿਕ ਤੱਤ, ਭੌਤਿਕ ਤੱਤ ਦੀ ਗਤੀ ਨਾਲ਼ ਮੇਲ ਨਹੀਂ ਖਾਂਦੇ ਤਾਂ ਸਮਾਜਿਕ ਪਛੜੇਵਾਂ ਪੈਦਾ ਹੁੰਦਾ ਹੈ। ਉਦਾਹਰਨ ਲਈ 19ਵੀਂ ਸਦੀ ਵਿੱਚ ਕਈ ਭਾਰਤੀਆਂ ਨੇ ਅੰਗਰੇਜ਼ੀ ਸਿੱਖਿਆ, ਪਹਿਰਾਵੇ ਦਾ ਢੰਗ ਅਤੇ ਘਰ ਬਣਾਉਣ ਦੀਆਂ ਆਧੁਨਿਕ ਤਕਨੀਕਾਂ ਨੂੰ ਅਪਣਾਇਆ

ਸੀ। ਪਰ ਦੂਸਰੇ ਪਾਸੇ ਬਹੁਤ ਸਾਰੇ ਲੋਕਾਂ ਨੇ ਆਪਣੀਆਂ ਪੁਰਾਤਨ ਰੀਤਾਂ, ਛੂਤ-ਛਾਤ ਅਤੇ ਵਖਰੇਵੇਂ ਨੂੰ ਹੀ ਅਪਣਾਇਆ ਹੋਇਆ ਸੀ, ਜਿਸ ਦੇ ਨਤੀਜੇ ਵਜੋਂ ਨੈਤਿਕ ਕਦਰਾਂ ਕੀਮਤਾਂ 'ਤੇ ਪ੍ਰਭਾਵ ਪਿਆ।

**ਗਤੀਵਿਧੀ -5.2**

- ਕੀ ਤੁਸੀਂ ਆਪਣੇ ਆਲ਼ੇ-ਦੁਆਲ਼ੇ ਦੇ ਕਿਸੇ ਉਪ-ਸੱਭਿਆਚਾਰਕ ਸਮੂਹਾਂ ਬਾਰੇ ਜਾਗਰੂਕ ਹੋ ? ਤੁਸੀਂ ਉਨ੍ਹਾਂ ਦੀ ਪਛਾਣ ਕਿਵੇਂ ਕਰੋਗੇ ?

## ਸੱਭਿਆਚਾਰਕ ਪਰਿਵਰਤਨ

ਸੱਭਿਆਚਾਰ ਵਿੱਚ ਪਰਿਵਤਨ, ਪ੍ਰਕਿਰਤਿਕ ਵਾਤਾਵਰਨ ਵਿੱਚ ਪਰਿਵਰਤਨ ਅਤੇ ਹੋਰ ਸੱਭਿਆਚਾਰ ਦੇ ਨਾਲ਼ ਤੁਲਨਾ ਦੀ ਪ੍ਰਕਿਰਿਆ ਨਾਲ਼ ਹੋ ਸਕਦਾ ਹੈ ਜਿਸ ਵਿਚ ਸਮਾਜ ਆਪਣੇ ਸੱਭਿਆਚਾਰ ਦੇ ਤਰੀਕਿਆਂ ਨੂੰ ਬਦਲਦਾ ਹੈ। ਇਹ ਤਬਦੀਲੀ ਅੰਦਰੂਨੀ ਅਤੇ ਬਾਹਰਲੀ ਹੋ ਸਕਦੀ ਹੈ। ਅੰਦਰੂਨੀ ਕਾਰਨਾਂ ਵਿੱਚ, ਉਦਾਹਰਨ ਲਈ ਖੇਤੀ ਦਾ ਨਵਾਂ ਢੰਗ, ਖੇਤੀ ਦੇ ਉਤਪਾਦਨ ਨੂੰ ਵਧਾਉਂਦਾ ਹੈ, ਜਿਸ ਨਾਲ਼ ਭੋਜਨ ਦੀ ਖੱਪਤ ਅਤੇ ਖੇਤੀ ਸਮੁਦਾਇ ਦੇ ਜੀਵਨ ਉੱਪਰ ਅਸਰ ਪੈਂਦਾ ਹੈ, ਦੂਸਰੇ ਪਾਸੇ ਬਾਹਰੀ ਕਾਰਕਾਂ ਕਾਰਨ ਵੀ ਸਮਾਜ ਤੇ ਬਹੁਤ ਗਹਿਰਾ ਪ੍ਰਭਾਵ ਪੈਂਦਾ ਹੈ। ਸੱਭਿਆਚਾਰਕ ਤਬਦੀਲੀ ਪ੍ਰਕਿਰਤਕ ਤਬਦੀਲੀ ਕਰਕੇ ਹੁੰਦੀ ਹੈ। ਇਹ ਪਰਿਵਰਤਨ ਦੂਜੇ ਸੱਭਿਆਚਾਰ ਦੇ ਸੰਪਰਕ ਵਿਚ ਆਉਣ ਅਤੇ ਅਨੁਕੂਲਣ ਦੀ ਪ੍ਰਕਿਰਿਆ ਨਾਲ਼ ਹੁੰਦਾ ਹੈ। ਪ੍ਰਕਿਰਤਕ ਤਬਦੀਲੀ ਲੋਕਾਂ ਦੇ ਜੀਵਨ ਵਿਚ ਬਹੁਤ ਹੱਦ ਤੱਕ ਪ੍ਰਭਾਵ ਪਾਉਂਦੀ ਹੈ। ਉਦਾਹਰਨ ਲਈ ਉੱਤਰੀ ਭਾਰਤ ਅਤੇ ਮੱਧ ਭਾਰਤ ਦੇ ਕਬਾਇਲੀ ਸਮੁਦਾਇ ਜੰਗਲੀ ਸਾਧਨਾਂ ਦੇ ਲੁਪਤ ਹੋਣ ਲਈ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ। ਨਿਰੰਤਰ ਕਿਰਿਆ, ਅੰਤਰ-ਕਿਰਿਆ ਨੂੰ ਜਨਮ ਦਿੰਦੀ ਹੈ। ਜਿਸ ਪ੍ਰਕਿਰਿਆ ਦੁਆਰਾ ਦੂਸਰੇ ਸੱਭਿਆਚਾਰਾਂ ਦੇ ਗੁਣ ਆਪਣੇ ਸੱਭਿਆਚਾਰ ਵਿਚ ਮਿਲ਼ ਜਾਂਦੇ ਹਨ।

## ਸਾਰ

- ਸੱਭਿਆਚਾਰ ਸਾਂਝਾ ਵਿਵਹਾਰ ਹੈ, ਜਿਸ ਵਿਚ ਮਨੁੱਖ ਦੀਆਂ ਆਦਤਾਂ, ਵਿਵਹਾਰ, ਵਿਚਾਰ ਅਤੇ ਭੌਤਿਕ ਤਰੀਕੇ ਸ਼ਾਮਿਲ ਹਨ।
- ਸੱਭਿਆਚਾਰ ਵਿਚ ਮਨੁੱਖ ਦੀਆਂ ਆਦਤਾਂ, ਯੋਗਤਾਵਾਂ, ਭਾਸ਼ਾ, ਔਜ਼ਾਰ, ਗਿਆਨ, ਵਿਚਾਰ, ਕਲਾ, ਨੈਤਿਕਤਾ ਅਤੇ ਕਾਨੂੰਨ ਮੌਜੂਦ ਹਨ।
- ਜੈਵਿਕ, ਵਿਗਿਆਨ, ਸਮਾਜਿਕ ਗੁਣ ਅਤੇ ਵਾਤਾਵਰਨ ਮਨੁੱਖੀ ਸੱਭਿਆਚਾਰ ਦੇ ਵਿਕਾਸ ਵਿੱਚ ਮਦਦ ਕਰਦੇ ਹਨ।
- ਸੱਭਿਆਚਾਰ ਦੀਆਂ ਦੋ ਕਿਸਮਾਂ ਭੌਤਿਕ ਅਤੇ ਅਭੌਤਿਕ ਪ੍ਰਕਾਰ ਦੀਆਂ ਹੁੰਦੀਆਂ ਹਨ।
- ਜਦੋਂ ਸਮਾਜਿਕ ਪਰਿਵਰਤਨ ਦੀ ਪ੍ਰਕਿਰਿਆ ਤੇਜ਼ ਹੁੰਦੀ ਹੈ ਤਾਂ ਭੌਤਿਕ ਸੱਭਿਆਚਾਰ ਬਦਲਦਾ ਹੈ ਅਤੇ ਅਭੌਤਿਕ ਸੱਭਿਆਚਾਰ ਪਿੱਛੇ ਰਹਿ ਜਾਂਦਾ ਹੈ ਜਿਸ ਨਾਲ ਅਜਿਹੀ ਸਥਿਤੀ ਤੇਜ਼ੀ ਨਾਲ਼ ਵਾਧਾ ਹੁੰਦਾ ਹੈ ਜਿਸ ਨੂੰ 'ਸਮਾਜਿਕ ਪਛੜਿਆਪਣ' ਆਖਦੇ ਹਨ।
- ਹਰ ਸੱਭਿਆਚਾਰ ਵਿਚ ਉੱਪ-ਸੱਭਿਆਚਾਰ ਪਾਏ ਜਾਂਦੇ ਹਨ।

- ਰੀਤੀ ਰਿਵਾਜ਼ ਸਮਾਜਿਕ ਵਿਵਹਾਰ ਦਾ ਸੰਗਠਿਤ ਰੂਪ ਅਤੇ ਉਸਦਾ ਦੁਹਰਾਅ ਹੈ।
- ਰੀਤੀ-ਰਿਵਾਜ਼ ਪ੍ਰਤੀਦਿਨ ਵਿਵਹਾਰ ਨਾਲ਼ ਸੰਬੰਧਿਤ ਹੈ ਜਦੋਂ ਕਿ ਪਰੰਪਰਾਵਾਂ ਵਿਸ਼ੇਸ਼ ਮੌਕੇ ਨਾਲ਼ ਸੰਬੰਧਿਤ ਹਨ।
- ਸਮਾਜਿਕ ਪਰਿਮਾਪ ਸਮਾਜ ਦੁਆਰਾ ਵਿਕਸਿਤ ਕੀਤੇ ਗਏ ਮਾਪਦੰਡ ਹਨ ਜੋ ਸਮਾਜ ਦੇ ਸਮੂਹ ਮੈਂਬਰਾਂ ਦੇ ਵਿਵਹਾਰ ਨੂੰ ਨਿਯੰਤਰਿਤ ਕਰਦੇ ਹਨ।
- ਸਮਾਜਿਕ ਕੀਮਤਾਂ ਉਦੇਸ਼ਾਂ ਦੀ ਪਹਿਲ ਅਤੇ ਇਛੁੱਕ ਉਦੇਸ਼ਾਂ 'ਤੇ ਜ਼ੋਰ ਦਿੰਦੀਆਂ ਹਨ।

## ਸ਼ਬਦਾਵਲੀ

**ਸੱਭਿਆਚਾਰਕ ਪਰਿਵਰਤਨ** — ਇਹ ਉਹ ਢੰਗ ਹਨ, ਜਿਨ੍ਹਾ ਨਾਲ਼ ਸਮਾਜ ਆਪਣੇ ਸੱਭਿਆਚਾਰ ਦੇ ਤੌਰ ਤਰੀਕਿਆਂ ਨੂੰ ਪਰਿਵਰਤਤ ਕਰਦੇ ਹਨ।

**ਸੱਭਿਆਚਾਰ ਪਛੜੇਵਾਂ** — ਜਦੋਂ ਭੌਤਿਕ ਸੱਭਿਆਚਾਰ ਅਭੌਤਿਕ ਸੱਭਿਆਚਾਰ ਤੋਂ ਵੱਧ ਤੇਜ਼ੀ ਨਾਲ਼ ਬਦਲਦਾ ਹੈ, ਜਿਸ ਨਾਲ਼ ਸਮੇਂ ਵਿਚ ਖੜੋਤ ਆ ਜਾਂਦੀ ਹੈ।

**ਸੱਭਿਆਚਾਰ** — ਇਹ ਵਿਅਕਤੀਆਂ ਦੁਆਰਾ ਬਤੀਤ ਕੀਤੀ ਜਾ ਰਹੀ ਜੀਵਨ ਸ਼ੈਲੀ ਹੈ, ਜੋ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ, ਨੂੰ ਪ੍ਰਸਾਰਿਤ ਕੀਤੀ ਜਾਂਦੀ ਹੈ। ਇਸ ਵਿੱਚ ਵਿਵਹਾਰ ਅਤੇ ਵਿਸ਼ਵਾਸ ਜੋ ਕਿ ਕਿਸੇ ਖਾਸ ਸਮਾਜ, ਸਮੂਹ ਜਾਂ ਉਮਰ ਨਾਲ਼ ਸੰਬੰਧਿਤ ਹਨ, ਵੀ ਸ਼ਾਮਿਲ ਹਨ।

**ਰੀਤਾਂ** — ਇਹ ਇਕ ਸਮੂਹ ਦਾ ਵਿਵਹਾਰ ਹੈ ਜੋ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਨੂੰ ਪ੍ਰਸਾਰਿਤ ਕੀਤਾ ਜਾਂਦਾ ਹੈ।

**ਭੌਤਿਕ ਸੱਭਿਆਚਾਰ** — ਇਹ ਭੌਤਿਕ ਚੀਜ਼ਾਂ ਜਾਂ ਕਲਾਵਾਂ ਦਾ ਸੰਗ੍ਰਹਿ ਹੈ, ਜੋ ਸਮਾਜ ਦੁਆਰਾ ਵਰਤਿਆ ਜਾਂਦਾ ਹੈ।

**ਅਭੌਤਿਕ ਸੱਭਿਆਚਾਰ** — ਇਹ ਕਦਰਾਂ ਕੀਮਤਾਂ, ਪਰਿਮਾਪਾਂ ਆਦਿ ਦਾ ਜੋੜ ਹੈ।

**ਪਰਿਮਾਪ** — ਇਹ ਵਿਵਹਾਰ ਦੀ ਪ੍ਰਮਾਣਿਤ ਸ਼੍ਰੇਣੀ ਹੈ, ਜੋ ਹਰ ਮੈਂਬਰ ਦੁਆਰਾ ਵੰਡੀ ਜਾਂਦੀ ਹੈ ਤੇ ਇਹ ਆਸ ਲਗਾਈ ਜਾਂਦੀ ਹੈ ਕਿ ਹਰ ਕੋਈ ਇਸ ਨੂੰ ਠੀਕ ਢੰਗ ਨਾਲ਼ ਅਪਣਾਏਗਾ।

**ਪਰੰਪਰਾ** — ਇਹ ਜੱਦੀ ਹੈ ਅਤੇ ਲੰਮੇ ਸਮੇਂ ਤੋਂ ਚੱਲੀ ਆ ਰਹੀ ਸੋਚ ਅਤੇ ਕੰਮ ਕਰਨ ਦਾ ਤਰੀਕਾ ਹੈ।

**ਕਦਰਾਂ- ਕੀਮਤਾਂ** — ਲੋੜ ਅਨੁਸਾਰ ਬਣਾਏ ਗਏ ਸਿਧਾਂਤ, ਸਤਰ ਅਤੇ ਗੁਣਵੱਤਾ।

## ਅਭਿਆਸ

### ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ 1-15 ਸ਼ਬਦਾਂ ਵਿਚ ਦਿਓ।

1. ਸੱਭਿਆਚਾਰ ਦੇ ਆਮ ਤੱਤਾਂ ਦਾ ਵਰਣਨ ਕਰੋ।
2. ਕਿਸ ਵਿਚਾਰਕ ਸੱਭਿਆਚਾਰ ਨੂੰ 'ਜਿਊਣ ਦਾ ਸੰਪੂਰਨ ਢੰਗ ਕਿਹਾ ਹੈ'।
3. ਅਨਪੜ੍ਹ ਸਮਾਜਾਂ ਵਿਚ ਸੱਭਿਆਚਾਰ ਕਿਵੇਂ ਪ੍ਰਸਾਰਿਤ ਕੀਤਾ ਜਾਂਦਾ ਹੈ।
4. ਸੱਭਿਆਚਾਰ ਦਾ ਵਿਸਤ੍ਰਿਤ ਰੂਪ ਵਿੱਚ ਵਰਗੀਕਰਨ ਕਰੋ।
5. ਅਭੌਤਿਕ ਸੱਭਿਆਚਾਰ ਦੀਆਂ ਕੁਝ ਉਦਾਹਰਨਾਂ ਦੇ ਨਾਮ ਲਿਖੋ।
6. 'ਸੱਭਿਆਚਾਰਕ ਪਛੜੇਵੇਂ' ਦਾ ਸਿਧਾਂਤ ਕਿਸਨੇ ਦਿੱਤਾ ਹੈ।

### ਨਿਮਨਲਿਖਤ ਪ੍ਰਸ਼ਨਾਂ ਦਾ 30-35 ਸ਼ਬਦਾਂ ਵਿਚ ਉੱਤਰ ਦਿਓ।

1. ਸੱਭਿਆਚਾਰ ਕੀ ਹੈ ?
2. ਸੱਭਿਆਚਾਰਕ ਪਛੜੇਵਾਂ ਕੀ ਹੈ ?
3. ਸਮਾਜਿਕ ਪਰਿਮਾਪ ਕੀ ਹਨ ?
4. ਆਧੁਨਿਕ ਭਾਰਤ ਦੀਆਂ ਕੇਂਦਰੀ ਕਦਰਾਂ -ਕੀਮਤਾਂ ਕੀ ਹਨ ?
5. ਪਰੰਪਰਾਗਤ ਭਾਰਤ ਸਮਾਜ ਦੀਆਂ ਕੁਝ ਕਦਰਾਂ-ਕੀਮਤਾਂ ਦਾ ਵਰਣਨ ਕਰੋ ।
6. ਸੱਭਿਆਚਾਰ ਦੇ ਗਿਆਨਾਤਮਕ ਤੱਤਾਂ ਨੂੰ ਕਿਵੇਂ ਪ੍ਰਦਰਸ਼ਿਤ ਕੀਤਾ ਜਾਂਦਾ ਹੈ।

### ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ 75-85 ਸ਼ਬਦਾਂ ਵਿੱਚ ਲਿਖੋ।

1. ਸੱਭਿਆਚਾਰ ਕਿਸ ਪ੍ਰਕਾਰ ਲੋਕਾਂ ਦਾ ਸੰਪੂਰਨ ਜੀਵਨ ਹੈ ?
2. ਭੌਤਿਕ ਅਤੇ ਅਭੌਤਿਕ ਸੱਭਿਆਚਾਰ ਨੂੰ ਵਿਸਤਾਰ ਰੂਪ ਵਿੱਚ ਲਿਖੋ।
3. ਸੱਭਿਆਚਾਰ ਦੇ ਮੂਲ ਤੱਤਾਂ 'ਤੇ ਕਿਸ ਤਰ੍ਹਾਂ ਵਿਚਾਰ-ਵਟਾਂਦਰਾਂ ਕਰੋਗੇ।
4. ਸੱਭਿਆਚਾਰ ਸਿੱਖਿਅਤ ਵਿਵਹਾਰ ਹੈ। ਇਸ ਟਿੱਪਣੀ ਨੂੰ ਢੁੱਕਵੀਂ ਉਦਾਹਰਨ ਦੇ ਕੇ ਸਪਸ਼ਟ ਕਰੋ।

### ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ 250-300 ਸ਼ਬਦਾਂ ਵਿੱਚ ਦਿਉ ?

1. ਸੱਭਿਆਚਾਰ ਦੇ ਸਮਾਜਿਕ ਨਿਰੀਖਣ ਨੂੰ ਆਪਣੀ ਰੋਜ਼ ਮਰਾ ਦੇ ਸ਼ਬਦਾਂ ਵਿੱਚ ਕਿਸ ਤਰ੍ਹਾਂ ਸਮਝਾਉਗੇ।
2. ਸੱਭਿਆਚਾਰ ਤੋਂ ਤੁਹਾਡਾ ਕੀ ਭਾਵ ਹੈ, ਸੱਭਿਆਚਾਰ ਦੀਆਂ ਮਹੱਤਵਪੂਰਨ ਵਿਸ਼ੇਸ਼ਤਾਵਾਂ ਦਿਓ ?
3. ਸੱਭਿਆਚਾਰ ਦੀਆਂ ਦੋ ਕਿਸਮਾਂ ਦਾ ਵਿਸਤਾਰ ਵਿੱਚ ਵਰਣਨ ਕਰੋ ?
4. ਸੱਭਿਆਚਾਰਕ ਪਿਛੋਕੜ ਦਾ ਵਿਸਤਾਰ ਵਿੱਚ ਵਰਣਨ ਕਰੋ ?

ਅਧਿਆਏ 6

# ਸਮਾਜੀਕਰਨ

**ਮੁੱਖ ਅੰਸ਼ :**

**6.1 ਅਰਥ**

**6.2 ਪੜਾਅ**

**6.3 ਏਜੰਸੀਆਂ**

  **6.3.1 ਰਸਮੀ**

  **6.3.2 ਗ਼ੈਰ-ਰਸਮੀ**

## ਭੂਮਿਕਾ

ਸਮਾਜ ਵਿਗਿਆਨ, ਸਮਾਜਿਕ ਮਾਨਵ ਵਿਗਿਆਨ ਅਤੇ ਸਮਾਜਿਕ ਮਨੋਵਿਗਿਆਨ ਵਿਚ ਵਿਅਕਤੀ ਤੇ ਸਮਾਜ, ਵਿਅਕਤੀਤਵ ਤੇ ਸਮੂਹ, ਸੱਭਿਆਚਾਰ ਤੇ ਆਪੇ ਦੇ ਵਿਕਾਸ ਦੀ ਪ੍ਰਕਿਰਿਆ ਦਾ ਵਿਭਿੰਨ ਪਹਿਲੂਆਂ ਤੋਂ ਅਧਿਐਨ ਕੀਤਾ ਹੈ। ਜਨਮ ਦੇ ਸਮੇਂ, ਬੱਚਾ ਨਾ ਤਾਂ ਬੋਲ ਸਕਦਾ ਹੈ, ਨਾ ਚੱਲ ਸਕਦਾ ਹੈ ਅਤੇ ਨਾ ਹੀ ਕਿਸੇ ਵਸਤੂ ਜਾਂ ਵਿਅਕਤੀ ਨੂੰ ਪਹਿਚਾਣ ਸਕਦਾ ਹੈ। ਛੋਟਾ ਬੱਚਾ ਸਿਰਫ਼ ਆਪਣੀ ਜ਼ਰੂਰਤ ਦੇ ਸਮੇਂ ਹੀ ਰੋਂਦਾ ਹੈ। ਜਦੋਂ ਉਹ ਵੱਡਾ ਹੋਣਾ ਸ਼ੁਰੂ ਹੁੰਦਾ ਹੈ ਤਾਂ ਆਪਣੀ ਮਾਂ ਨੂੰ ਪਹਿਚਾਨਣਾ ਸ਼ੁਰੂ ਕਰਦਾ ਹੈ ਅਤੇ ਹੌਲ਼ੀ-ਹੌਲ਼ੀ ਪਰਿਵਾਰ ਦੇ ਦੂਜੇ ਮੈਂਬਰਾਂ ਨੂੰ ਪਹਿਚਾਣਦਾ ਹੈ। ਹੌਲ਼ੀ-ਹੌਲ਼ੀ ਉਹ ਦੂਜੇ ਪਰਿਵਾਰਕ ਮੈਂਬਰਾਂ ਦੇ ਸਹਿਯੋਗ ਨਾਲ਼ ਬੋਲਣਾ ਚੱਲਣਾ ਅਤੇ ਗੱਲਬਾਤ ਕਰਨਾ ਸਿੱਖਦਾ ਹੈ। ਸਿੱਖਣ ਦੀ ਇਹ ਪ੍ਰਕਿਰਿਆ ਜਿਹੜੀ ਸਮੂਹ ਵਿਚ ਰਹਿ ਕੇ ਹੁੰਦੀ ਹੈ, ਉਸ ਨੂੰ ਸਮਾਜੀਕਰਨ ਕਹਿੰਦੇ ਹਨ। ਸਿੱਖਣ ਤੋਂ ਇਲਾਵਾ ਇਹ, ਗ੍ਰਹਿਣ ਕਰਨ ਅਤੇ ਅੰਦਰੂਨੀ ਅਨੁਭਵ ਦੀ ਪ੍ਰਕਿਰਿਆ ਹੈ।

## ਸਮਾਜੀਕਰਨ ਦਾ ਅਰਥ

ਸਮਾਜੀਕਰਨ ਉਹ ਪ੍ਰਕਿਰਿਆ ਹੈ, ਜਿਹੜੀ ਬਚਪਨ ਵਿਚ ਸ਼ੁਰੂ ਹੁੰਦੀ ਹੈ ਅਤੇ ਜੀਵਨ-ਭਰ ਚੱਲਦੀ ਹੈ। ਇਸ ਪ੍ਰਕਿਰਿਆ ਦੇ ਦੁਆਰਾ ਹੀ ਮਨੁੱਖ ਜੈਵਿਕ ਤੋਂ ਸਮਾਜਿਕ ਪ੍ਰਾਣੀ ਬਣਦਾ ਹੈ। ਇਸ ਪ੍ਰਕਿਰਿਆ ਤੋਂ ਬਿਨਾਂ ਮਨੁੱਖ ਕਦੇ ਵੀ ਸਮਾਜਿਕ ਪ੍ਰਾਣੀ ਨਹੀਂ ਬਣ ਸਕਦਾ। ਉਦਾਹਰਨ ਲਈ, ਜੇਕਰ ਅਸੀਂ ਬੱਚੇ ਨੂੰ ਬਾਕੀ ਸਮਾਜਿਕ ਪ੍ਰਾਣੀਆਂ ਤੋਂ ਲੰਬੇ ਸਮੇਂ ਤੱਕ ਦੂਰ ਰੱਖਾਂਗੇ, ਤਾਂ ਉਹ ਜੈਵਿਕ ਲਛਣਾਂ ਤੋਂ ਇਲਾਵਾ ਹੋਰ ਕੋਈ ਮਨੁੱਖੀ ਵਿਸ਼ੇਸ਼ਤਾ ਨੂੰ ਗ੍ਰਹਿਣ ਨਹੀਂ ਕਰ ਸਕੇਗਾ ਇਥੋਂ ਤੱਕ ਕਿ ਬੋਲਣ, ਚੱਲਣ

ਅਤੇ ਖਾਣ ਪੀਣ ਦੇ ਢੰਗ ਵੀ ਸੱਭਿਆਚਾਰ ਰਾਹੀਂ ਨਿਰਧਾਰਿਤ ਹੁੰਦੇ ਹਨ। ਬਾਲਕ ਦੀ ਸ਼ਖ਼ਸ਼ੀਅਤ ਨੂੰ ਢਾਲਣ ਅਤੇ ਆਕਾਰ ਦੇਣ ਦੀ ਇਸ ਪ੍ਰਕਿਰਿਆ ਨੂੰ ਸਮਾਜੀਕਰਨ ਕਹਿੰਦੇ ਹਨ।

**ਬਾਕਸ-1**

ਸਮਾਜ ਵਿੱਚ ਇਕੱਲਤਾ ਦੀ ਸਭ ਤੋਂ ਉੱਤਮ ਉਦਾਹਰਨ ਰਾਮੂ ਨਾਮਕ 'ਬਘਿਆੜ ਬੱਚਾ' ਦੀ ਹੈ, ਜਿਹੜਾ ਕਿ ਬਘਿਆੜ ਦੀ ਗੁਫ਼ਾ ਵਿਚੋਂ ਮਿਲਿਆ ਸੀ, ਉਹ ਪਸ਼ੂਆਂ ਦੀ ਤਰ੍ਹਾਂ ਆਪਣੇ ਦੋਹਾਂ ਹੱਥਾਂ ਅਤੇ ਦੋਹਾਂ ਲੱਤਾਂ ਤੇ ਚੱਲਦਾ, ਕੱਚਾ ਮੀਟ ਖਾਂਦਾ ਅਤੇ ਬਘਿਆੜ ਦੀ ਤਰ੍ਹਾਂ ਹੀ ਗੁਰਾਂਦਾ ਸੀ, ਮਨੁੱਖਾਂ ਵਾਂਗ ਬੋਲ ਨਹੀਂ ਸਕਦਾ ਸੀ ਅਤੇ ਉਸ ਵਿੱਚ ਮਨੁੱਖੀ ਬੱਚੇ ਵਾਲ਼ਾ ਇਕ ਵੀ ਗੁਣ ਨਹੀਂ ਸੀ। ਬਾਅਦ ਵਿਚ ਉਸ ਨੂੰ ਮਨੁੱਖਾਂ ਦੇ ਨਾਲ਼ ਰੱਖਿਆ ਗਿਆ ਪਰ ਉਹ ਥੋੜ੍ਹੇ ਸਮੇਂ ਬਾਅਦ ਹੀ ਮਰ ਗਿਆ।


ਇਸੇ ਤਰ੍ਹਾਂ ਦਾ ਇਕ ਹੋਰ ਉਦਾਹਰਨ ਅਮਰੀਕਾ ਵਿਚ ਵੀ ਪਾਇਆ ਗਿਆ। ਇੱਕ ਸਮਾਜਿਕ ਤੌਰ 'ਤੇ ਅਪ੍ਰਵਾਨਿਤ ਬੱਚੀ ਸੀ ਜਿਸ ਨੂੰ ਇੱਕ ਬੰਦ ਕਮਰੇ ਵਿਚ ਰੱਖਿਆ ਗਿਆ ਸੀ। ਉਹ ਛੇ ਮਹੀਨੇ ਦੀ ਸੀ ਜਦੋਂ ਉਸ ਨੂੰ ਬੰਦ ਕੀਤਾ ਸੀ ਅਤੇ ਪੰਜ ਸਾਲ ਬਾਅਦ ਉਸ ਨੂੰ ਬਾਹਰ ਕੱਢਿਆ ਗਿਆ। ਉਸ ਸਮੇਂ ਨਾਂ ਉਹ ਬੋਲ ਸਕਦੀ ਸੀ ਤੇ ਨਾ ਹੀ ਚੱਲ ਸਕਦੀ ਸੀ। ਉਹ ਆਪਣੇ ਆਲ਼ੇ-ਦੁਆਲ਼ੇ ਦੇ ਮਨੁੱਖਾਂ ਤੋਂ ਬਿਲਕੁਲ ਅਲੱਗ ਸੀ। ਉਸ ਨੂੰ ਬਹੁਤ ਹੀ ਵਧੀਆ ਸਿਖਲਾਈ ਦਿੱਤੀ ਗਈ, ਜਿਸ ਨਾਲ਼ ਉਸਨੇ ਮਨੁੱਖੀ ਗੁਣਾਂ ਨੂੰ ਗ੍ਰਹਿਣ ਕਰਨਾ ਸ਼ੁਰੂ ਕਰ ਦਿੱਤਾ ਪਰ ਉਹ 3-4 ਸਾਲ ਬਾਅਦ ਮਰ ਗਈ। ਇਹ ਕੇਸ ਵੀ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਮਨੁੱਖ ਆਪਣੇ ਆਲ਼ੇ-ਦੁਆਲ਼ੇ ਦੂਜੇ ਮਨੁੱਖਾਂ ਦੇ ਨਾਲ਼ ਰਹਿ ਕੇ ਹੀ ਕੁਝ ਸਿੱਖ ਸਕਦਾ ਹੈ।

ਜਨਮ ਦੇ ਸਮੇਂ ਮਨੁੱਖੀ ਬੱਚੇ ਨੂੰ ਸਮਾਜ ਜਾਂ ਸਮਾਜਿਕ ਵਿਵਹਾਰ ਬਾਰੇ ਕੁਝ ਵੀ ਪਤਾ ਨਹੀਂ ਹੁੰਦਾ। ਉਹ ਸਿਰਫ਼ ਆਪਣੀਆਂ ਕੁਝ ਸਰੀਰਕ ਜ਼ਰੂਰਤਾਂ ਤੋਂ ਜਾਣੂ ਹੁੰਦਾ ਹੈ ਜਿਹੜੀਆਂ ਕਿ ਪਰਿਵਾਰ ਦੇ ਦੂਜੇ ਮੈਂਬਰਾਂ ਦੁਆਰਾ ਪੂਰੀਆਂ ਕੀਤੀਆਂ ਜਾਂਦੀਆਂ ਹਨ। ਇਕ ਨਵ-ਜੰਮਿਆ ਬੱਚਾ ਆਪਣੀ ਮਾਂ ਅਤੇ ਦੂਜੇ ਪਰਿਵਾਰਕ ਮੈਂਬਰਾਂ ਵਿਚ ਵੀ ਫ਼ਰਕ ਨਹੀਂ ਕਰ ਸਕਦਾ। ਜਿਵੇਂ-ਜਿਵੇਂ ਉਹ ਵੱਡਾ ਹੁੰਦਾ ਹੈ ਉਹ ਹੌਲ਼ੀ-ਹੌਲ਼ੀ ਸਿੱਖਣਾ ਸ਼ੁਰੂ ਕਰਦਾ ਹੈ। ਹੌਲ਼ੀ-ਹੌਲ਼ੀ ਉਸ ਸਮਾਜ ਦੇ ਨਿਯਮ ਅਤੇ ਕਦਰਾਂ ਕੀਮਤਾਂ ਨੂੰ ਸਿੱਖਦਾ ਹੈ ਅਤੇ ਸਮੇਂ ਦੇ ਨਾਲ਼ ਉਹ ਸਮਾਜ ਦੁਆਰਾ ਪ੍ਰਵਾਨਿਤ ਵਿਵਹਾਰ ਨੂੰ ਗ੍ਰਹਿਣ ਕਰਦਾ ਹੈ। ਦੂਸਰੇ ਸ਼ਬਦਾਂ ਵਿਚ, ਸਮਾਜੀਕਰਨ ਸਿੱਖਣ ਦੀ ਪ੍ਰਕਿਰਿਆ ਹੈ, ਜਿਸ ਵਿੱਚ ਵਿਸ਼ਵਾਸ, ਸਮਾਜਿਕ ਕੀਮਤਾਂ, ਸਮਾਜਿਕ ਭੂਮਿਕਾਵਾਂ ਅਤੇ ਸੱਭਿਆਚਾਰ ਸ਼ਾਮਿਲ ਹਨ।

## ਸਮਾਜੀਕਰਨ : ਇਕ ਪ੍ਰਕਿਰਿਆ

ਸਮਾਜੀਕਰਨ ਉਹ ਪ੍ਰਕਿਰਿਆ ਹੈ ਜਿਸ ਦੁਆਰਾ ਵਿਅਕਤੀ ਸਮਾਜਿਕ ਵਿਵਸਥਾ ਵਿੱਚ ਹਿੱਸਾ ਲੈਣ ਲਈ ਤਿਆਰ ਹੁੰਦਾ ਹੈ। ਇਸ ਦੇ ਅੰਤਰਗਤ ਸੱਭਿਆਚਾਰਕ ਚਿੰਨ੍ਹਾਂ ਦੀ ਸਮਝ, ਭਾਸ਼ਾਂ, ਵਿਚਾਰ ਅਤੇ ਸਮਾਜਿਕ ਵਿਵਸਥਾ ਨੂੰ ਬਣਾਉਣ ਵਾਲ਼ੇ ਰਿਸ਼ਤੇ ਜਾਂ ਸੰਬੰਧ ਸ਼ਾਮਿਲ ਹਨ। ਸਾਡਾ ਉਦੇਸ਼ ਕੇਵਲ ਸਮਾਜੀਕਰਨ ਦੀ ਵਿਵਸਥਾ ਨੂੰ ਸਮਝਣਾ ਹੀ ਨਹੀਂ ਹੈ ਸਗੋਂ ਵਿਸ਼ੇਸ਼ ਤੌਰ 'ਤੇ ਇਹ ਕਿਸ ਤਰ੍ਹਾਂ ਕੰਮ ਕਰਦਾ ਹੈ ਨੂੰ ਸਮਝਣਾ ਅਤੇ ਉਸ ਦਾ ਵਿਸਲੇਸ਼ਣ ਕਰਕੇ ਸਿੱਟਿਆਂ ਤੱਕ ਪਹੁੰਚਣਾ ਹੈ।

ਸਮਾਜੀਕਰਨ ਜੀਵਨ ਭਰ ਚੱਲਣ ਵਾਲ਼ੀ ਪ੍ਰਕਿਰਿਆ ਹੈ, ਜਿਹੜੀ ਬਚਪਨ ਤੋਂ ਲੈ ਕੇ ਬੁਢਾਪੇ ਤੱਕ ਚੱਲਦੀ ਹੈ ਮਾਤਾ-ਪਿਤਾ ਦੁਆਰਾ ਬੱਚਿਆਂ ਨੂੰ ਆਤਮ ਨਿਰਭਰ ਹੋਣ ਲਈ ਮਦਦ ਮਿਲਦੀ ਹੈ। ਜੀਵਨ ਦੇ ਵੱਖ-ਵੱਖ ਪੜਾਵਾਂ ’ਤੇ ਵਿਅਕਤੀ ਨਵੀਆਂ ਭੂਮਿਕਾਵਾਂ ਦੇ ਅਨੁਸਾਰ ਢਲਣ ਦੀ ਕੋਸ਼ਿਸ਼ ਕਰਦਾ ਹੈ ਜਦੋਂ ਇਕ ਵਿਅਕਤੀ ਦਾ ਵਿਆਹ ਹੁੰਦਾ ਹੈ ਉਸ ਸਮੇਂ ਉਹ ਸਮਾਜੀਕਰਨ ਦੀ ਪ੍ਰਕਿਰਿਆ ਵਿਚੋਂ ਗੁਜ਼ਰਦਾ ਹੈ ਫੇਰ ਜਦੋਂ ਉਹ ਮਾਤਾ-ਪਿਤਾ ਦੀ ਭੂਮਿਕਾ ਨਿਭਾਉਂਦਾ ਹੈ ਤਾਂ ਇਹ ਪ੍ਰਕਿਰਿਆ ਮੁੜ ਸ਼ੁਰੂ ਹੋ ਜਾਂਦੀ ਹੈ। ਬੁਢਾਪੇ ਵਿਚ ਇਹ ਭੂਮਿਕਾਵਾਂ ਉਲਟ ਹੋ ਜਾਂਦੀਆਂ ਹਨ, ਬੱਚੇ ਆਪਣੇ ਮਾਤਾ-ਪਿਤਾ ਜਿਹੜੇ ਕਿ ਉਨ੍ਹਾਂ ’ਤੇ ਨਿਰਭਰ ਹੁੰਦੇ ਹਨ, ਦਾ ਧਿਆਨ ਰੱਖਦੇ ਹਨ।




ਵਿਅਕਤੀਆਂ ਦੇ ਅਨੁਸਾਰ ਸਮਾਜੀਕਰਨ ਉਹ ਪ੍ਰਕਿਰਿਆ ਹੈ, ਜਿਸ ਵਿਚ ‘ਆਪੇ’ ਦਾ ਵਿਕਾਸ ਹੁੰਦਾ ਹੈ ਅਤੇ ਸਮਾਜਿਕ ਵਿਵਸਥਾ ਦੀ ਨਿਰੰਤਰਤਾ ਅਤੇ ਕਾਰਜ ਪ੍ਰਣਾਲੀ ਨੂੰ ਜਾਰੀ ਰੱਖਣ ਲਈ ਸਮਾਜੀਕਰਨ ਦੀ ਪ੍ਰਕਿਰਿਆ ਬਹੁਤ ਜ਼ਰੂਰੀ ਹੈ ਤਾਂ ਜੋ ਵਿਅਕਤੀ ਆਪਣੀਆਂ ਭੂਮਿਕਾਵਾਂ ਠੀਕ ਤਰ੍ਹਾਂ ਨਾਲ਼ ਨਿਭਾ ਸਕਣ।


ਸਮਾਜੀਕਰਨ ਉਹ ਪ੍ਰਕਿਰਿਆ ਹੈ, ਜਿਸ ਵਿਚ ਸਿੱਖਣ ਦਾ ਹੁਨਰ, ਭੂਮਿਕਾਵਾਂ, ਕਦਰਾਂ-ਕੀਮਤਾਂ ਸ਼ਾਮਿਲ ਹਨ ਅਤੇ ਇਹ ਕਿ ਜਨਮ ਤੋਂ ਬੁਢਾਪੇ ਤੱਕ ਚੱਲਦੀ ਹੈ। ਸਮਾਜ ਸ਼ਾਸ਼ਤਰੀ ਸਿਰਫ਼ ਵਿਅਕਤੀ ਦੇ ਸਰੀਰਕ ਪੱਖ ’ਤੇ ਹੀ ਜ਼ੋਰ ਨਹੀਂ ਦਿੰਦੇ ਸਗੋਂ ਸਰੀਰਕ ਅਤੇ ਸਮਾਜਿਕ ਦੋਵੇਂ ਪੱਖ ਹੀ ਸਿੱਖਣ ਦੀ ਪ੍ਰਕਿਰਿਆ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਅਦਾ ਕਰਦੇ ਹਨ। ਵਿਅਕਤੀ ਕੋਲ਼ ਅੱਖ, ਕੰਨ ਹੁੰਦੇ ਹਨ, ਜਿਨ੍ਹਾਂ ਦੁਆਰਾ ਉਹ ਦੇਖਦੇ, ਸੁਣਦੇ ਅਤੇ ਸੁਨੇਹੇ ਲੈਂਦੇ ਹਨ। ਇਹ ਜੈਵਿਕ ਪੱਖ ਹਨ ਜੋ ਵਿਅਕਤੀ ਦੀ ਸਮਾਜੀਕਰਨ ਦੀ ਪ੍ਰਕਿਰਿਆ ਵਿੱਚ ਮਦਦ ਕਰਦੇ ਹਨ ਜਿਵੇਂ ਕਿ, ਇਕ ਨਵਾਂ ਜੰਮਿਆ

ਬੱਚਾ ਜਿਸ ਨੂੰ ਸਮਾਜ ਤੋਂ ਦੂਰ ਕਰ ਦਿੱਤਾ ਜਾਵੇ, ਉਹ ਭਾਸ਼ਾ, ਪਰਿਮਾਪ, ਕੀਮਤਾਂ, ਆਦਤਾਂ, ਤੁਰਨ ਫਿਰਨ ਵੀ ਸਿੱਖਣ ਦੇ ਯੋਗ ਨਹੀਂ ਹੋਵੇਗਾ।

ਜਨਮ ਦੇ ਸਮੇਂ ਉਹ ਕੇਵਲ ਇਕ ਜੈਵਿਕ ਪ੍ਰਾਣੀ ਹੈ, ਜੋ ਕਿ ਹੌਲ਼ੀ-ਹੌਲ਼ੀ ਦੂਸਰੇ ਸਮਾਜਿਕ ਪ੍ਰਾਣੀਆਂ ਨਾਲ਼ ਅੰਤਰ-ਕਿਰਿਆ ਰਾਹੀਂ ਸਮਾਜਿਕ ਪ੍ਰਾਣੀ ਵਿੱਚ ਤਬਦੀਲ ਹੁੰਦਾ ਹੈ। ਜਿਸ ਦੀ ਆਪਣੀ ਭਾਸ਼ਾ, ਸੱਭਿਆਚਾਰ, ਸੰਬੰਧ, ਕਦਰਾਂ-ਕੀਮਤਾਂ ਅਤੇ ਮਾਨਤਾਵਾਂ ਹੁੰਦੀਆਂ ਹਨ, ਉਸ ਪ੍ਰਕਿਰਿਆ ਨੂੰ ਸਮਾਜੀਕਰਨ ਦੀ ਪ੍ਰਕਿਰਿਆ ਦਾ ਨਾਮ ਦਿੱਤਾ ਜਾਂਦਾ ਹੈ। ਬਚਪਨ ਵਿਚ ਵਿਅਕਤੀ ਚੀਕਣੀ ਮਿੱਟੀ ਦੀ ਤਰ੍ਹਾਂ ਹੁੰਦਾ ਹੈ, ਜਿਸ ਨੂੰ ਮਾਤਾ-ਪਿਤਾ, ਪਰਿਵਾਰ, ਸਮਾਜ, ਸਮਾਜੀਕਰਨ ਦੀ ਪ੍ਰਕਿਰਿਆ ਦੁਆਰਾ ਸਮਾਜ ਵਿੱਚ ਸਥਾਪਿਤ ਮਾਪਦੰਡਾਂ ਅਨੁਸਾਰ ਮਨੁੱਖੀ ਆਦਤਾਂ ਸਿਖਾ ਕੇ ਉਸ ਦੇ ਵਿਵਹਾਰ ਨੂੰ ਪਰਿਵਰਤਤ ਕਰਦੇ ਹਨ। ਇਹ ਪ੍ਰਕਿਰਿਆ ਇਥੇ ਹੀ ਖ਼ਤਮ ਨਹੀਂ ਹੁੰਦੀ ਸਗੋਂ ਇਹ ਨਿਰੰਤਰ ਤੌਰ ’ਤੇ ਚੱਲਦੀ ਰਹਿੰਦੀ ਹੈ, ਜਿਸ ਵਿਚ ਸਮਾਜ ਦੀਆਂ ਕੀਮਤਾਂ ਅਤੇ ਵਿਚਾਰਾਂ ਨੂੰ ਤਾਂ ਉਮਰ ਭਰ ਸਿੱਖਿਆ ਜਾਂਦਾ ਹੈ।

## ਸਮਾਜੀਕਰਨ ਦੇ ਪੜਾਅ

ਸਮਾਜੀਕਰਨ ਸਿੱਖਣ ਦੀ ਨਿਰੰਤਰ ਪ੍ਰਕਿਰਿਆ ਹੈ। ਨਵਜਾਤ ਬੱਚੇ ਨੂੰ ਸਮਾਜਿਕ ਜੀਵਨ ਬਾਰੇ ਸਾਰੀਆਂ ਚੀਜ਼ਾਂ ਇੱਕਠੀਆਂ ਨਹੀਂ ਸਿਖਾਈਆਂ ਜਾ ਸਕਦੀਆਂ। ਜੀਵਨ ਦੇ ਅਰੰਭਿਕ ਪੱਧਰ ਉੱਤੇ ਬਚਪਨ ਦੀ ਅਵਸਥਾ ਅਤੇ ਬਾਲ ਅਵਸਥਾ ਵਿੱਚ ਸਮਾਜੀਕਰਨ, ਸਮਾਜਿਕ ਜਗਤ ਦੇ ਨਾਲ਼ ਸ਼ੁਰੂ ਹੁੰਦਾ ਹੈ। ਹੌਲ਼ੀ-ਹੌਲ਼ੀ ਬੱਚੇ ਦਾ ਸਮਾਜਿਕ ਦਾਇਰਾ ਵੱਧਦਾ ਹੈ ਅਤੇ ਬੱਚਾ ਬਹੁਤ ਸਾਰੀਆਂ ਵਸਤੂਆਂ ਨੂੰ ਸਿੱਖਦਾ ਹੈ ਅਤੇ ਉਹਨਾਂ ਦੇ ਅਨੁਸਾਰ ਆਪਣੇ-ਆਪ ਨੂੰ ਢਾਲਣ ਦੀ ਕੋਸ਼ਿਸ਼ ਕਰਦਾ ਹੈ, ਜਦੋਂ ਕਿ ਸਮਾਜੀਕਰਨ ਦੀ ਪ੍ਰਕਿਰਿਆ ਦੇ ਸ਼ੁਰੂ ਅਤੇ ਅੰਤ ਦਾ ਕੋਈ ਨਿਸ਼ਚਿਤ ਸਮਾਂ ਨਹੀਂ ਹੁੰਦਾ। ਹਾਲਾਂਕਿ ਸਮਾਜ ਸ਼ਾਸ਼ਤਰੀਆਂ ਨੇ ਸਮਾਜੀਕਰਨ ਦੇ ਕੁਝ ਪੱਧਰਾਂ ਨੂੰ ਪ੍ਰਗਟਾਇਆ ਹੈ। ਕਈ ਵਿਚਾਰਕਾਂ ਨੇ ਇਹਨਾਂ ਪੱਧਰਾਂ ਨਾਲ਼ ਜੁੜੇ ਭਿੰਨ-ਭਿੰਨ ਪ੍ਰਕਾਰ ਦੇ ਮਾਡਲ ਦਿੱਤੇ ਹਨ। ਮੁੱਖ ਰੂਪ ਵਿੱਚ ਨਿਮਨਲਿਖਤ ਪੜਾਵਾਂ ਦਾ ਵਰਣਨ ਕੀਤਾ ਗਿਆ ਹੈ।



### ਬਾਲਪਨ

ਇਹ ਪੜਾਅ ਬੱਚੇ ਦੇ ਜਨਮ ਨਾਲ਼ ਸ਼ੁਰੂ ਹੁੰਦਾ ਹੈ ਅਤੇ ਇਕ ਸਾਲ ਦੀ ਉਮਰ ਤੱਕ ਚਲਦਾ ਹੈ। ਸਭ ਤੋਂ ਪਹਿਲਾਂ ਬੱਚਾ ਆਪਣੀ ਮਾਂ, ਪਿਤਾ ਅਤੇ ਹੋਰ ਪਰਿਵਾਰਕ ਮੈਂਬਰਾਂ ਦੇ ਸੰਪਰਕ ਵਿੱਚ ਆਉਂਦਾ ਹੈ। ਇਸ ਪੜਾਅ ਵਿੱਚ ਪਰਿਵਾਰ ਹੀ ਸਮਾਜੀਕਰਨ ਦਾ ਮੁੱਖ ਪੜਾਅ ਮੰਨਿਆ ਗਿਆ ਹੈ। ਬੱਚਾ ਪਰਿਵਾਰ ਵਿੱਚ ਰਹਿ ਕੇ ਹੀ ਚੱਲਣਾ, ਬੋਲਣਾ, ਖਾਣਾ ਅਤੇ ਪਰਿਵਾਰਕ ਰਿਸ਼ਤਿਆਂ ਨੂੰ ਸਮਝਦਾ ਹੈ, ਨਾਲ਼ ਹੀ ਇਸ ਵਿੱਚ ਉਹ ਆਪਣੇ ਰੋਜ਼ਮਰਾ ਜ਼ਿੰਦਗੀ ਦੀਆਂ ਗਤੀਵਿਧੀਆਂ ਜਿਵੇਂ ਸਰੀਰ ਨੂੰ ਸਾਫ਼ ਰੱਖਣ ਬਾਰੇ ਵੀ ਸਿੱਖਦਾ ਹੈ। ਸੰਖੇਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਇਸ ਪੜਾਅ ਤੇ ਬੱਚਾ ਵਿਵਹਾਰ ਦੇ ਮੁੱਢਲੇ ਨਿਯਮਾਂ ਨੂੰ ਸਿੱਖਦਾ ਹੈ।



ਬਾਲਪਨ ਅਵਸਥਾ

### ਬਚਪਨ





ਖੇਡਦੇ ਹੋਏ ਬੱਚੇ – ਨਰਸਰੀ ਸਕੂਲ ਵਿੱਚ ਬੱਚੇ

ਪਰਿਵਾਰ ਤੋਂ ਬਾਅਦ ਬੱਚਾ ਬਾਹਰਲੀ ਦੁਨੀਆਂ ਦੇ ਸੰਪਰਕ ਵਿੱਚ ਆਉਂਦਾ ਹੈ। ਹੌਲ਼ੀ-ਹੌਲ਼ੀ ਉਹ ਦੋਸਤ ਬਣਾਉਂਦਾ ਹੈ, ਜਿਨ੍ਹਾਂ ਨਾਲ਼ ਉਹ ਖੇਡਦਾ ਹੈ ਅਤੇ ਬੋਲਚਾਲ ਵਧਾਉਂਦਾ ਹੈ। ਤਿੰਨ ਚਾਰ ਸਾਲ ਦੀ ਉਮਰ ਵਿੱਚ ਉਸਨੂੰ ਸਕੂਲ ਦਾਖਲ ਕਰਾਇਆ ਜਾਂਦਾ ਹੈ। ਜਿੱਥੇ ਉਹ ਨਵੇਂ ਦੋਸਤ ਬਣਾਉਂਦਾ ਹੈ। ਨੌਂ-ਦਸ ਸਾਲ ਦੀ ਉਮਰ ਤੱਕ ਬੱਚੇ ਦੇ ਵਿਵਹਾਰ ਨੂੰ ਵਾਚਿਆ ਜਾਂਦਾ ਹੈ ਅਤੇ ਉਸ ਉਪਰ ਮਾਂ-ਬਾਪ, ਅਧਿਆਪਕਾਂ, ਗੁਆਂਢ, ਦੋਸਤਾਂ ਆਦਿ ਦਾ ਅਸਰ ਪੈਂਦਾ ਹੈ, ਜਿਸ ਨਾਲ਼ ਉਸਦਾ ਵਿਵਹਾਰ ਬਦਲਦਾ ਹੈ। ਉਦਾਹਰਨ ਵਜੋਂ ਕਬਾਇਲੀ ਸਮਾਜਾਂ ਵਿੱਚ ਬੱਚੇ ਦਾ ਸਮਾਜੀਕਰਨ ਪਰਿਵਾਰ ਵਿੱਚ ਰਹਿ ਕੇ ਸਰੀਰਿਕ ਗਤੀਵਿਧੀਆਂ ਕਰਕੇ ਬਣਦਾ ਹੈ, ਕਿਉਂਕਿ ਉਹ ਕੁਦਰਤ ਦੇ ਨੇੜੇ ਹਨ। ਅਜਿਹੇ ਸਮਾਜਾਂ ਵਿੱਚ ਉਹ ਆਪਣੇ ਆਲ਼ੇ-ਦੁਆਲ਼ੇ ਬਾਰੇ, ਸੱਭਿਆਚਾਰ, ਮੌਸਮਾਂ, ਸ਼ਿਕਾਰ ਆਦਿ ਬਾਰੇ ਸਿੱਖਦਾ ਹੈ। ਉਹ ਗੀਤ ਸੰਗੀਤ, ਨਾਚ ਅਤੇ ਆਪਣੀਆਂ ਲੋਕ ਪਰੰਪਰਾਵਾਂ ਨੂੰ ਸਿੱਖਦਾ ਹੈ। ਇਹੀ ਗੱਲ ਪੇਂਡੂ ਬੱਚਿਆਂ 'ਤੇ ਵੀ ਲਾਗੂ ਹੁੰਦੀ ਹੈ। ਦੂਸਰੇ ਪਾਸੇ, ਖੋਜਾਂ ਤੋਂ ਸਿੱਧ ਹੁੰਦਾ ਹੈ ਕਿ ਪੇਂਡੂ ਤੇ ਕਬਾਇਲੀ ਬੱਚਿਆਂ ਦੇ ਮੁਕਾਬਲੇ ਸ਼ਹਿਰੀ ਬੱਚਿਆਂ ਵਿੱਚ ਪੁਰਾਣੀਆਂ ਪ੍ਰੰਪਰਾਵਾਂ ਦੇ ਗਿਆਨ ਦੀ ਘਾਟ ਹੁੰਦੀ ਹੈ ਪਰੰਤੂ ਖੋਜਾਂ ਇਹ ਵੀ ਦੱਸਦੀਆਂ ਹਨ ਕਿ ਪੇਂਡੂ ਤੇ ਕਬਾਇਲੀ ਬੱਚਿਆਂ ਦੀ ਤੁਲਨਾਂ ਵਿੱਚ ਸ਼ਹਿਰੀ ਬੱਚਿਆਂ ਨੂੰ ਵਧੇਰੇ ਮੌਕੇ ਪ੍ਰਾਪਤ ਹੋਣ ਕਾਰਨ; ਉਹਨਾਂ ਦੀ ਸ਼ਬਦਾਵਲੀ ਕਾਫ਼ੀ ਵਿਕਸਤ ਹੁੰਦੀ ਹੈ। ਹਰ ਸਮਾਜ ਵਿੱਚ ਭਾਵੇਂ ਉਹ ਕਬਾਇਲੀ ਹੈ, ਪੇਂਡੂ ਜਾਂ ਸ਼ਹਿਰੀ, ਸਮਾਜੀਕਰਨ ਦੀ ਪ੍ਰਕਿਰਿਆ ਵੱਖ-ਵੱਖ ਹੈ।

## ਕਿਸ਼ੋਰ ਅਵਸਥਾ

ਸਮਾਜੀਕਰਨ ਦੇ ਕਿਸ਼ੋਰ ਅਵਸਥਾ ਦੇ ਪੜਾਅ ਵਿੱਚ ਬੱਚਿਆਂ ਦੀਆਂ ਜ਼ਰੂਰਤਾਂ, ਸੰਗਤ ਅਤੇ ਸੰਬੰਧ ਬਦਲ ਜਾਂਦੇ ਹਨ। ਉਹਨਾਂ ਉਪਰ ਵੱਖ-ਵੱਖ ਸਭਿਆਚਾਰਾਂ ਅਤੇ ਹੋਰ ਸਮਾਜਾਂ ਦਾ ਪ੍ਰਭਾਵ ਪੈਂਦਾ ਹੈ ਕਿਉਂਕਿ ਉਹ ਭਿੰਨ-ਭਿੰਨ ਲੋਕਾਂ ਦੇ ਸੰਪਰਕ ਵਿੱਚ ਆਉਂਦੇ ਹਨ। ਇਹ ਪੜਾਅ ਬਹੁਤ ਹੀ ਅਹਿਮ ਮੰਨਿਆ ਜਾਂਦਾ ਹੈ। ਕਿਉਂਕਿ ਬੱਚਾ ਨਾ ਤਾਂ ਬਹੁਤ ਸਮਝਦਾਰ ਹੁੰਦਾ ਹੈ ਅਤੇ ਨਾ ਹੀ ਬਚਪਨੇ ਵਿੱਚ ਹੁੰਦਾ ਹੈ। ਇਸ ਪੜਾਅ ਵਿੱਚ ਬਹੁਤ ਸਾਰੇ ਸਰੀਰਿਕ, ਜੈਵਿਕ ਅਤੇ ਹਾਰਮੋਨਲ ਬਦਲਾਵ ਆਉਂਦੇ ਹਨ, ਜਿਹੜੇ ਕਿ ਕਈ ਮਨੋਵਿਗਿਆਨਕ ਸਮੱਸਿਆਵਾਂ ਦਾ ਕਾਰਨ ਬਣ ਸਕਦੇ ਹਨ।

**ਗਤੀਵਿਧੀ -6**

- ਕੀ ਤੁਸੀਂ ਸੋਚਦੇ ਹੋ ਕਿ ਕਿਸ਼ੋਰ ਅਵਸਥਾ ਇਕ ਉਲਝਣਾ ਭਰੀ ਅਵਸਥਾ ਹੈ ?
- ਕੀ ਤੁਹਾਨੂੰ ਘਰ ਅਤੇ ਸਕੂਲ ਵਿੱਚ ਹੁਣ ਵੀ ਬੱਚੇ ਅਤੇ ਕਿਸ਼ੋਰ ਦੋਨੋਂ ਹੀ ਸਮਝਿਆ ਜਾਂਦਾ ਹੈ ?
- ਕੀ ਤੁਹਾਨੂੰ ਲੱਗਦਾ ਹੈ ਕਿ ਇਹ ਅਵਸਥਾ ਤੁਹਾਡੇ ਦਿਮਾਗ ਵਿੱਚ ਸੰਘਰਸ਼ ਪੈਦਾ ਕਰਦੀ ਹੈ ?
- ਕੀ ਤੁਸੀਂ ਸਮਝਦੇ ਹੋ ਕਿ ਇਹ ਸੰਘਰਸ਼ ਦੀ ਸਥਿਤੀ ਨੂੰ ਜਨਮ ਦਿੰਦਾ ਹੈ। ਇਹੋ ਜਿਹੀਆਂ ਕੁਝ ਪ੍ਰਸਥਿਤੀਆਂ ਆਪਣੇ ਅਧਿਆਪਕ ਨਾਲ਼ ਸਾਂਝੀਆਂ ਕਰੋ।

## ਬਾਲਗ ਅਵਸਥਾ

ਪਹਿਲੇ ਪੜਾਅ ਨਾਲ਼ੋਂ ਇਸ ਪੜਾਅ ਵਿਚ ਸਮਾਜਿਕ ਦਾਇਰਾ ਹੋਰ ਵੱਧ ਜਾਂਦਾ ਹੈ। ਵਿਅਕਤੀ ਕਿਸੇ ਕੰਮ ਧੰਦੇ ਨਾਲ਼ ਜੁੜ ਜਾਂਦਾ ਹੈ। ਉਹ ਕਿਸੇ ਕਲੱਬ, ਸਮਾਜਿਕ ਸਮੂਹ, ਰਾਜਨੀਤਿਕ ਸਮੂਹ, ਆਦਿ ਦਾ ਮੈਂਬਰ ਬਣ ਜਾਂਦਾ ਹੈ। ਇਸੇ ਪੜਾਅ ਦੇ ਦੌਰਾਨ ਉਸਦਾ ਵਿਆਹ ਵੀ ਹੋ ਜਾਂਦਾ ਹੈ ਅਤੇ ਉਸ ਦੇ ਸੰਪਰਕ ਵਿਚ ਗੁਆਂਢੀ ਅਤੇ ਹੋਰ ਪਰਿਵਾਰਕ ਮੈਂਬਰ ਵੀ ਆਉਂਦੇ ਹਨ ਉਹ ਆਪਣੇ ਮਿੱਤਰਾਂ ਤੋਂ ਇਲਾਵਾ ਆਪਣੇ ਸਹੁਰਾ ਪਰਿਵਾਰ ਨਾਲ਼ ਵੀ ਜੁੜ ਜਾਂਦਾ ਹੈ। ਇਸ ਉਮਰ ਵਿੱਚ ਉਹ ਕਿਸੇ ਤੇ ਨਿਰਭਰ ਨਹੀਂ ਰਹਿੰਦਾ ਸਗੋਂ ਉਹ ਇਕ ਜ਼ੁੰਮੇਵਾਰ ਵਿਅਕਤੀ ਬਣ ਜਾਂਦਾ ਹੈ ਅਤੇ ਉਹ ਇਕ ਪਤੀ/ਪਤਨੀ, ਮਾਂ/ਬਾਪ, ਪਰਿਵਾਰ ਦੇ ਕਰਤਾ ਅਤੇ ਦੇਸ਼ ਦੇ ਨਾਗਰਿਕ ਦਾ ਭੂਮਿਕਾ ਅਦਾ ਕਰ ਰਿਹਾ ਹੁੰਦਾ ਹੈ। ਇਸ ਲਈ ਨਵੀਆਂ ਭੂਮਿਕਾਵਾਂ ਨਾਲ਼, ਨਵੀਆਂ ਉਮੀਦਾਂ ਵੀ ਜੁੜ ਜਾਂਦੀਆਂ ਹਨ, ਜਿਹੜੀਆਂ ਭਵਿੱਖ ਵਿੱਚ ਸਮਾਜੀਕਰਨ ਦੀ ਪ੍ਰਕਿਰਿਆ ਵਿਚ ਸਹਾਈ ਹੁੰਦੀਆਂ ਹਨ ਅਤੇ ਇਸਦੇ ਨਾਲ਼ ਉਹ ਬਦਲਦੀਆਂ ਪ੍ਰਸਥਿਤੀਆਂ ਦੇ ਨਾਲ਼ ਆਪਣੇ-ਆਪ ਨੂੰ ਢਾਲਣ ਦੀ ਕੋਸ਼ਿਸ ਕਰਦਾ ਹੈ।




ਪਰਿਵਾਰ ਅਤੇ ਕੰਮਕਾਜੀ ਸਮੂਹ ਨਾਲ਼ ਕਿਸ਼ੋਰ

## ਬਿਰਧ ਅਵਸਥਾ



ਇਕ ਬਜ਼ੁਰਗ ਵਿਅਕਤੀ ਦਾ ਜੀਵਨ ਵਾਤਾਵਰਨ, ਕੰਮ-ਕਾਜ, ਦੋਸਤਾਂ ਅਤੇ ਦੂਸਰੇ ਸਮੂਹਾਂ ਤੋਂ ਪ੍ਰਭਾਵਿਤ ਹੁੰਦਾ ਹੈ। ਬਹੁਤ ਸਾਰੀਆਂ ਕਦਰਾਂ-ਕੀਮਤਾਂ ਉਸਦੇ ਅੰਦਰ ਸਮਾ ਚੁੱਕੀਆਂ ਹੁੰਦੀਆਂ ਹਨ ਅਤੇ ਉਹ ਸਮਾਜ ਵਿਚ ਆਪਣੇ-ਆਪ ਨੂੰ ਸਮਾ ਲੈਂਦਾ ਹੈ। ਅਸਲ ਵਿੱਚ ਇਸ ਅਵਸਥਾ ਵਿਚ ਮਨੁੱਖ ਮਜ਼ਬੂਤ ਬਣ ਜਾਂਦਾ ਹੈ ਅਤੇ ਔਖੀ ਘੜੀ ਵਿਚ ਵੀ ਆਪਣੇ ਆਪ ਨੂੰ ਢਾਲ਼ ਲੈਂਦਾ ਹੈ। ਉਸ ਨਾਲ਼ ਨਵੇਂ ਸੰਬੰਧ ਜਿਵੇਂ ਦਾਦਾ-ਦਾਦੀ, ਨਾਨਾ-ਨਾਨੀ, ਸੱਸ-ਸਹੁਰਾ, ਸੀਨੀਅਰ ਨਾਗਰਿਕ ਆਦਿ ਦੀਆਂ ਭੂਮਿਕਾਵਾਂ ਜੁੜ ਜਾਂਦੀਆਂ ਹਨ। ਇਹ ਸਮਾਜੀਕਰਨ ਦਾ ਆਖਰੀ ਪੜਾਅ ਹੈ। ਪਰ ਇਹ ਪ੍ਰਕਿਰਿਆ ਇੱਥੇ ਹੀ ਖ਼ਤਮ ਨਹੀਂ ਹੁੰਦੀ ਬਲਕਿ ਇਹ ਉਮਰ ਭਰ ਚੱਲਦੀ ਰਹਿੰਦੀ ਹੈ। ਇਹ ਜਨਮ ਤੋਂ ਲੈ ਕੇ ਮੌਤ ਤੱਕ ਚੱਲਣ ਵਾਲ਼ੀ ਪ੍ਰਕਿਰਿਆ ਹੈ।

## ਸਮਾਜੀਕਰਨ ਦੀਆਂ ਏਜੰਸੀਆਂ/ਸੰਸਥਾਵਾਂ

ਮਨੁੱਖੀ ਜੀਵਨ ਦੇ ਵੱਖ ਵੱਖ ਪੜਾਵਾਂ ਵਿੱਚ ਮਨੁੱਖ ਬਹੁਤ ਸਾਰੇ ਵਿਅਕਤੀਆਂ, ਸਮੂਹਾਂ, ਸੰਸਥਾਵਾਂ ਅਤੇ ਸਮੁਦਾਵਾਂ ਦੇ ਸੰਪਰਕ ਵਿੱਚ ਆਉਂਦਾ ਹੈ ਜਿਨ੍ਹਾਂ ਤੋਂ ਉਹ ਬਹੁਤ ਕੁਝ ਸਿੱਖਦਾ ਹੈ। ਵੱਖ-ਵੱਖ ਸਮੂਹ ਅਤੇ ਸੰਸਥਾਵਾਂ ਮਨੁੱਖ ਦੇ ਵਿਵਹਾਰ ਨੂੰ ਸੰਵਾਰਨ ਵਿੱਚ ਮਹੱਤਵਪੂਰਨ ਭੂਮਿਕਾਵਾਂ ਨਿਭਾਉਂਦੀਆਂ ਹਨ। ਇਸ ਦੇ ਨਾਲ਼ ਹੀ ਮਨੁੱਖ ਸੱਭਿਆਚਾਰ ਦੇ ਕਈ ਤੱਤਾਂ ਨੂੰ ਆਤਮਸਾਤ ਕਰਦਾ ਹੈ। ਹਰ ਸਮਾਜ ਦੇ ਸਮਾਜੀਕਰਨ ਦੇ ਆਪਣੇ ਸਾਧਨ -ਵਿਅਕਤੀ, ਸਮੂਹ ਅਤੇ ਸੰਸਥਾਵਾਂ ਜੋ ਜੀਵਨ ਭਰ ਸਮਾਜੀਕਰਨ ਲਈ ਉੱਚਿਤ ਮਾਤਰਾ ਪ੍ਰਦਾਨ ਕਰਦੇ ਹਨ। ਸਮਾਜੀਕਰਨ ਦੇ ਸਾਧਨ ਉਸ ਪ੍ਰਣਾਲੀ ਦਾ ਹਿੱਸਾ ਹਨ ਜਿਸ ਅਧੀਨ ਵਿਅਕਤੀ ਸੱਭਿਆਚਾਰ ਦੇ ਵਿਸ਼ਵਾਸ, ਕੀਮਤਾਂ ਅਤੇ ਵਿਵਹਾਰਕ ਢੰਗ-ਤਰੀਕਿਆਂ ਨੂੰ ਸਿੱਖਦਾ ਹੈ, ਇਹ ਨਵੇਂ ਮੈਂਬਰਾਂ ਨੂੰ ਆਪਣਾ ਸਥਾਨ ਬਣਾਉਣ ਵਿੱਚ ਮਦਦ ਕਰਦਾ ਹੈ ਅਤੇ ਪੁਰਾਣੇ ਮੈਂਬਰਾਂ ਨੂੰ ਸਮਾਜ ਵਿੱਚ ਨਵੀਆਂ ਜ਼ੁੰਮੇਵਾਰੀਆਂ ਨਿਭਾਉਣ ਲਈ ਤਿਆਰ ਕਰਦਾ ਹੈ।


**ਬਾਕਸ-2**

**ਸਮਾਜੀਕਰਨ ਦੇ ਦੋ ਪੜਾਅ ਹਨ** : ਮੁੱਢਲੇ ਅਤੇ ਗੌਣ (ਸੈਕੰਡਰੀ) ਇਨ੍ਹਾਂ ਦੋਹਾਂ ਪੜਾਵਾਂ ਵਿਚ ਰਸਮੀ ਅਤੇ ਗ਼ੈਰ-ਰਸਮੀ ਸੰਸਥਾਵਾਂ ਸਮਾਜੀਕਰਨ ਦੀਆਂ ਅਵਸਥਾਵਾਂ ਲਈ ਉੱਤਰਦਾਈ ਹੁੰਦੀਆਂ ਹਨ। ਇਹ ਉਹ ਸੰਸਥਾਵਾਂ ਜਾਂ ਵਿਅਕਤੀ ਹੁੰਦੇ ਹਨ, ਜੋ ਵਿਅਕਤੀ ਵਿੱਚ ਵਿਸ਼ੇਸ਼ ਸਮਾਜ ਦੇ ਲਈ ਕਦਰਾਂ-ਕੀਮਤਾਂ ਅਤੇ ਪ੍ਰਤਿਮਾਨਾ ਦਾ ਸਮਾਜੀਕਰਨ ਕਰਦੇ ਹਨ।

ਉਹ ਵਿਅਕਤੀ ਅਤੇ ਸਮੂਹ ਜੋ ਕਿ ਸਾਡੇ ਸ੍ਵੈ-ਸੰਕਲਪ, ਭਾਵਨਾਵਾਂ ਅਤੇ ਵਿਵਹਾਰਾਂ ਨੂੰ ਪ੍ਰਭਾਵਿਤ ਕਰਦੇ ਹਨ, ਉਹਨਾਂ ਨੂੰ ਸਮਾਜੀਕਰਨ ਦੀਆਂ ਸੰਸਥਾਵਾਂ ਕਿਹਾ ਜਾਂਦਾ ਹੈ। ਸਮਾਜੀਕਰਨ ਦੀਆਂ ਸੰਸਥਾਵਾਂ ਉਹ ਸਰੋਤ ਹੁੰਦੀਆਂ ਹਨ, ਜੋ ਸਮਾਜ ਅਤੇ ਆਪਣੇ-ਆਪ ਨੂੰ ਸਮਝਣ ਵਿੱਚ ਸਹਾਈ ਹੁੰਦੀਆਂ ਹਨ। ਵਿਅਕਤੀ ਦੇ ਸਮਾਜੀਕਰਨ ਦੇ ਲਈ ਸਹਾਇਕ ਪਰਿਵਾਰਿਕ ਮੈਂਬਰ, ਮਿੱਤਰ, ਗੁਆਂਢ, ਪੁਲੀਸ, ਮਾਲਕ, ਅਧਿਆਪਕ, ਰਾਜਨੇਤਾ, ਵਿਉਪਾਰੀ, ਧਾਰਮਿਕ ਆਗੂ, ਸੰਪਾਦਕ, ਖਿਡਾਰੀ ਅਤੇ ਮਨੋਰੰਜਨ ਕਰਨ ਵਾਲ਼ੇ ਕਲਾਕਾਰ ਜਿਵੇਂ ਫਿਲਮੀ ਕਲਾਕਾਰ ਆਦਿ ਸ਼ਾਮਿਲ ਹੁੰਦੇ ਹਨ।

## ਸਮਾਜੀਕਰਨ ਦੀਆਂ ਸੰਸਥਾਵਾਂ

ਸਮਾਜੀਕਰਨ ਦੀਆਂ ਸੰਸਥਾਵਾਂ ਨੂੰ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ।
ਗ਼ੈਰ-ਰਸਮੀ ਜਾਂ (ਸਮਾਜਿਕ ਸਮੂਹ) ਸੰਸਥਾ ਅਤੇ ਰਸਮੀ ਜਾਂ (ਸੰਸਥਾਗਤ ਸੰਸਥਾਵਾਂ)




## ਗ਼ੈਰ-ਰਸਮੀ ਸੰਸਥਾਵਾਂ/ ਏਜੰਸੀਆਂ

ਇਸਦੇ ਅੰਤਰਗਤ ਵਿਅਕਤੀ ਅਤੇ ਸਮਾਜਿਕ ਸੰਸਥਾਵਾਂ ਆਉਂਦੀਆਂ ਹਨ, ਜੋ ਵਿਅਕਤੀ ਦਾ ਗ਼ੈਰ-ਰਸਮੀ ਤੌਰ 'ਤੇ ਸਮਾਜੀਕਰਨ ਕਰਦੀਆਂ ਹਨ, ਜਿਵੇਂ ਪਰਿਵਾਰ, ਸਹਿਯੋਗੀ ਸਮੂਹ, ਗੁਆਂਢ ਅਤੇ ਧਰਮ।

## ਪਰਿਵਾਰ

ਪਰਿਵਾਰ ਸਮਾਜੀਕਰਨ ਦੀ ਸਭ ਤੋਂ ਪਹਿਲੀ ਅਤੇ ਮਹੱਤਵਪੂਰਨ ਇਕਾਈ ਹੈ, ਇਸਦੇ ਬਾਅਦ ਦੋਸਤ, ਸਮੂਹ ਅਤੇ ਗੁਆਂਢ ਹੁੰਦੇ ਹਨ। ਪਰਿਵਾਰ ਸਮਾਜ ਦੀ ਇਕ ਛੋਟੀ ਇਕਾਈ ਹੁੰਦੀ ਹੈ ਅਤੇ ਇਸਦੇ ਸਾਰੇ ਰੂਪਾਂ ਨੂੰ ਪ੍ਰਗਟਾਉਂਦੀ ਹੈ। ਸਮਾਜ ਵਿੱਚ ਪਰਿਵਾਰ ਅਨੇਕਾਂ ਕੰਮਾਂ ਨੂੰ ਨਿਭਾਉਂਦਾ ਹੈ। ਬੱਚੇ ਦੀਆਂ ਅਨੇਕ ਜ਼ਰੂਰਤਾਂ, ਉਦਾਹਰਨ ਦੇ ਲਈ ਮਨੋਵਿਗਿਆਨਿਕ, ਮਨੋਰੰਜਕ, ਬਚਾਅ, ਸਿੱਖਿਅਕ ਅਤੇ ਆਰਥਿਕ ਪਰਿਵਾਰ ਦੁਆਰਾ ਹੀ ਪੂਰੀਆਂ ਹੁੰਦੀਆਂ ਹਨ। ਕੁਝ ਲੋਕ ਇਕਹਿਰੇ ਪਰਿਵਾਰ ਵਿੱਚ ਰਹਿੰਦੇ ਹਨ, ਜਦੋਂ ਕਿ ਕਈ ਲੋਕ ਸਾਂਝੇ ਪਰਿਵਾਰ ਵਿੱਚ ਰਹਿੰਦੇ ਹਨ। ਸੰਯੁਕਤ ਪਰਿਵਾਰ ਵਿੱਚ ਦਾਦਾ-ਦਾਦੀ/ਨਾਨਾ-ਨਾਨੀ ਸਮਾਜੀਕਰਨ ਦੇ ਮੁੱਖ ਸਰੋਤ ਹੁੰਦੇ ਹਨ, ਜਦੋਂ ਕਿ ਇਕਹਿਰੇ ਪਰਿਵਾਰ ਵਿਚ ਇਹ ਭੂਮਿਕਾ ਮਾਤਾ-ਪਿਤਾ ਦੁਆਰਾ ਨਿਭਾਈ ਜਾਂਦੀ ਹੈ। ਸਾਰੇ ਪ੍ਰਕਾਰ ਦੇ ਪਰਿਵਾਰਾਂ ਵਿਚ ਮਾਂ ਵਲੋਂ ਸਮਾਜੀਕਰਨ ਦੀ ਪ੍ਰਕਿਰਿਆ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਜਾਂਦੀ ਹੈ। ਸੀ.ਐੱਚ.ਕੂਲੇ ਦੇ ਅਨੁਸਾਰ, ਪਰਿਵਾਰ ਦੇ ਅੰਤਰਗਤ ਸਮਾਜ ਦੇ ਸਾਰੇ ਮਾਪਦੰਡ, ਕਦਰਾਂ-ਕੀਮਤਾਂ, ਵਿਵਹਾਰਿਕ ਸਰੂਪ, ਪ੍ਰਸਥਿਤੀ ਅਤੇ ਭੂਮਿਕਾ ਆਉਂਦੇ ਹਨ, ਵਿਅਕਤੀ ਨੂੰ ਸਮਾਜ ਦਾ ਮਹੱਤਵਪੂਰਨ ਭਾਗ ਬਣਾਉਣ ਵਿਚ ਪਰਿਵਾਰ ਦੀ ਭੂਮਿਕਾ ਮਹੱਤਵਪੂਰਨ ਹੈ। ਬੱਚਾ ਪਰਿਵਾਰ ਵਿਚ ਮੈਂਬਰਾਂ ਦੀਆਂ ਭੂਮਿਕਾਵਾਂ ਦਾ ਨਿਰੀਖਣ ਕਰਦਾ ਹੈ ਜਿਵੇਂ ਮਾਤਾ, ਪਿਤਾ, ਭੈਣ, ਭਰਾ, ਪਤੀ, ਪਤਨੀ ਆਦਿ। ਪਰਿਵਾਰ ਦੇ ਸਾਰੇ ਮੈਂਬਰ ਅਪਣੀਆਂ-ਆਪਣੀਆਂ ਪ੍ਰਸਥਿਤੀਆਂ ਦੇ ਅਨੁਸਾਰ ਭੂਮਿਕਾ ਨਿਭਾਉਂਦੇ ਹਨ। ਬੱਚਾ ਇਨ੍ਹਾਂ

ਪ੍ਰਸਥਿਤੀਆਂ ਅਤੇ ਭੂਮਿਕਾਵਾਂ ਦੇ ਅਨੁਸਾਰ ਆਪਣੇ-ਆਪ ਨੂੰ ਪਹਿਚਾਣਦਾ ਹੈ। ਸਮੇਂ ਦੇ ਨਾਲ਼ ਬੱਚਾ ਪਰਿਵਾਰ ਵਿਚੋਂ ਬਾਹਰ ਨਿਕਲ ਕੇ ਸਮਾਜਿਕ ਕਿਰਿਆਵਾਂ ਵਿਚ ਹਿੱਸਾ ਲੈਂਦਾ ਹੈ। ਉਹ ਪਰਿਵਾਰ ਵਿੱਚ ਕਾਫ਼ੀ ਸਮਾਜਿਕ ਵਿਵਹਾਰਾਂ ਨੂੰ ਸਿੱਖਦਾ ਹੈ। ਪਰਿਵਾਰ ਵਿੱਚ ਬੱਚਾ ਆਪਣੇ ਸੱਭਿਆਚਾਰ ਦੇ ਗਿਆਨ, ਵਿਸ਼ਵਾਸ, ਮਨੋਭਾਵ, ਭਾਵੁਕਤਾ ਨੂੰ ਅਪਣਾਉਂਦਾ ਅਤੇ ਸਿੱਖਦਾ ਹੈ।



ਵਿਆਹ ਵਿੱਚ ਸ਼ਾਮਿਲ ਪਰਿਵਾਰ



ਮੰਦਿਰ ਵਿੱਚ ਪੂਜਾ ਕਰਦਾ ਹੋਇਆ ਪਰਿਵਾਰ

## ਗਤੀਵਿਧੀ- 6.2

1. ਹਰ ਪਰਿਵਾਰ ਇਕ ਖਾਸ ਤਰ੍ਹਾਂ ਦੇ ਪਰਿਮਾਪ ਅਪਣਾਉਂਦਾ ਹੈ ਜੋ ਕਿ ਮਨੁੱਖ ਦੇ ਵਿਵਹਾਰ ਨੂੰ ਨਿਯਮਤ ਕਰਦੇ ਹਨ। ਤੁਹਾਡੇ ਪਰਿਵਾਰ ਦੇ ਪਰਿਮਾਪ ਦੱਸੋ ਜਿਹੜੇ ਦੂਸਰੇ ਪਰਿਵਾਰਾਂ ਵਿਚ ਨਾ ਹੋਣ।
2. ਤੁਸੀਂ ਕਿਵੇਂ ਸੋਚਦੇ ਹੋ ਕਿ ਪਰਿਵਾਰ ਦੇ ਵੱਡੇ-ਵੱਡੇਰੇ (ਦਾਦਾ-ਦਾਦੀ ਆਦਿ) ਬੱਚਿਆਂ ਦੇ ਸਮਾਜੀਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

## ਸਾਥੀ ਸਮੂਹ ਅਤੇ ਗੁਆਂਢ

ਸਾਥੀ ਸਮੂਹ ਅਕਸਰ ਹਮ-ਉਮਰ, ਸਮਾਨ ਪਿਛੋਕੜ, ਹਿੱਤਾਂ ਅਤੇ ਸਮਾਜਿਕ ਸਤਰ ਵਾਲ਼ੇ ਸਮੂਹ ਹਨ ਜਿਨ੍ਹਾਂ ਨਾਲ਼ ਵਿਅਕਤੀ ਜੁੜਿਆ ਹੁੰਦਾ ਹੈ ਅਤੇ ਉਸ ਦੇ ਵਿਸ਼ਵਾਸਾਂ ਤੇ ਵਿਵਹਾਰ ਉੱਤੇ ਸਮੂਹ ਦਾ ਪ੍ਰਭਾਵ ਹੁੰਦਾ ਹੈ ਕਿਉਂਕਿ ਬੱਚੇ ਬਹੁਤਾ ਸਮਾਂ ਆਪਣੇ ਸਾਥੀਆਂ ਵਿੱਚ ਗੁਜਾਰਦੇ ਹਨ। ਇਹ ਸਾਥੀ ਸਮੂਹ ਬੱਚਿਆਂ ਦੇ ਗ਼ੈਰ-ਰਸਮੀ ਸਮਾਜੀਕਰਨ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕਰਦੇ ਹਨ। ਬੱਚੇ ਸਾਥੀ ਸਮੂਹਾਂ ਵਿੱਚ ਆਪਣੇ ਵੱਡੇਰਿਆਂ ਦੇ ਪਰਤੱਖ ਨਿਰੀਖ਼ਣ ਤੋਂ ਦੂਰ ਰਹਿੰਦੇ ਹਨ ਅਤੇ ਉਹਨਾਂ ਦਾ ਮਾਹੌਲ ਲੋਕਤੰਤਰਿਕ ਹੁੰਦਾ ਹੈ। ਸਾਥੀ ਸਮੂਹ ਵਿੱਚ ਬੱਚੇ ਆਪਣੇ-ਆਪ ਸੰਬੰਧ ਬਣਾਉਣਾ ਸਿੱਖਦੇ ਹਨ। ਇਸ ਸਮੂਹ ਦੇ ਮੈਂਬਰ ਰਹਿਣ-ਸਹਿਣ, ਫੈਸ਼ਨ ਦੇ ਤਰੀਕੇਆਂ ਅਤੇ ਗੁੱਪਤ ਕਲਪਨਾਵਾਂ ਨੂੰ ਆਪਸ ਵਿੱਚ ਸਾਂਝਾ ਕਰਦੇ ਹਨ ਜਿਨ੍ਹਾਂ ਨੂੰ ਉਹ ਪਰਿਵਾਰ ਵਿੱਚ ਸਾਂਝਾ ਨਹੀਂ ਕਰ ਸਕਦੇ।



ਸਾਥੀ ਸਮੂਹ ਵਿੱਚ ਬੱਚਾ ਵਿਭਿੰਨ ਪ੍ਰਕਾਰ ਦੀਆਂ ਅੰਤਰ ਕਿਰਿਆਵਾਂ ਖੋਜਦਾ ਹੈ ਜਿਸ ਦੇ ਅਧਾਰ ਤੇ ਵਿਵਹਾਰ ਦੇ ਨਿਯਮਾਂ ਦਾ ਨਿਰੀਖਣ ਜਾਂ ਪ੍ਰੀਖਣ ਕੀਤਾ ਜਾ ਸਕੇ। ਇਸ ਵਿਚ ਬੱਚੇ ਵੱਡਿਆਂ ਦੀ ਭੂਮਿਕਾ ਨੂੰ ਨਿਭਾਉਣ ਦੀ ਕੋਸ਼ਿਸ਼ ਕਰਦੇ ਹਨ। ਉਦਾਹਰਨ ਲਈ, ਬੱਚੇ ਅਲੱਗ-ਅਲੱਗ ਭੂਮਿਕਾਵਾਂ ਨਿਭਾਉਂਦੇ ਹਨ, ਜਿਵੇਂ ਕਿ ਲੜਕੇ ਪਿਤਾ ਦੀ ਅਤੇ ਲੜਕੀਆਂ ਮਾਤਾ ਦੀ। ਇਹ ਇਕ ਤਰ੍ਹਾਂ ਦਾ ਸੰਭਾਵੀ ਸਮਾਜੀਕਰਨ ਹੈ। ਇਸ ਢੰਗ ਨਾਲ਼ ਉਹ ਆਪਣੇ ਆਪ ਨੂੰ ਭਵਿੱਖ ਲਈ ਤਿਆਰ ਕਰਦੇ ਹਨ। ਸਾਥੀ ਸਮੂਹ ਦਾ ਪ੍ਰਭਾਵ ਉਮਰ ਨਾਲ਼ ਵੱਧਦਾ ਹੈ ਅਤੇ ਕਿਸ਼ੋਰ ਅਵਸਥਾ ਦੀ ਸਿਖਰ ਤੇ ਪਹੁੰਚਦਾ ਹੈ।



ਚਿਕਿਤਸਾ/ਮੈਡਿਕਲ ਸਟਾਫ਼ ਦੀ ਵਰਦੀ ਵਿੱਚ ਬੱਚੇ



ਘਰ-ਘਰ ਖੇਲਦੇ ਬੱਚੇ

### ਗਤੀਵਿਧੀ 6.3

ਸਾਥੀ ਸਮੂਹ ਬਾਲਗ ਅਵਸਥਾ ਵਿਚ ਸਭ ਤੋਂ ਜ਼ਿਆਦਾ ਪ੍ਰਭਾਵ ਪਾਉਂਦੇ ਹਨ। ਕੀ ਤੁਸੀਂ ਕੁਝ ਸਕਾਰਾਤਮਕ ਅਤੇ ਨਾਕਾਰਾਤਮਕ ਪ੍ਰਭਾਵ ਦੱਸ ਸਕਦੇ ਹੋ, ਸੂਚੀ ਬਣਾਓ।

ਕੀ ਤੁਹਾਨੂੰ ਲੱਗਦਾ ਹੈ ਕਿ ਹੇਠ ਲਿਖੀਆਂ ਚੀਜ਼ਾਂ ਦੀ ਹੋਂਦ ਜਾਂ ਅਣਹੋਂਦ ਤੁਹਾਡੀ ਜ਼ਿੰਦਗੀ ਤੇ ਕੀ ਪ੍ਰਭਾਵ ਪਾਵੇਗੀ

- ਟੀ.ਵੀ. ਸੈੱਟ/ਮਿਊਜ਼ਿਕ ਸਿਸਟਮ
- ਆਪਣਾ ਕਮਰਾ
- ਮੋਬਾਇਲ ਫ਼ੋਨ-ਕੰਪਿਊਟਰ


ਗੁਆਂਢ ਇਕ ਬਹੁਤ ਮਹੱਤਵਪੂਰਨ ਏਜੰਸੀ ਹੈ, ਜਿਹੜੀ ਕਿ ਸਮਾਜੀਕਰਨ ਵਿਚ ਸਹਾਈ ਹੁੰਦੀ ਹੈ। ਗੁਆਂਢ ਵਿਚ ਇਕੋ ਸਾਰ ਦੇ ਬੱਚਿਆਂ ਵਿਚਕਾਰ ਦੋਸਤੀ ਹੁੰਦੀ ਹੈ ਜਦੋਂ ਉਹ ਇਕ ਦੂਜੇ ਦੇ ਸੰਪਰਕ ਵਿੱਚ ਆਉਂਦੇ ਹਨ ਤਾਂ ਹੌਲ਼ੀ-ਹੌਲ਼ੀ ਦੋਸਤ ਬਣ ਜਾਂਦੇ ਹਨ। ਉਹ ਗੁਆਂਢੀ ਬੱਚਿਆਂ ਅਤੇ ਉਹਨਾਂ ਦੇ ਮਾਪਿਆਂ ਤੋਂ ਪ੍ਰਭਾਵਿਤ ਹੁੰਦੇ ਹਨ ਅਤੇ ਉਹ ਚਾਹੁੰਦੇ ਹਨ ਕਿ ਉਹਨਾਂ ਦੇ ਮਾਪੇ ਵੀ, ਦੋਸਤਾਂ ਦੇ ਮਾਪਿਆਂ ਦੀ ਤਰ੍ਹਾਂ ਵਿਵਹਾਰ ਕਰਨ। ਗੁਆਂਢ ਵਿਚ ਰਹਿ ਕੇ ਬੱਚਾ ਆਪਣੇ ਗੁਆਂਢ ਦੇ ਵਿਵਹਾਰ ਨੂੰ ਦੇਖਦਾ ਹੈ ਅਤੇ ਉਸ ਦੇ ਅਨੁਕੂਲ ਬਨਣ ਦੀ ਕੋਸ਼ਿਸ਼ ਕਰਦਾ ਹੈ। ਉਥੋਂ ਹੀ ਉਹ ਕਈ ਤਰ੍ਹਾਂ ਦੀਆਂ

ਸੱਭਿਆਚਾਰਕ ਕਿਰਿਆਵਾਂ ਜਿਵੇਂ, ਸੰਗੀਤ, ਨਾਟਕ, ਗਾਣਾ ਗਾਉਣਾ, ਸਕਿੱਟ, ਖਾਣ-ਪੀਣ ਦੀਆਂ ਆਦਤਾਂ ਆਦਿ ਸਿੱਖਦਾ ਹੈ। ਇਸਦੇ ਨਾਲ਼ ਹੀ ਉਹ ਵਿਭਿੰਨਤਾ ਵਾਲ਼ੇ ਦੇਸ ਭਾਰਤ ਵਿੱਚ ਵਿਭਿੰਨ ਤਰ੍ਹਾਂ ਦੇ ਤਿਉਹਾਰਾਂ ਤੋਂ ਵੀ ਜਾਣੂ ਹੁੰਦਾ ਹੈ ਜਿਵੇਂ ਕਿ ਹੋਲ਼ੀ, ਦੀਵਾਲ਼ੀ, ਈਦ, ਕ੍ਰਿਸਮਿਸ, ਗੁਰਪੂਰਬ ਆਦਿ। ਇਸ ਤਰ੍ਹਾਂ ਦੀਆਂ ਅੰਤਰ-ਕਿਰਿਆਵਾਂ ਨਾਲ਼ ਬੱਚਾ ਦੂਜਿਆਂ ਦੇ ਸੱਭਿਆਚਾਰ ਅਤੇ ਧਰਮ ਦਾ ਸਤਿਕਾਰ ਕਰਨਾ ਸਿੱਖਦਾ ਹੈ ਅਤੇ ਉਸਦੇ ਗਿਆਨ ਵਿਚ ਵੀ ਵਾਧਾ ਹੁੰਦਾ ਹੈ।

## ਧਰਮ

ਹੁਣ ਲੋਕਾਂ ਦੇ ਜੀਵਨ ਵਿੱਚ ਧਰਮ ਦਾ ਓਨਾ ਪ੍ਰਭਾਵ ਨਹੀਂ ਹੈ, ਜਿਨ੍ਹਾਂ ਕੁਝ ਪੀੜ੍ਹੀਆਂ ਪਹਿਲਾਂ ਸੀ, ਪਰ ਇਸਦੇ ਬਾਵਜੂਦ ਧਰਮ ਸਾਡੀ ਜ਼ਿੰਦਗੀ, ਕਦਰਾਂ-ਕੀਮਤਾਂ, ਵਿਸ਼ਵਾਸ ਨੂੰ ਅੱਜ ਵੀ ਪ੍ਰਭਾਵਿਤ ਕਰਦਾ ਹੈ। ਭਾਰਤ ਵਰਗੇ ਦੇਸ਼ ਵਿਚ ਧਰਮ ਸਾਡੇ ਜੀਵਨ ਦੇ ਹਰ ਇਕ ਪਹਿਲੂ ਨੂੰ ਪ੍ਰਭਾਵਿਤ ਕਰਦਾ ਹੈ। ਇਸ ਲਈ ਇਸ ਨੂੰ ਸਮਾਜੀਕਰਨ ਦਾ ਇੱਕ ਸ਼ਕਤੀਸ਼ਾਲੀ ਸਾਧਨ ਮੰਨਿਆ ਜਾਂਦਾ ਹੈ।

ਕਈ ਤਰ੍ਹਾਂ ਦੇ ਵਿਵਹਾਰ, ਕਰਮਕਾਂਡ, ਕਦਰਾਂ ਕੀਮਤਾਂ-ਪਰਿਮਾਪ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਨੂੰ ਪ੍ਰਵਾਹਿੱਤ ਹਨ। ਧਾਰਮਿਕ ਤਿਉਹਾਰ ਆਮ ਤੌਰ 'ਤੇ ਇਕੱਠੇ ਮਨਾਏ ਜਾਂਦੇ ਹਨ, ਜਿਸ ਨਾਲ਼ ਸਮਾਜੀਕਰਨ ਦੀ ਪ੍ਰਕਿਰਿਆ ਨੂੰ ਬਹੁਤ ਮਦਦ ਮਿਲ਼ਦੀ ਹੈ। ਧਰਮ ਤੋਂ ਬੱਚੇ ਨੂੰ ਇਹ ਪਤਾ ਚੱਲਦਾ ਹੈ ਕਿ ਰੱਬ ਜਿਹੜੀ ਕਿ ਅਪਾਰ ਸ਼ਕਤੀ ਹੈ, ਉਹ ਕਿਸ ਤਰ੍ਹਾਂ ਸਾਡੇ ਵਿਵਹਾਰਾਂ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਸਾਡੀ ਰੱਖਿਆ ਕਰਦੀ ਹੈ। ਜਿਹੜੇ ਮਾਤਾ-ਪਿਤਾ ਧਾਰਮਿਕ ਹੁੰਦੇ ਹਨ, ਉਨ੍ਹਾਂ ਦੇ ਬੱਚੇ ਵੀ ਧਾਰਮਿਕ ਹੋ ਸਕਦੇ ਹਨ।



**ਗਤੀਵਿਧੀ-6.4**

- ਤੁਸੀਂ ਕਿਸ ਤਰ੍ਹਾਂ ਆਪਣੇ ਸਕੂਲ ਵਿੱਚ ਸਮਾਜਿਕ ਅਤੇ ਧਾਰਮਿਕ ਤਿਉਹਾਰ ਮਨਾਉਂਦੇ ਹੋ। ਉਦਾਹਰਨ ਦਿਓ ਜਿਵੇਂ ਆਜ਼ਾਦੀ ਦਿਵਸ, ਗੁਰਪੂਰਬ ਆਦਿ।
- ਆਪਣੇ ਸਕੂਲ ਦੇ ਕੈਲੰਡਰ ਦੀਆਂ ਮੁੱਖ ਗਤੀਵਿਧੀਆਂ ਦੀ ਸੂਚੀ ਤਿਆਰ ਕਰੋ।

## ਰਸਮੀ ਸੰਸਥਾਵਾਂ

ਇਹ ਸਮਾਜੀਕਰਨ ਦੀ ਪ੍ਰਕਿਰਿਆ ਦਾ ਮੁੱਖ ਅੰਗ ਹਨ ਕਿਉਂਕਿ ਇਹ ਰਸਮੀ ਤੌਰ 'ਤੇ ਸਮਾਜੀਕਰਨ ਕਰਦੇ ਹਨ। ਸਕੂਲ, ਕਾਨੂੰਨ ਅਤੇ ਰਾਜਨੀਤਿਕ ਵਿਵਸਥਾ ਇਸਦੇ ਮੁੱਖ ਅੰਗ ਹਨ।

## ਸਕੂਲ

ਸਕੂਲ ਸਮਾਜੀਕਰਨ ਦੀ ਪ੍ਰਕਿਰਿਆ ਦੀ ਰਸਮੀ ਅਤੇ ਮਹੱਤਵਪੂਰਨ ਏਜੰਸੀ ਹੈ। ਸਕੂਲ ਵਿੱਚ ਬੱਚੇ ਜਦੋਂ ਆਪਣੇ ਸਾਥੀਆਂ ਨਾਲ਼ ਅੰਤਰ -ਕਿਰਿਆ ਕਰਦੇ ਹਨ ਅਤੇ ਆਪਣੇ ਅਧਿਆਪਕਾਂ ਦੇ ਸੰਪਰਕ ਵਿੱਚ ਆਉਂਦੇ ਹਨ ਉਸ ਸਮੇਂ ਉਹਨਾਂ ਦਾ ਸਮਾਜੀਕਰਨ ਹੁੰਦਾ ਹੈ। ਇਹ ਸਮਾਜੀਕਰਨ ਦੀ ਪ੍ਰਕਿਰਿਆ ਵਿੱਚ ਸਹਾਈ ਹੁੰਦੇ ਹਨ, ਸਕੂਲ ਤੋਂ ਬੱਚਾ, ਕਿਤਾਬਾਂ, ਰਸਾਲਿਆਂ ਤੋਂ ਰਸਮੀ ਸ਼ਿਸਟਾਚਾਰ ਸਿੱਖਦਾ ਹੈ। ਇੱਥੇ ਬੱਚਿਆਂ ਦੇ ਜਮਾਤੀ ਦੋਸਤ, ਮਨੋਰੰਜਨ ਦੇ ਸਾਧਨ, ਖੇਡਾਂ ਅਤੇ ਕਿਤਾਬਾਂ ਬਹੁਤ ਮਹੱਤਵ ਰੱਖਦੀਆਂ ਹਨ। ਰਸਮੀ ਵਿਵਸਥਾ ਦੇ  ਨਾਲ਼ ਹੀ ਉਹ ਗ਼ੈਰ-ਰਸਮੀ ਪਾਠਕ੍ਰਮ ਨੂੰ ਵੀ ਸਿੱਖਦੇ ਹਨ। ਸਕੂਲ ਵਿੱਚ ਹੀ ਬੱਚਾ ਪਹਿਲੀ ਵਾਰ ਆਪਣੇ ਕੰਮ ਨੂੰ ਤਰਤੀਬਵਾਰ ਕਰਨਾ ਸਿੱਖਦਾ ਹੈ ਤੇ ਆਪਣੇ ਰੋਜ਼ਮਰਾ ਦੇ ਜੀਵਨ ਨੂੰ ਅਨੁਸ਼ਾਸ਼ਨ ਪੂਰਨ ਬਣਾਉਂਦਾ ਹੈ। ਇਥੋਂ ਹੀ ਉਹ ਕਈ ਤਰ੍ਹਾਂ ਦਾ ਨਵਾਂ ਗਿਆਨ ਅਤੇ ਕਾਰਜ ਕੁਸ਼ਲਤਾਵਾਂ ਨੂੰ ਸਿੱਖਦਾ ਹੈ, ਜੋ ਉਸ ਨੂੰ ਭਵਿੱਖ ਵਿੱਚ ਕੰਮ ਆਉਂਦੀਆਂ ਹਨ।




ਸਕੂਲ ਦੀ ਇਮਾਰਤ



ਸਕੂਲ ਵਿੱਚ ਇਨਾਮ ਵੰਡ ਸਮਾਰੋਹ

ਸਕੂਲ ਵਿੱਚ ਵਿਭਿੰਨ ਕਿਰਿਆਵਾਂ ਰਾਹੀਂ ਬੱਚਿਆਂ ਵਿੱਚ ਦੇਸ਼ਭਗਤੀ, ਲੋਕਤੰਤਰ, ਨਿਆਂ, ਇਮਾਨਦਾਰੀ ਅਤੇ ਮੁਕਾਬਲੇ ਵਰਗੀਆਂ ਭਾਵਨਾਂ ਜਾਗ੍ਰਿਤ ਹੁੰਦੀਆਂ ਹਨ। ਬੱਚਿਆਂ ਵਿੱਚ ਆਰਥਿਕ, ਸਮਾਜਿਕ, ਧਾਰਮਿਕ ਅਤੇ ਰਾਜਨਿਤਿਕ ਪੱਖ ਉਭਾਰਨ ਲਈ ਉਪਰਾਲੇ ਕੀਤੇ ਜਾਂਦੇ ਹਨ। ਜਿਵੇਂ ਕਿ ਸਮੇਂ-ਸਮੇਂ ਸਿਰ ਸਕੂਲ ਕਈ ਤਰ੍ਹਾਂ ਦੀਆਂ ਸੱਭਿਆਚਾਰਕ ਗਤੀਵਿਧੀਆਂ- ਜਿਵੇਂ ਵਿਵਾਦ, ਲੇਖ ਲਿਖਣਾ, ਨਾਚ ਮੁਕਾਬਲੇ ਆਦਿ ਕਰਾਉਂਦੇ ਰਹਿੰਦੇ ਹਨ, ਜਿਸ ਨਾਲ਼ ਬੱਚਿਆਂ ਦੇ ਸਮਾਜੀਕਰਨ ਵਿੱਚ ਮਦਦ ਮਿਲਦੀ ਹੈ। ਰਾਜਨੀਤਕ ਸਮਾਜੀਕਰਨ ਵੀ ਰਸਮੀ ਸਿੱਖਿਆ ਦੀ ਦੇਣ ਹੈ। ਬਣਾਉਟੀ ਸੰਸਦ ਦੀਆਂ ਪ੍ਰਕਿਰਿਆਵਾਂ ਰਾਹੀਂ ਵਿਦਿਆਰਥੀ ਰਾਜਨੀਤਿਕ ਵਿਵਸਥਾ ਦਾ ਗਿਆਨ ਪ੍ਰਾਪਤ ਕਰਦੇ ਹਨ।

## ਕਾਨੂੰਨ ਅਤੇ ਕਾਨੂੰਨੀ ਵਿਵਸਥਾ

ਕਾਨੂੰਨ ਸਮਾਜੀਕਰਨ ਦੀ ਰਸਮੀ ਸੰਸਥਾ ਹੈ, ਜੋ ਕਿ ਬੱਚਿਆਂ ਨੂੰ ਨਿਯਮਾਂ, ਪੁਰਸਕਾਰ ਅਤੇ ਸਜ਼ਾ ਤੋਂ ਜਾਣੂ ਕਰਾਉਂਦੀ ਹੈ। ਕਾਨੂੰਨ ਇੱਕ ਤਰ੍ਹਾਂ ਦੀ ਵਿਵਸਥਾ ਹੈ, ਜੋ ਸਮਾਜਿਕ ਨਿਯੰਤਰਨ ਨੂੰ ਸਮਝਣ, ਪੜ੍ਹਨ ਵਿੱਚ ਸਹਾਈ ਹੁੰਦੀ ਹੈ। ਹਰ ਦੇਸ਼ ਦੇ ਆਪਣੇ ਹੀ ਨਿਯਮ-ਵਿਨਿਯਮ ਹੁੰਦੇ ਹਨ, ਜੋ ਕਿ ਦੂਸਰੇ

ਦੇਸ਼ ਤੋਂ ਭਿੰਨ ਹੁੰਦੇ ਹਨ ਜਿਵੇਂ ਕਿ ਭਾਰਤੀ ਕਾਨੂੰਨ, ਅਮਰੀਕੀ ਕਾਨੂੰਨ ਤੋਂ ਭਿੰਨ ਹੈ। ਕਾਨੂੰਨ ਨੂੰ ਰਾਜ ਦੀ ਸੱਤਾ ਚਲਾਉਂਦੀ ਹੈ। ਕਾਨੂੰਨ ਨੂੰ ਪੜ੍ਹਾਉਣ ਦੀ ਪ੍ਰਕਿਰਿਆ ਬਚਪਨ ਤੋਂ ਹੀ ਸ਼ੁਰੂ ਹੋ ਜਾਂਦੀ ਹੈ ਜਦੋਂ ਮਾਤਾ ਪਿਤਾ ਕਾਨੂੰਨੀ ਵਿਵਸਥਾ ਨੂੰ ਮੰਨਦੇ ਹਨ ਅਤੇ ਇਜ਼ੱਤ ਦਿੰਦੇ ਹਨ, ਜਿਵੇਂ ਕਿ ਅਦਾਲਤਾਂ ਥਾਣੇ ਆਦਿ, ਉਦੋਂ ਬੱਚਾ ਵੀ ਆਪਣੇ-ਆਪ ਇਸ ਨੂੰ ਸਮਝਣ ਲੱਗ ਜਾਂਦਾ ਹੈ।



ਅਦਾਲਤ



ਮਹਿਲਾ ਪੁਲਿਸ ਅਧਿਕਾਰੀ

## ਰਾਜਨੀਤਿਕ ਵਿਵਸਥਾ

ਰਾਜਨੀਤਿਕ ਵਿਵਸਥਾ ਦੀ ਪੜ੍ਹਾਈ ਦੁਆਰਾ ਬੱਚਾ ਆਪਣੇ ਸਮਾਜ ਵਿੱਚ ਰਹਿੰਦੇ ਲੋਕਾਂ ਦੇ ਰੁਤਬੇ ਨੂੰ ਸਮਝਦਾ ਹੈ। ਅਸੀਂ ਉਨ੍ਹਾਂ ਪ੍ਰਵਾਨਿਤ ਨਿਯਮਤ ਵਿਵਹਾਰਾਂ ਤੋਂ ਜਾਣੂ ਹੁੰਦੇ ਹਾਂ, ਜਿਹੜੇ ਕਿਸੇ ਵੀ ਰਾਜਨੀਤਿਕ ਵਿਵਸਥਾ ਨੂੰ ਠੀਕ ਢੰਗ ਨਾਲ਼ ਚਲਾਉਣ ਲਈ ਜ਼ਰੂਰੀ ਹਨ। ਰਾਜਨੀਤਕ ਵਿਸ਼ਵਾਸ ਬਚਪਨ ਵਿੱਚ ਬਣ ਜਾਂਦੇ ਹਨ, ਉਹ ਵਿਅਕਤੀ ਦੀ ਵਿਚਾਰਧਾਰਾ ਨੂੰ ਵਿਕਸਿਤ ਕਰਦੇ ਹਨ। ਰਾਜਨੀਤਿਕ ਸਮੂਹ ਨੌਜਵਾਨਾਂ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਉਹ ਉੱਚ ਪੱਧਰੀ ਆਗੂਆਂ ਦੇ ਚੰਗੇ ਅਤੇ ਸਕਾਰਾਤਮਕ ਵਿਚਾਰਾਂ ਨੂੰ ਆਪਣਾਉਂਦੇ ਹਨ।



ਰਾਜਨੀਤਿਕ ਵਿਵਸਥਾ



ਭਾਰਤ ਵਿੱਚ ਮਤਦਾਨ

## ਜੰਨਸੰਪਰਕ ਸਾਧਨ

ਜਨਸੰਪਰਕ ਸਾਧਨ ਸਮਾਜੀਕਰਨ ਦੀ ਇਕ ਹੋਰ ਮਹੱਤਵਪੂਰਨ ਸੰਸਥਾ ਹੈ। ਸੂਚਨਾ ਜੰਨਸੰਪਰਕ ਸਾਧਨਾਂ ਜਿਵੇਂ ਟੀ.ਵੀ., ਅਖ਼ਬਾਰ, ਰੇਡੀਓ, ਇੰਟਰਨੈੱਟ ਰਾਹੀਂ ਵਧੇਰੇ ਲੋਕਾਂ ਤੱਕ ਪਹੁੰਚਦੀ ਹੈ। ਆਮ ਤੌਰ 'ਤੇ ਆਮ ਬੱਚੇ ਬਹੁਤ ਸਮਾਂ ਇਨ੍ਹਾਂ ਜੰਨਸੰਪਰਕ ਸਾਧਨਾਂ 'ਤੇ ਬਿਤਾਉਂਦੇ ਹਨ ਕਿਉਂਕਿ ਇਕ ਸਾਧਾਰਨ ਬੱਚਾ

ਆਪਣਾ ਰੋਜ਼ ਦਾ ਬਹੁਤਾ ਸਮਾਂ ਜਨਸੰਪਰਕ ਦੇ ਵੱਖ-ਵੱਖ ਸਾਧਨਾ ਨਾਲ਼ ਬਿਤਾਉਂਦਾ ਹੈ। ਇਹ ਉਸਦੇ ਸਮਾਜਿਕ ਮਾਪਦੰਡਾਂ, ਵਿਸ਼ਵਾਸਾਂ ਅਤੇ ਵਿਵਹਾਰਾਂ ਨੂੰ ਵਿਸ਼ਾਲ ਤੌਰ 'ਤੇ ਪ੍ਰਭਾਵਿਤ ਕਰ ਸਕਦੇ ਹਨ। ਵਿਅਕਤੀ ਜਨਸੰਪਰਕ ਸਾਧਨਾ ਰਾਹੀਂ ਭੌਤਿਕ ਸੱਭਿਆਚਾਰ ਦੀਆਂ ਵਸਤੂਆਂ ਨਵੀਆਂ ਤਕਨੀਕਾਂ ਅਤੇ ਆਵਾਜਾਈ ਦੇ ਸਾਧਨਾਂ ਦੇ ਬਾਰੇ ਸਿੱਖਦਾ ਹੈ ਇਸ ਦੇ ਨਾਲ਼ ਹੀ ਉਹ ਅਭੌਤਿਕ ਸੱਭਿਆਚਾਰ- ਵਿਸ਼ਵਾਸ, ਕਦਰਾਂ-ਕੀਮਤਾਂ ਅਤੇ ਪਰਿਮਾਪਾਂ ਬਾਰੇ ਸਿੱਖਦਾ ਹੈ। ਟੀ.ਵੀ. ਪ੍ਰੋਗਰਾਮ, ਫਿਲਮਾਂ, ਹਰਮਨ ਪਿਆਰਾ ਸੰਗੀਤ, ਮੈਗਜ਼ੀਨ, ਵੈਬਸਾਈਟ ਅਤੇ ਹੋਰ ਜਨਸੰਚਾਰ ਸਾਧਨਾ ਨੇ ਸਾਡੇ ਰਾਜਨੀਤਿਕ ਨਜ਼ਰੀਏ, ਇਸਤਰੀਆਂ ਦੇ ਪ੍ਰਤੀ ਸਾਡੇ ਨਜ਼ਰੀਏ, ਵਿਕਲਾਂਗ, ਰੰਗ ਅਤੇ ਨਸਲ ਆਦਿ ਪੱਖਾਂ ਸੰਬੰਧੀ ਵਿਸ਼ਵਾਸ ਅਤੇ ਪ੍ਰਥਾਵਾਂ ਨੂੰ ਵੀ ਪ੍ਰਭਾਵਿਤ ਕੀਤਾ ਹੈ। ਬੱਚਿਆਂ ਵਿੱਚ ਨਸਲੀ, ਹਿੰਸਕ ਅਤੇ ਲਿੰਗਕ ਸੱਭਿਆਚਾਰ ਦੇ ਉਭਾਰ ਲਈ ਜਨਸੰਪਰਕ ਸਾਧਨਾ ਦੀ ਆਲੋਚਨਾ ਕੀਤੀ ਜਾਂਦੀ ਹੈ।



ਪਿੰਡ ਵਿੱਚ ਲੋਕ ਕੰਪਿਊਟਰ ਦਾ ਪ੍ਰਯੋਗ ਕਰਦੇ ਹੋਏ



ਟੀ. ਵੀ. ਦੇਖਦਾ ਹੋਇਆ ਪਰਿਵਾਰ



ਜੀਵਨ ਚੱਕਰ

## ਸਿੱਟਾ

ਇਹ ਪਾਠ ਸਮਾਜੀਕਰਨ ਦੁਆਰਾ ਗਿਆਨ ਨੂੰ ਸਿੱਖਣ ਦੀ ਪ੍ਰਕਿਰਿਆ ਬਾਰੇ ਗਿਆਨ ਕਰਾਉਂਦਾ ਹੈ। ਬੱਚਾ ਜਨਮ ਦੇ ਸਮੇਂ ਕੇਵਲ ਜੈਵਿਕ ਪ੍ਰਾਣੀ ਹੁੰਦਾ ਹੈ। ਹੌਲ਼ੀ-ਹੌਲ਼ੀ ਉਹ ਸਮਾਜਿਕ

ਪ੍ਰਾਣੀ ਬਣਦਾ ਹੈ। ਦੂਸਰੇ ਦੇ ਨਾਲ਼ ਅੰਤਰ-ਕਿਰਿਆ ਦੁਆਰਾ ਸਿੱਖਣ ਦੀ ਪ੍ਰਕਿਰਿਆ ਨੂੰ ਸਮਾਜੀਕਰਨ ਕਹਿੰਦੇ ਹਨ। ਸਮੂਹ ਦੇ ਦੁਆਰਾ ਵਿਅਕਤੀ, ਆਦਤਾਂ, ਪਹਿਨਣ ਦੇ ਸਲੀਕੇ, ਸੱਭਿਅਤਾ, ਸਮਾਜਿਕ ਵਿਵਹਾਰ ਅਤੇ ਮੁੱਲਾਂ ਦੇ ਪ੍ਰਯੋਗ ਨੂੰ ਸਿੱਖਦਾ ਹੈ। ਵਿਅਕਤੀ ਹੋਰ ਸਮੂਹਾਂ ਅਤੇ ਵਿਅਕਤੀਆਂ ਦੇ ਨਾਲ ਸ਼ਿਸ਼ੂ ਅਵਸਥਾ, ਬਾਲ ਅਵਸਥਾ, ਕਿਸ਼ੋਰ ਅਵਸਥਾ, ਜਵਾਨ ਅਵਸਥਾ ਅਤੇ ਬਿਰਧ ਅਵਸਥਾ ਦੌਰਾਨ ਸੰਪਰਕ ਵਿੱਚ ਆਉਂਦਾ ਹੈ। ਵਿਅਕਤੀ ਦੇ ਸਮਾਜੀਕਰਨ ਦੇ ਮੁੱਖ ਏਜੰਟ ਪਰਿਵਾਰ (ਸ਼ਿਸ਼ੂ ਅਵਸਥਾ ਦੇ ਦੌਰਾਨ), ਸਕੂਲ, ਦੋਸਤ (ਬਾਲ ਅਵਸਥਾ ਦੇ ਦੌਰਾਨ) ਧਰਮ, ਕਾਨੂੰਨ ਆਦਿ (ਜਵਾਨ ਅਵਸਥਾ ਵਿੱਚ) ਹੁੰਦੇ ਹਨ। ਸਮਾਜੀਕਰਨ ਦੀ ਪ੍ਰਕਿਰਿਆ ਦੇ ਦੋ ਪੱਖ ਹੁੰਦੇ ਹਨ। ਪਹਿਲੀ ਸ਼੍ਰੇਣੀ ਵਿੱਚ ਵਿਅਕਤੀ, ਸਮਾਜਿਕ ਅਤੇ ਸੱਭਿਆਚਾਰਕ ਵਿਵਹਾਰਾਂ ਦੇ ਪ੍ਰਭਾਵ ਦੇ ਅੰਤਰਗਤ ਸਮਾਜਿਕ ਮੁੱਲਾਂ ਨੂੰ ਸਿੱਖਦਾ ਜਾਂ ਅਪਣਾਉਂਦਾ ਹੈ। ਦੂਸਰਾ ਪੱਖ ਉਸ ਦੀ ਸ਼ਖ਼ਸੀਅਤ ਨੂੰ ਵਿਕਸਿਤ ਕਰਨ ਵਿੱਚ ਮਦਦ ਕਰਦਾ ਹੈ। ਉਹ ਸਮਾਜੀਕਰਨ ਦੁਆਰਾ ਸਮਾਜਿਕ ਜ਼ੁੰਮੇਵਾਰੀਆਂ ਅਤੇ ਵਿਅਕਤੀਗਤ ਅਜ਼ਾਦੀ ਨੂੰ ਹਾਸਿਲ ਕਰਦਾ ਹੈ। ਵਿਅਕਤੀ ਦਾ 'ਆਪਾ' ਸਮਾਜੀਕਰਨ ਦੀ ਪ੍ਰਕਿਰਿਆ ਦੁਆਰਾ ਹੀ ਵਿਕਸਿਤ ਹੁੰਦਾ ਹੈ।

ਅੱਜ ਕੱਲ੍ਹ ਇਹ ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਬੱਚਿਆਂ ਉੱਤੇ ਮਾਤਾ-ਪਿਤਾ ਅਤੇ ਅਧਿਆਪਕਾਂ ਦਾ ਨਿਯੰਤਰਨ ਘੱਟ ਹੋ ਗਿਆ ਹੈ। ਇਸ ਦਾ ਅਰਥ ਬੱਚੇ ਵੱਡਿਆਂ ਦੀ ਸੱਤਾ ਨੂੰ ਮਾਨਤਾ ਨਹੀਂ ਦਿੰਦੇ। ਸੱਤਾ ਦਾ ਅਰਥ ਦਬਾਅ ਦਾ ਪ੍ਰਯੋਗ ਕਰਨਾ ਨਹੀਂ ਹੁੰਦਾ ਹੈ। ਸਜ਼ਾ ਦਾ ਡਰ ਬੱਚੇ ਨੂੰ ਆਗਿਆ ਦਾ ਪਾਲਣ ਕਰਨ ਲਈ ਦਬਾਅ ਪਾਉਂਦਾ ਹੈ ਪਰ ਸ਼ਜਾ ਦਾ ਡਰ ਉਹਨਾਂ ਵਿੱਚ ਸਮਾਜ ਦੇ ਨਿਯਮਾਂ ਅਤੇ ਵਿਵਹਾਰਾਂ ਨੂੰ ਮੰਨਣ ਦੀ ਸਵੈ ਇੱਛਾ ਪੈਦਾ ਨਹੀਂ ਕਰ ਸਕਦਾ। ਜੇਕਰ ਮਾਤਾ-ਪਿਤਾ ਸਮਾਜਿਕ ਨਿਯਮਾਂ ਦੀ ਪਾਲਣਾ ਕਰਨਗੇ ਤਾਂ ਬੱਚੇ ਵੀ ਸਮਾਜਿਕ ਨਿਯਮਾਂ ਦੀ ਪਾਲਣਾ ਕਰਨਗੇ। ਮਾਤਾ ਪਿਤਾ, ਅਧਿਆਪਕਾਂ ਅਤੇ ਦੂਜਿਆਂ ਦਾ ਵਿਵਹਾਰ ਬੱਚਿਆਂ ਪ੍ਰਤੀ ਪਿਆਰ ਭਰਿਆ ਹੋਵੇਗਾ ਤਾਂ ਬੱਚੇ ਵੀ ਅਜਿਹਾ ਹੀ ਵਿਵਹਾਰ ਕਰਨਾ ਸਿੱਖਣਗੇ। ਇਸਦੇ ਉਲਟ ਜੇਕਰ ਮਾਤਾ-ਪਿਤਾ ਦਾ ਵਿਵਹਾਰ ਬੱਚਿਆਂ ਦੇ ਪ੍ਰਤੀ ਉਲਟ ਹੋਵੇਗਾ ਤਾਂ ਬੱਚਿਆਂ ਵਿੱਚ ਅਸੱਭਿਅਤਾ ਜਾਂ ਆਗਿਆ ਨਾ ਮੰਨਣ ਦੀ ਭਾਵਨਾ ਪੈਦਾ ਹੋਵੇਗੀ। ਮਾਤਾ-ਪਿਤਾ, ਅਧਿਆਪਕ ਅਤੇ ਦੋਸਤਾਂ ਦਾ ਬੱਚਿਆਂ ਦੇ ਪ੍ਰਤੀ ਪਿਆਰ ਭਰਿਆ ਵਿਵਹਾਰ ਬੱਚਿਆਂ ਅਤੇ ਹੋਰ ਵਿਅਕਤੀਆਂ ਵਿਚਕਾਰ ਗਹਿਰੇ ਸੰਬੰਧਾਂ ਨੂੰ ਵਿਕਸਿਤ ਕਰਦਾ ਹੈ। ਬੱਚੇ ਦੀ ਸੁਤੰਤਰਤਾ ਉਸ ਦੀ ਵਚਨਬੱਧਤਾ ਵਿੱਚ ਵਾਧਾ ਕਰਦੀ ਹੈ। ਬੱਚੇ ਨੂੰ ਆਪਣੇ-ਆਪ ਕੰਮ ਅਤੇ ਆਪਣੀਆਂ ਰੁਚੀਆਂ ਨੂੰ ਵਿਕਸਿਤ ਕਰਨ ਦੀ ਆਜ਼ਾਦੀ ਹੋਣੀ ਚਾਹੀਦੀ ਹੈ। ਸਮਾਜੀਕਰਨ ਦੀ ਪ੍ਰਕਿਰਿਆ ਵਿੱਚ ਸਖਤ ਸਜ਼ਾ, ਵੱਡੇ ਇਨਾਮ ਜਾਂ ਬੱਚਿਆਂ ਦੀ ਆਜ਼ਾਦੀ ਹਮੇਸ਼ਾਂ ਸਹਾਈ ਨਹੀਂ ਹੁੰਦੀ। ਇਹ ਕੇਵਲ ਸਮਾਜੀਕਰਨ ਦੀ ਸਹੀ ਪ੍ਰਕਿਰਿਆ ਹੀ ਹੈ ਜੋ ਬੱਚੇ ਦੇ ਵਿਕਾਸ ਵਿੱਚ ਬਹੁਤ ਜ਼ਿਆਦਾ ਮਹੱਤਵ ਰੱਖਦੀ ਹੈ।

## ਸ਼ਬਦਾਵਲੀ

- **ਕਿਸ਼ੋਰ ਅਵਸਥਾ** — ਇਹ ਜਵਾਨੀ ਅਤੇ ਪ੍ਰੌੜ੍ਹਤਾ ਵਿਚਕਾਰਲਾ ਸਮਾਂ ਹੈ। ਇਹ ਬਾਲਗ ਅਵਸਥਾ ਤੱਕ ਹੈ।
- **ਸਮਾਜੀਕਰਨ ਦੇ ਰਸਮੀ ਏਜੰਟ** — ਇਨ੍ਹਾਂ ਨੂੰ ਸੰਸਥਾ ਦੇ ਏਜੰਟ ਵੀ ਕਿਹਾ ਜਾਂਦਾ ਹੈ। ਇਸ ਵਿਚ ਸਮਾਜਿਕ ਸੰਸਥਾਵਾਂ ਹਨ ਜੋ ਰਸਮੀ ਸਮਾਜੀਕਰਨ ਕਰਦੀਆਂ ਹਨ। ਇਸ ਵਿੱਚ ਸਕੂਲ, ਕਾਨੂੰਨ ਅਤੇ ਰਾਜਨੀਤਿਕ ਪ੍ਰਣਾਲੀ ਸ਼ਾਮਿਲ ਹੈ।
- **ਬਾਲਪਨ** — ਇਹ ਉਹ ਪੜਾਅ ਹੈ ਜੋ ਬਚਪਨ ਨਾਲ਼ ਸੰਬੰਧਿਤ ਹੈ, ਜਿਸ ਵਿੱਚ ਬੱਚੇ ਨੇ ਤੁਰਨਾ ਫਿਰਨਾ ਵੀ ਨਹੀਂ ਸਿੱਖਿਆ ਹੁੰਦਾ।
- **ਸਮਾਜੀਕਰਨ ਦੇ ਗੈਰ-ਰਸਮੀ ਏਜੰਟ** — ਇਨ੍ਹਾਂ ਨੂੰ ਸਮਾਜਿਕ ਸਮੂਹ ਦੇ ਏਜੰਟ ਦੇ ਨਾਮ ਨਾਲ਼ ਵੀ ਜਾਣਿਆ ਜਾਂਦਾ ਹੈ ਜਿਸ ਵਿੱਚ ਸਮਾਜਿਕ ਸੰਸਥਾਵਾਂ ਗ਼ੈਰ-ਰਸਮੀ ਤੌਰ 'ਤੇ ਵਿਅਕਤੀ ਨੂੰ ਸਮਾਜੀਕਰਨ ਸਿਖਾਉਂਦੀਆਂ ਹਨ।
- **ਸਾਥੀ ਸਮੂਹ** — ਇਹ ਵਿਅਕਤੀਆਂ ਦਾ ਉਹ ਸਮੂਹ ਹੈ, ਜਿਸ ਵਿੱਚ ਇਕਸਾਰ ਉਮਰ, ਪਿਛੋਕੜ, ਸਮਾਜਿਕ ਰੁਤਬਾ ਅਤੇ ਇਕੋ ਤਰ੍ਹਾਂ ਦੀ ਧਾਰਨਾ ਦੇ ਲੋਕ ਸ਼ਾਮਿਲ ਹੁੰਦੇ ਹਨ।
- **ਆਪਾ** — ਇੱਕ ਵਿਅਕਤੀ ਜਾਂ ਚੀਜ਼ ਦੀ ਅਨੋਖੀ ਪਛਾਣ।
- **ਸਮਾਜੀਕਰਨ** — ਇਹ ਇਕ ਨਿਰੰਤਰ ਚਲੱਣ ਵਾਲ਼ੀ ਪ੍ਰਕਿਰਿਆ ਹੈ, ਜਿਹੜੀ ਹਰ ਵਿਅਕਤੀ ਦੁਆਰਾ ਧਾਰਨ ਕੀਤੀ ਜਾਂਦੀ ਹੈ ਅਤੇ ਜਿਸ ਵਿੱਚ ਵਿਅਕਤੀ ਪਰਿਮਾਪ, ਕਦਰਾਂ-ਕੀਮਤਾਂ, ਵਿਵਹਾਰ ਅਤੇ ਸਮਾਜਿਕ ਕਲਾ ਨੂੰ ਸਿੱਖਦਾ ਹੈ।

## ਅਭਿਆਸ

**ਹੇਠ ਲਿਖੇ ਪ੍ਰਸ਼ਨਾਂ ਦਾ 10-15 ਸ਼ਬਦਾਂ ਵਿੱਚ ਉੱਤਰ ਦਿਓ।**

1. ਸਮਾਜੀਕਰਨ ਤੋਂ ਤੁਸੀਂ ਕੀ ਸਮਝਦੇ ਹੋ ?
2. ਸਮਾਜੀਕਰਨ ਦੇ ਪੜਾਵਾਂ ਦੇ ਨਾਂ ਲਿਖੋ।
3. ਕਿਸ਼ੋਰ ਅਵਸਥਾ ਕੀ ਹੈ ?
4. ਬਾਲਪਨ ਕੀ ਹੈ ?
5. ਸਮਾਜੀਕਰਨ ਦੀਆਂ ਮੁੱਢਲੀਆਂ ਏਜੰਸੀਆਂ ਕਿਹੜੀਆਂ ਹਨ ?
6. ਰਸਮੀ ਏਜੰਸੀਆਂ ਦੀਆਂ ਦੋ ਉਦਾਹਰਨਾਂ ਦਿਓ।
7. ਗ਼ੈਰ-ਰਸਮੀ ਏਜੰਸੀ ਦੀਆਂ ਦੋ ਉਦਾਹਰਨਾਂ ਦਿਓ।

**ਹੇਠ ਲਿਖੇ ਪ੍ਰਸ਼ਨਾਂ ਦਾ 30-35 ਸ਼ਬਦਾਂ ਵਿੱਚ ਉੱਤਰ ਦਿਓ।**

1. ਸਮਾਜੀਕਰਨ ਨੂੰ ਪਰਿਭਾਸ਼ਿਤ ਕਰੋ।
2. ਸਮਾਜੀਕਰਨ ਦੇ ਪੜਾਵਾਂ 'ਤੇ ਨੋਟ ਲਿਖੋ।
3. ਸਮਾਜੀਕਰਨ ਦੀ ਪ੍ਰਕਿਰਿਆ ਵਿੱਚ ਪਰਿਵਾਰ ਦੀ ਭੂਮਿਕਾ ਬਾਰੇ ਚਰਚਾ ਕਰੋ।
4. ਸਮਾਜੀਕਰਨ ਦੀਆਂ ਤਿੰਨ ਰਸਮੀ ਏਜੰਸੀਆਂ ਦੱਸੋ।
5. ਪ੍ਰਾਥਮਿਕ ਸਮਾਜੀਕਰਨ ਉੱਪਰ ਨੋਟ ਲਿਖੋ।
6. ਜੰਨਸੰਪਰਕ ਸਾਧਨਾਂ ਉੱਪਰ ਨੋਟ ਲਿਖੋ।

**ਹੇਠ ਲਿਖੇ ਪ੍ਰਸ਼ਨਾਂ ਦਾ 75-85 ਸ਼ਬਦਾਂ ਵਿੱਚ ਉੱਤਰ ਦਿਓ।**

1. ਸਮਾਜੀਕਰਨ ਦੀਆਂ ਵਿਸ਼ੇਸ਼ਤਾਵਾਂ ਦੱਸੋ।
2. ਸਾਥੀ ਸਮੂਹਾਂ ਦੀ ਸਮਾਜੀਕਰਨ ਵਿੱਚ ਭੂਮਿਕਾ ਦੱਸੋ।
3. ਸੰਖੇਪ ਵਿੱਚ ਜਵਾਨੀ ਅਤੇ ਬੁਢਾਪੇ ਦੀ ਸਮਾਜੀਕਰਨ ਦੀ ਪ੍ਰਕਿਰਿਆ ਉਪਰ ਚਰਚਾ ਕਰੋ।


**ਹੇਠ ਲਿਖੇ ਪ੍ਰਸ਼ਨਾਂ ਦਾ 250-300 ਸ਼ਬਦਾਂ ਵਿੱਚ ਉੱਤਰ ਦਿਓ।**

1. ਸਮਾਜੀਕਰਨ ਦੀ ਪ੍ਰਕਿਰਿਆ ਦੁਆਰਾ ਵਿਅਕਤੀਗਤ ਵਿਕਾਸ ਉੱਪਰ ਚਰਚਾ ਕਰੋ।
2. ਸਮਾਜੀਕਰਨ ਦੇ ਵੱਖ-ਵੱਖ ਪੜਾਵਾਂ ਦਾ ਵਰਣਨ ਕਰੋ।
3. ਸਮਾਜੀਕਰਨ ਦੀਆਂ ਏਜੰਸੀਆਂ ਦਾ ਵਰਣਨ ਕਰੋ।
4. ਸਮਾਜੀਕਰਨ ਪੁਸ਼ਤੈਨੀ ਅਤੇ ਵਾਤਾਵਰਨ ਸੰਬੰਧੀ ਪ੍ਰਮੁੱਖਤਾ ਦਾ ਸਵਾਲ ਢੁਕਵਾਂ ਨਹੀਂ ਹੈ। ਇਸਦਾ ਵਿਸ਼ਲੇਸ਼ਣ ਕਰੋ।
5. ਸਮਾਜੀਕਰਨ ਦੇ ਏਜੰਟ ਅਤੇ ਵਿਅਕਤੀਆਂ ਦੇ ਭਿੰਨ ਪੜਾਵਾਂ ਦੇ ਰਿਸ਼ਤੇ ਬਾਰੇ ਚਰਚਾ ਕਰੋ।

ਇਕਾਈ -IV

# ਸਮਾਜਿਕ ਸੰਸਥਾਵਾਂ





ਅਧਿਆਏ 7

# ਵਿਆਹ, ਪਰਿਵਾਰ ਅਤੇ ਨਾਤੇਦਾਰੀ

**ਮੁੱਖ ਅੰਸ਼ :**

7.1 ਸੰਸਥਾ ਦਾ ਅਰਥ ਅਤੇ ਵਿਸ਼ੇਸ਼ਤਾਵਾਂ

7.2 ਵਿਆਹ : ਕਿਸਮਾਂ, ਜੀਵਨ ਸਾਥੀ ਦੀ ਚੋਣ ਕਰਨ ਦੇ ਨਿਯਮ, ਪਰਿਵਰਤਨ

7.3 ਪਰਿਵਾਰ : ਵਿਸ਼ੇਸ਼ਤਾਵਾਂ, ਕਾਰਜ, ਕਿਸਮਾਂ, ਪਰਿਵਰਤਨ

7.4 ਨਾਤੇਦਾਰੀ : ਕਿਸਮਾਂ

## ਭੂਮਿਕਾ :

ਸਮਾਜ ਵਿੱਚ ਮਨੁੱਖ ਦੀਆਂ ਮੁੱਢਲੀਆਂ ਲੋੜਾਂ ਨੂੰ ਪੂਰਾ ਕਰਨ ਲਈ ਕੁਝ ਸੰਸਥਾਵਾਂ ਦੀ ਸਥਾਪਨਾ ਕੀਤੀ ਜਾਂਦੀ ਹੈ। ਸੰਸਥਾ ਕਿਸੇ ਸਮਾਜਿਕ ਵਿਵਸਥਾ, ਸਹਿਯੋਗ ਦੀ ਸੰਰਚਨਾ ਜਾਂ ਢਾਂਚਾ ਹੈ, ਜੋ ਸਮੁਦਾਇ ਵਿੱਚ ਵਿਅਕਤੀਆਂ ਦੇ ਵਿਵਹਾਰ ਨੂੰ ਨਿਯੰਤਰਿਤ ਕਰਦੀ ਹੈ। ਸੰਸਥਾ ਵਿਸ਼ੇਸ਼ ਉਦੇਸ਼ਾਂ ਨੂੰ ਪੂਰਾ ਕਰਨ ਦੀ ਸਾਧਨ ਹੈ, ਜੋ ਇੱਕ ਸਮਾਜ ਦੀ ਹੋਂਦ ਦੀ ਨਿਰੰਤਰਤਾ ਨੂੰ ਕਾਇਮ ਰੱਖਣ ਲਈ ਮਹੱਤਵਪੂਰਨ ਹੈ।

## ਸੰਸਥਾ ਦਾ ਅਰਥ ਅਤੇ ਪਰਿਭਾਸ਼ਾਵਾਂ :

'ਸੰਸਥਾ' ਸ਼ਬਦ ਆਮ ਵਿਅਕਤੀ ਵੱਲੋਂ ਖਾਸ ਤੌਰ 'ਤੇ ਸਥਾਪਿਤ ਰਸਮੀ ਸੰਗਠਨ ਨੂੰ ਪ੍ਰਗਟ ਕਰਨ ਲਈ ਵਰਤਿਆ ਜਾਂਦਾ ਹੈ ਜਿਵੇਂ ਸਕੂਲ, ਹਸਪਤਾਲ ਅਤੇ ਜੇਲ੍ਹ। ਭਾਵੇਂ ਕਿ ਸਮਾਜ ਸ਼ਾਸਤਰ ਵਿੱਚ ਸੰਸਥਾ ਤੋਂ ਭਾਵ, ਵਿਵਹਾਰ ਜਾਂ ਸੰਬੰਧਾਂ ਦੇ ਸਥਾਪਿਤ ਅਤੇ ਸੰਰਚਿਤ ਅਕਾਰ ਤੋਂ ਲਿਆ ਜਾਂਦਾ ਹੈ ਜਿਸਨੂੰ ਸੱਭਿਆਚਾਰ ਦੇ ਇੱਕ ਮੁੱਢਲੇ ਅੰਗ ਦੇ ਰੂਪ ਵਿੱਚ ਮਾਨਤਾ ਪ੍ਰਾਪਤ ਹੈ, ਜਿਵੇਂ ਵਿਆਹ। ਸੰਸਥਾ ਸ਼ਬਦ ਦਾ ਪ੍ਰਯੋਗ ਰੀਤੀ, ਰਿਵਾਜ, ਕਾਨੂੰਨ, ਪੰਰਪਰਾ ਦੀ ਵਿਆਖਿਆ ਕਰਨ ਲਈ ਵੀ ਕੀਤਾ ਜਾ ਸਕਦਾ ਹੈ। ਮੈਕਾਈਵਰ ਅਤੇ ਪੇਜ ਦੇ ਅਨੁਸਾਰ, ਸੰਸਥਾ ਸਮੂਹਿਕ ਗਤੀਵਿਧੀਆਂ ਦੀਆਂ ਵਿਸ਼ੇਸ਼ਤਾਵਾਂ ਅਤੇ ਪ੍ਰਕਿਰਿਆਵਾਂ ਦੀਆਂ ਸ਼ਰਤਾਂ ਦਾ ਸਥਾਪਿਤ ਰੂਪ ਹੈ। ਸੰਸਥਾ ਲੋਕਾਂ ਦਾ ਸਮੂਹ ਨਹੀਂ ਹੈ। ਸਮਾਜ ਸ਼ਾਸਤਰੀ 'ਸੰਸਥਾ' ਸ਼ਬਦ ਦੀ ਵਰਤੋਂ ਆਦਰਸ਼ਵਾਦੀ ਪ੍ਰਣਾਲੀ ਦੀ ਵਿਆਖਿਆ ਕਰਨ ਲਈ ਵੀ ਕਰਦੇ ਹਨ ਜੋ ਕਿ ਮਨੁੱਖੀ ਜੀਵਨ ਦੇ ਮੁੱਢਲੇ ਖੇਤਰਾਂ ਵਿੱਚ ਸੰਚਾਲਿਤ ਹੁੰਦੀ ਹੈ। ਇਸ ਪ੍ਰਕਾਰ ਸਮਾਜਿਕ ਸੰਸਥਾਵਾਂ ਸਮਾਜਿਕ ਪ੍ਰਤੀਮਾਨਾ, ਕਦਰਾਂ-ਕੀਮਤਾਂ ਅਤੇ ਭੂਮਿਕਾ ਸਬੰਧਾਂ ਦਾ ਇੱਕ ਜਟਿਲ ਜੁੱਟ ਹੈ ਜੋ

ਸਮਾਜ ਦੀਆਂ ਲੋੜਾਂ ਦੇ ਸਿੱਟੇ ਵਜੋਂ ਹੋਂਦ ਵਿੱਚ ਆਉਂਦਾ ਹੈ। ਇਹ ਸੰਸਥਾਵਾਂ ਮਨੁੱਖਾਂ ਦੀਆਂ ਸਮਾਜਿਕ ਅਤੇ ਸੱਭਿਆਚਾਰਕ ਲੋੜਾਂ ਨੂੰ ਪੂਰਾ ਕਰਦੀਆਂ ਹਨ। ਸਮਾਜਿਕ ਸੰਸਥਾਵਾਂ ਰਾਜ ਦੀ ਤਰ੍ਹਾਂ ਵਿਸ਼ਾਲ ਅਤੇ ਪਰਿਵਾਰ ਦੀ ਤਰ੍ਹਾਂ 'ਸੂਖਮ' ਦੋਵੇਂ ਹੀ ਹੋ ਸਕਦੀਆਂ ਹਨ। ਸਮਾਜਿਕ ਸੰਸਥਾਵਾਂ ਸਾਡੇ ਜੀਵਨ ਦੀ ਹੋਂਦ ਨੂੰ ਇੱਕ ਵਿਸ਼ੇਸ਼ ਪਹਿਚਾਣ ਦਿੰਦੀਆਂ ਹਨ ਅਤੇ ਸਾਡੇ ਸਮਾਜਿਕ ਜੀਵਨ ਨੂੰ ਜਿਉਣ ਯੋਗ ਬਣਾਉਦੀਆਂ ਹਨ। ਪਰਿਵਾਰ, ਵਿਆਹ, ਰਿਸ਼ਤੇਦਾਰੀ, ਰਾਜਨੀਤਿਕ ਪਾਰਟੀ, ਬੈਂਕ, ਫੈਕਟਰੀ, ਧਰਮ ਆਦਿ ਸੰਸਥਾਵਾਂ ਦੀਆਂ ਮਹੱਤਵਪੂਰਨ ਉਦਾਹਰਨਾ ਹਨ।

## ਸੰਸਥਾ ਦੀਆਂ ਵਿਸ਼ੇਸ਼ਤਾਵਾਂ

ਸੰਸਥਾਵਾਂ ਦੀਆਂ ਕੁਝ ਮਹੱਤਵਪੂਰਨ ਵਿਸ਼ੇਸ਼ਤਾਵਾਂ ਹੇਠ ਅਨੁਸਾਰ ਹਨ।

1. **ਵਿਸ਼ੇਸ਼ ਜ਼ਰੂਰਤਾਂ ਦੀ ਪੂਰਤੀ :** ਹਰ ਸੰਸਥਾ ਵਿਅਕਤੀ ਦੀਆਂ ਕੁਝ ਵਿਸ਼ੇਸ਼ ਜ਼ਰੂਰਤਾਂ ਦੀ ਪੂਰਤੀ ਕਰਦੀ ਹੈ। ਉਦਾਹਰਨ ਵਜੋਂ ਪਰਿਵਾਰ ਸੰਤਾਨ ਉੱਤਪਤੀ, ਪਾਲਨ ਪੋਸ਼ਣ ਅਤੇ ਬੱਚਿਆਂ ਦਾ ਸਮਾਜੀਕਰਨ ਕਰਦਾ ਹੈ ਅਤੇ ਆਪਣੇ ਮੈਂਬਰਾਂ ਨੂੰ ਆਰਥਿਕ ਸੁਰੱਖਿਆ ਪ੍ਰਦਾਨ ਕਰਦਾ ਹੈ ਜਦੋਂ ਕਿ ਸਰਕਾਰ ਸਮਾਜ ਵਿੱਚ ਕਾਨੂੰਨ ਵਿਵਸਥਾ ਨੂੰ ਕਾਇਮ ਕਰਨ ਦੀ ਲੋੜ ਨੂੰ ਪੂਰਾ ਕਰਦੀ ਹੈ।

2. **ਨਿਯਮਾਂ ਦਾ ਨਿਰਧਾਰਨ :** ਹਰ ਸੰਸਥਾ ਕੁਝ ਨਿਯਮਾਂ ਨੂੰ ਨਿਰਧਾਰਿਤ ਕਰਦੀ ਹੈ ਜਿਸਦਾ ਪਾਲਣ ਕੀਤਾ ਜਾਣਾ ਹੁੰਦਾ ਹੈ। ਉਦਾਹਰਨ ਦੇ ਲਈ ਵਿਆਹ ਇੱਕ ਸੰਸਥਾ ਦੇ ਰੂਪ ਵਿੱਚ ਪਤੀ ਅਤੇ ਪਤਨੀ ਦੇ ਆਪਸੀ ਸੰਬੰਧਾਂ ਨੂੰ, ਜੀਵਨ ਸਾਥੀ ਚੁਣਨ ਦੇ ਨਿਯਮਾਂ ਨੂੰ ਨਿਯਮਤ ਕਰਦਾ ਹੈ ਆਦਿ। ਇਸੇ ਤਰ੍ਹਾਂ ਵਿੱਦਿਅਕ ਸੰਸਥਾਵਾਂ ਦੇ ਰੂਪ ਵਿੱਚ ਸਕੂਲਾਂ ਅਤੇ ਕਾਲਜਾਂ ਦੇ ਆਪਣੇ ਨਿਯਮ ਅਤੇ ਕਾਰਜ ਪ੍ਰਣਾਲੀ ਹੁੰਦੀ ਹੈ।

3. **ਅਮੂਰਤਤਾ :** ਸੰਸਥਾਵਾਂ ਦੀ ਪ੍ਰਕਿਰਤੀ ਅਮੂਰਤ ਹੁੰਦੀ ਹੈ। ਇਨ੍ਹਾਂ ਨੂੰ ਨਾ ਤਾਂ ਦੇਖਿਆ ਜਾ ਸਕਦਾ ਹੈ ਅਤੇ ਨਾ ਹੀ ਮਹਿਸੂਸ ਕੀਤਾ ਜਾ ਸਕਦਾ ਹੈ। ਉਦਾਹਰਨ ਦੇ ਲਈ ਵਿਆਹ, ਪਰਿਵਾਰ ਜਾਂ ਧਰਮ ਦੀ ਸੰਸਥਾ ਨੂੰ ਵੇਖਿਆ ਤੇ ਮਾਪਿਆ ਨਹੀਂ ਜਾ ਸਕਦਾ।

4. **ਸੱਭਿਆਚਾਰਕ ਪ੍ਰਤੀਕ :** ਸੰਸਥਾਵਾਂ ਦੇ ਆਪਣੇ ਸੱਭਿਆਚਾਰਕ ਪ੍ਰਤੀਕ ਹੁੰਦੇ ਹਨ ਜੋ ਸੁਭਾਅ ਤੋਂ ਭੌਤਿਕ ਜਾਂ ਅਭੌਤਿਕ ਹੋ ਸਕਦੇ ਹਨ। ਉਦਾਹਰਨ ਵਜੋਂ ਦੇਸ਼ ਦਾ ਰਾਸ਼ਟਰੀ ਝੰਡਾ ਅਤੇ ਰਾਸ਼ਟਰੀ ਗੀਤ ਉਸ ਦੇਸ਼ ਦੇ ਪ੍ਰਤੀਕ ਹਨ। ਇੱਕ ਸਕੂਲ ਦਾ ਆਪਣਾ ਨੀਤੀ ਮੰਤਰ (Motto) ਅਤੇ ਵਰਦੀ ਹੁੰਦੀ ਹੈ।

5. **ਸਰਵਵਿਆਪਕਤਾ :** ਸਮਾਜਿਕ ਸੰਸਥਾਵਾਂ ਸਰਵ-ਵਿਆਪਕ ਹੁੰਦੀਆਂ ਹਨ। ਇਹ ਹਰੇਕ ਸਮਾਜ ਵਿੱਚ ਅਤੇ ਸਮਾਜਿਕ ਵਿਕਾਸ ਦੇ ਹਰੇਕ ਪੜਾਅ ਵਿੱਚ ਪਾਈਆਂ ਜਾਂਦੀਆਂ ਹਨ।

6. **ਸਮਾਜਿਕ ਪ੍ਰਕਿਰਤੀ :** ਲੋਕਾਂ ਦੀਆਂ ਸਮੂਹਿਕ ਗਤੀਵਿਧੀਆਂ ਤੋਂ ਸੰਸਥਾਵਾਂ ਦਾ ਨਿਰਮਾਣ ਹੁੰਦਾ ਹੈ। ਇਹ ਲਾਜ਼ਮੀ ਤੌਰ ਤੇ ਸਮਾਜਿਕ ਹੁੰਦੀਆਂ ਹਨ।


7. **ਮੌਖਿਕ ਅਤੇ ਲਿਖਤੀ :** ਸੰਸਥਾਵਾਂ ਮੌਖਿਕ/ਲਿਖਤੀ ਪੰਰਪਰਾਵਾਂ ਦੇ ਰੂਪ ਵਿੱਚ ਹੋ ਸਕਦੀਆਂ ਹਨ। ਆਧੁਨਿਕ ਸਮਾਜ ਦੀ ਤੁਲਨਾ ਵਿੱਚ ਆਦਮ ਸਮਾਜ ਦੀਆਂ ਸੰਸਥਾਵਾਂ ਵਧੇਰੇ ਮੌਖਿਕ ਸਨ।

8. **ਸਥਾਈ ਅਤੇ ਕਠੋਰ :** ਸੰਸਥਾਵਾਂ ਦੀ ਪ੍ਰਕਿਰਤੀ ਕਠੋਰ ਹੁੰਦੀ ਹੈ ਅਤੇ ਇਹ ਲੰਬੇ ਸਮੇਂ ਤੱਕ ਕਾਇਮ ਰਹਿੰਦੀਆਂ ਹਨ। ਭਾਵੇਂ ਸੰਸਥਾਵਾਂ ਦੀ ਤਬਦੀਲੀ ਵਿੱਚ ਵਿਭਿੰਨ ਸਮਾਜਾਂ ਅਤੇ ਸੱਭਿਆਚਾਰ ਵਿੱਚ ਅੰਤਰ ਪਾਇਆ ਜਾਂਦਾ ਹੈ, ਇਨ੍ਹਾਂ ਵਿੱਚ ਤਬਦੀਲੀ ਅਚਾਨਕ ਨਹੀਂ ਹੁੰਦੀ ਅਤੇ ਇਹ ਪਰਿਵਰਤਨ ਬਹੁਤ ਧੀਮੀ ਗਤੀ ਨਾਲ਼ ਹੁੰਦਾ ਹੈ।

9. **ਨਿੰਯਤਰਨ ਕਰਨ ਦਾ ਸਾਧਨ :** ਸੰਸਥਾਵਾਂ ਸਮਾਜ ਨੂੰ ਨਿਯੰਤਰਨ ਕਰਨ ਦੇ ਸਾਧਨ ਦੇ ਰੂਪ ਵਜੋਂ ਕੰਮ ਕਰਦੀਆਂ ਹਨ। ਉਦਾਹਰਨ ਦੇ ਤੌਰ ਤੇ ਧਰਮ, ਕਾਨੂੰਨ, ਆਦਿ ਜੋ ਵਿਅਕਤੀ ਦੇ ਵਿਵਹਾਰ ਨੂੰ ਨਿਯੰਤਰਿਤ ਕਰਦੇ ਹਨ ਅਤੇ ਸਮਾਜ ਵਿੱਚ ਸਮਾਜਿਕ ਵਿਵਸਥਾ ਅਤੇ ਸਥਿਰਤਾ ਨੂੰ ਬਣਾਏ ਰੱਖਣ ਵਿੱਚ ਮੱਦਦ ਕਰਦੇ ਹਨ।

10. **ਸੰਸਥਾਵਾਂ ਅੰਤਰ-ਸੰਬੰਧਿਤ ਹਨ :** ਭਾਵੇਂ ਹਰੇਕ ਸੰਸਥਾ ਆਪਣੀ ਪ੍ਰਕਿਰਤੀ ਤੋਂ ਭਿੰਨ ਹੁੰਦੀ ਹੈ। ਪਰ ਸਾਰੀਆਂ ਸੰਸਥਾਵਾਂ ਅੰਤਰ-ਸੰਬੰਧਿਤ ਹੁੰਦੀਆਂ ਹਨ। ਇੱਕ ਸੰਸਥਾ ਵਿੱਚ ਹੋਣ ਵਾਲ਼ਾ ਪਰਿਵਰਤਨ ਦੂਜੀ ਸੰਸਥਾ ਵਿੱਚ ਹੋਣ ਵਾਲ਼ੇ ਪਰਿਵਰਤਨ ਦਾ ਕਾਰਨ ਬਣਦਾ ਹੈ।

ਇਸ ਅਧਿਆਇ ਵਿੱਚ ਅਸੀਂ ਸਮਾਜਿਕ ਸੰਸਥਾਵਾਂ ਦੇ ਮਹੱਤਵਪੂਰਨ ਤੱਤਾਂ ਦੇ ਰੂਪ ਵਿੱਚ ਵਿਆਹ, ਪਰਿਵਾਰ ਅਤੇ ਨਾਤੇਦਾਰੀ ਦੀ ਚਰਚਾ ਕਰਾਂਗੇ ਅਤੇ ਅਗਲੇ ਅਧਿਆਇ ਵਿੱਚ ਸਰਕਾਰ, ਧਰਮ, ਅਰਥਵਿਵਸਥਾ ਅਤੇ ਸਿੱਖਿਆ 'ਤੇ ਧਿਆਨ ਕੇਂਦਰਿਤ ਕਰਾਂਗੇ।




## ਵਿਆਹ

ਵਿਆਹ ਇੱਕ ਮਹੱਤਵਪੂਰਨ ਸਮਾਜਿਕ ਸੰਸਥਾ ਹੈ ਅਤੇ ਸੰਸਾਰ ਦੇ ਹਰ ਹਿੱਸੇ ਵਿੱਚ ਮੌਜੂਦ ਹੈ। ਵਿਆਹ ਮਨੁੱਖੀ ਸਮਾਜ ਦੀ ਮੁੱਢਲੀ ਸੰਸਥਾ ਹੈ। ਵਿਆਹ ਦੇ ਮਾਧਿਆਮ ਰਾਹੀਂ ਦੋ ਵਿਪਰੀਤ ਲਿੰਗ ਦੇ ਵਿਅਕਤੀਆਂ ਨੂੰ ਪਤੀ ਤੇ ਪਤਨੀ ਦੇ ਰੂਪ ਵਿੱਚ ਇਕੱਠੇ ਰਹਿਣ ਦੀ ਸਮਾਜਿਕ ਪ੍ਰਵਾਨਗੀ ਮਿਲ਼ਦੀ ਹੈ। ਵਿਆਹ ਸਮਾਜਿਕ ਸੰਰਚਨਾ ਦਾ ਕੇਂਦਰ ਬਣ ਜਾਂਦਾ ਹੈ, ਜਿਸ ਵਿੱਚ ਵਿਅਕਤੀ ਨਾਤੇਦਾਰੀ ਦੇ ਮਾਧਿਅਮ ਤੋਂ ਇਕ ਦੂਜੇ ਨਾਲ਼ ਸੰਬੰਧਿਤ ਹੋ ਜਾਂਦੇ ਹਨ।



ਵਿਆਹ ਇਸਤਰੀ ਅਤੇ ਪੁਰਸ਼ਾਂ ਦੀਆਂ ਸਰੀਰਕ, ਸਮਾਜਿਕ, ਮਨੋਵਿਗਿਆਨਿਕ, ਸੱਭਿਆਚਾਰਕ ਅਤੇ ਆਰਥਿਕ ਜ਼ਰੂਰਤਾਂ ਨੂੰ ਸੰਤੁਸ਼ਟ ਕਰਨ ਦੇ ਲਈ ਬਣਾਈ ਗਈ ਸੰਸਥਾ ਹੈ। ਇਹ ਪੁਰਸ਼ ਅਤੇ ਇਸਤਰੀ ਨੂੰ ਪਰਿਵਾਰ ਦਾ ਨਿਰਮਾਣ ਕਰਨ ਦੇ ਲਈ ਇਕ ਦੂਜੇ ਨਾਲ਼ ਸੰਬੰਧ ਸਥਾਪਿਤ ਕਰਨ ਦੀ ਆਗਿਆ ਦਿੰਦਾ ਹੈ। ਵਿਆਹ ਦਾ ਮੁੱਢਲਾ ਉਦੇਸ਼ ਸਥਾਈ ਸੰਬੰਧਾਂ ਦੁਆਰਾ ਲਿੰਗਕ ਕਿਰਿਆਵਾਂ ਨੂੰ ਨਿਯਮਤ ਕਰਨਾ ਹੈ। ਸੌਖੇ ਜਾਂ ਸਾਧਾਰਨ ਸ਼ਬਦਾਂ ਵਿੱਚ, ਵਿਆਹ ਨੂੰ ਇੱਕ ਅਜਿਹੀ ਸੰਸਥਾ ਦੇ ਰੂਪ ਵਿੱਚ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ ਜੋ ਪੁਰਸ਼ਾਂ ਅਤੇ ਔਰਤਾਂ ਨੂੰ ਪਰਿਵਾਰਿਕ ਜੀਵਨ ਦੇ ਵਿੱਚ ਪ੍ਰਵੇਸ਼ ਕਰਨ, ਸੰਤਾਨ ਉਤਪਤੀ, ਪਤੀ-ਪਤਨੀ, ਬੱਚਿਆਂ ਦੇ ਵਿਭਿੰਨ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਨੂੰ ਨਿਭਾਉਣ ਦੀ ਪ੍ਰਵਾਨਗੀ ਦਿੰਦੀ ਹੈ। ਸਮਾਜ ਇੱਕ ਪੁਰਸ਼ ਅਤੇ ਇਸਤਰੀ ਵਿਚਕਾਰ ਸੰਬੰਧਾਂ ਨੂੰ ਇੱਕ ਧਾਰਮਿਕ ਸੰਸਕਾਰ ਦੇ ਰੂਪ ਵਿੱਚ ਆਪਣੀ ਪ੍ਰਵਾਨਗੀ ਪ੍ਰਦਾਨ ਕਰਦਾ ਹੈ। ਪਤੀ-ਪਤਨੀ ਇੱਕ ਦੂਜੇ ਅਤੇ ਸਮਾਜ ਦੇ ਪ੍ਰਤਿ ਅਨੇਕਾਂ ਜ਼ਿੰਮੇਵਾਰੀਆਂ ਦਾ ਪਾਲਣ ਕਰਦੇ ਹਨ। ਵਿਆਹ ਇੱਕ ਮਹੱਤਵਪੂਰਨ ਆਰਥਿਕ ਉਦੇਸ਼ ਨੂੰ ਵੀ ਪੂਰਾ ਕਰਦਾ ਹੈ। ਇਹ ਵਿਰਾਸਤ ਨਾਲ਼ ਸੰਬੰਧਿਤ ਸੰਪਤੀ ਅਧਿਕਾਰ ਨੂੰ ਪਰਿਭਾਸ਼ਿਤ ਕਰਦਾ ਹੈ। ਇਸ ਪ੍ਰਕਾਰ ਅਸੀਂ ਸਮਝ ਸਕਦੇ ਹਾਂ ਕਿ ਵਿਆਹ ਇੱਕ ਪੁਰਸ਼ ਅਤੇ ਇਸਤਰੀ ਦੇ ਵਿਚਕਾਰ ਬਹੁਮੁਖੀ ਸੰਬੰਧਾਂ ਨੂੰ ਪ੍ਰਦਰਸ਼ਿਤ ਕਰਦਾ ਹੈ।

## ਵਿਆਹ ਸੰਸਥਾ ਦੀ ਉਤਪਤੀ ਦੇ ਕਾਰਨ


ਵਿਆਹ ਸੰਸਥਾ ਉਤਪਤੀ ਦੇ ਮੁੱਖ ਕਾਰਨ ਨਿਮਨਲਿਖਤ ਹਨ :

1. **ਜੈਵਿਕ ਜ਼ਰੂਰਤਾਂ :** ਵਿਆਹ ਇੱਕ ਮੁੱਢਲੀ ਸੰਸਥਾ ਮੰਨੀ ਜਾਂਦੀ ਹੈ, ਜੋ ਕਿ ਵਿਪਰੀਤ ਲਿੰਗਕ ਸੰਬੰਧਾਂ ਨੂੰ ਮਾਨਤਾ ਪ੍ਰਦਾਨ ਕਰਦੀ ਹੈ। ਇਹ ਦੋ ਵਿਪਰੀਤ ਲਿੰਗਕ ਵਿਅਕਤੀਆਂ ਦੇ ਵਿਚਕਾਰ ਇਕ ਸਮਾਜਿਕ ਸਬੰਧ ਹੈ ਜਿਸ ਦੇ ਆਧਾਰ ਤੇ ਉਹ ਆਪਣੀਆਂ ਸਰੀਰਕ ਅਤੇ ਜੈਵਿਕ ਜ਼ਰੂਰਤਾਂ ਨੂੰ ਪੂਰਾ ਕਰਦੇ ਹਨ।
2. **ਮਨੋਵਿਗਿਆਨਿਕ ਜ਼ਰੂਰਤਾਂ :** ਵਿਆਹ ਕੇਵਲ ਜੈਵਿਕ ਜ਼ਰੂਰਤਾਂ ਨੂੰ ਹੀ ਪੂਰਾ ਨਹੀਂ ਕਰਦਾ ਬਲਕਿ ਬੱਚਿਆਂ ਦਾ ਹੋਣਾ ਮਨੋਵਿਗਿਆਨਿਕ ਸੰਤੁਸ਼ਟੀ ਵੀ ਹੈ। ਬੱਚਿਆਂ ਨੂੰ ਜਨਮ ਦੇਣਾ ਅਤੇ ਉਹਨਾਂ ਦਾ ਪਾਲਣ-ਪੋਸ਼ਣ ਕਰਨਾ ਵਿਆਹ ਦਾ ਇੱਕ ਮਹੱਤਵਪੂਰਨ ਕਾਰਨ ਹੈ, ਜਿਸਦੇ ਲਈ ਸਿੱਧੇ ਰੂਪ ਵਿੱਚ ਇਕ ਸਥਾਈ ਸੰਬੰਧ ਅਤੇ ਵਿਆਹ ਦੀ ਜ਼ਰੂਰਤ ਹੁੰਦੀ ਹੈ।
3. **ਪ੍ਰਜਣਨ ਕਾਰਜ :** ਬੱਚਿਆਂ ਨੂੰ ਜਨਮ ਦੇਣਾ ਵਿਆਹ ਦਾ ਇੱਕ ਹੋਰ ਅਭਿੰਨ ਪੱਖ ਹੈ।
4. **ਪਾਲਣ-ਪੋਸ਼ਣ ਦੀ ਜ਼ਰੂਰਤ :** ਬੱਚਿਆਂ ਨੂੰ ਜਨਮ ਦੇਣ ਦੇ ਨਾਲ਼-ਨਾਲ਼ ਵਿਆਹ ਬੱਚਿਆਂ ਦੇ ਪਾਲਣ-ਪੋਸ਼ਣ ਅਤੇ ਉਹਨਾਂ ਦੇ ਸਮਾਜੀਕਰਨ ਦਾ ਵੀ ਕੰਮ ਕਰਦਾ ਹੈ।

### ਗਤੀਵਿਧੀ -7.1

1. ਤੁਸੀਂ ਆਪਣੇ ਪਰਿਵਾਰ/ਰਿਸ਼ਤੇਦਾਰ/ਗੁਆਂਢੀ ਦੇ ਵਿਆਹ ਸਮਾਰੋਹ ਵਿੱਚ ਸ਼ਾਮਿਲ ਹੋਏ ਹੋਵੋਗੇ। ਵਿਆਹ ਨਾਲ਼ ਜੁੜੇ ਸੰਸਕਾਰਾਂ ਅਤੇ ਪ੍ਰਥਾਵਾਂ ਦੀ ਇੱਕ ਸੂਚੀ ਬਣਾਉ।
2. ਕਲਾਸ ਵਿੱਚ ਇਨ੍ਹਾਂ ਵਿਚੋਂ ਕੁੱਝ ਸੰਸਕਾਰਾਂ ਦੇ ਵਿਚਾਰ-ਵਟਾਂਦਰਾ ਕਰੋ।

**ਵਿਆਹ ਦੀਆਂ ਕਿਸਮਾਂ :** ਸੰਸਾਰ ਦੇ ਵੱਖਰੇ-ਵੱਖਰੇ ਭਾਗਾਂ ਵਿੱਚ ਵਿਆਹ ਦੀਆਂ ਮੁੱਖ ਦੋ ਕਿਸਮਾਂ ਪ੍ਰਚਲਿਤ ਹਨ।




## ਇੱਕ ਵਿਆਹ ਅਤੇ ਬਹੁ ਵਿਆਹ

ਇਕ ਵਿਆਹ ਤੋਂ ਭਾਵ ਇਕ ਪਤੀ ਅਤੇ ਪਤਨੀ ਦੇ ਵਿਚਕਾਰ ਸੰਬੰਧਾਂ ਤੋਂ ਹੈ। ਵਿਸ਼ਵ ਦੇ ਵਧੇਰੇ ਵਿਆਹ ਇਕ ਵਿਆਹ ਦੀ ਕਿਸਮ ਵਾਲ਼ੇ ਹਨ। ਅਜਿਹੇ ਸਮਾਜ ਜਿੱਥੇ ਇਕ ਵਿਆਹ ਪ੍ਰਚਲਿਤ ਹੈ। ਉੱਥੇ ਕੋਈ ਪੁਰਸ਼ ਜਾਂ ਇਸਤਰੀ ਆਪਣੇ ਸਾਥੀ ਦੀ ਮੌਤ ਤੋਂ ਬਾਅਦ ਜਾਂ ਵਿਆਹ ਟੁੱਟ ਜਾਣ 'ਤੇ ਦੁਬਾਰਾ ਵਿਆਹ ਕਰ ਸਕਦੇ ਹਨ।

**ਬਹੁ ਵਿਆਹ** ਤੋਂ ਭਾਵ ਅਜਿਹੇ ਵਿਆਹ ਤੋਂ ਹੈ, ਜਿੱਥੇ ਇਕ ਇਸਤਰੀ, ਇਕ ਸਮੇਂ ਵਿੱਚ ਇਕ ਤੋਂ ਵਧੇਰੇ ਪਤੀ ਹੁੰਦੇ ਹਨ ਜਾਂ ਇਕ ਪੁਰਸ਼ ਦੀਆਂ ਇਕ ਤੋਂ ਵਧੇਰੇ ਪਤਨੀਆਂ ਹੁੰਦੀਆਂ ਹਨ। ਬਹੁਵਿਆਹ ਦੋ ਪ੍ਰਕਾਰ ਦਾ ਹੁੰਦਾ ਹੈ। ਅਰਥਾਤ ਬਹੁ ਪਤਨੀ ਵਿਆਹ ਅਤੇ ਬਹੁ ਪਤੀ ਵਿਆਹ।

**1. ਬਹੁਪਤਨੀ ਵਿਆਹ :-** ਵਿਆਹ ਦੀ ਇਸ ਕਿਸਮ ਵਿੱਚ ਇਕ ਪੁਰਸ਼ ਇਕ ਤੋਂ ਵੱਧ ਇਸਤਰੀਆਂ ਨਾਲ਼ ਵਿਆਹ ਕਰਦਾ ਹੈ। ਮੁਸਲਿਮ ਸਮੁਦਾਇ ਇਕ ਅਜਿਹਾ ਸਮੂਹ ਹੈ, ਜਿਸ ਦੇ ਧਰਮ ਦੇ ਅੰਤਰਗਤ ਬਹੁਪਤਨੀ ਵਿਆਹ ਨੂੰ ਸਵੀਕ੍ਰਿਤੀ ਪ੍ਰਦਾਨ ਕੀਤੀ ਗਈ ਹੈ। ਭਾਵੇਂ ਬਹੁਪਤਨੀ ਵਿਆਹ ਦੋ ਪ੍ਰਕਾਰ ਦਾ ਹੁੰਦਾ ਹੈ। ਭਾਵ ਸਾਲੀ ਵਿਆਹ ਅਤੇ ਗ਼ੈਰ-ਸਾਲੀ ਵਿਆਹ। ਸਾਲੀ ਬਹੁਪਤਨੀ ਵਿਆਹ ਦੇ ਅੰਤਰਗਤ ਇਕ ਪੁਰਸ਼ ਇਕ ਤੋਂ ਵਧੇਰੇ ਇਸਤਰੀਆਂ ਨਾਲ਼ ਵਿਆਹ ਕਰਦਾ ਹੈ, ਜੋ ਆਪਸ ਵਿੱਚ ਭੈਣਾਂ ਹੁੰਦੀਆਂ ਹਨ। ਜਦੋਂ ਕਿ ਗ਼ੈਰ-ਸਾਲੀ ਬਹੁਪਤਨੀ ਵਿਆਹ ਵਿੱਚ ਪਤਨੀਆਂ ਆਪਸ ਵਿੱਚ ਸੰਬੰਧਿਤ ਨਹੀਂ ਹੁੰਦੀਆਂ।

**2. ਬਹੁਪਤੀ ਵਿਆਹ :-** ਬਹੁਪਤੀ ਵਿਆਹ ਵਿੱਚ ਇਕ ਇਸਤਰੀ ਇਕ ਤੋਂ ਵਧੇਰੇ ਪੁਰਸ਼ਾਂ ਨਾਲ਼ ਵਿਆਹ ਕਰਦੀ ਹੈ। ਬਹੁਪਤੀ ਵਿਆਹ ਦੇ ਵੀ ਦੋ ਸਰੂਪ ਹਨ। ਪਹਿਲਾ ਭਰਾਤਰੀ ਬਹੁਪਤੀ ਵਿਆਹ ਦੂਸਰਾ ਗ਼ੈਰ-ਭਰਾਤਰੀ ਬਹੁਪਤੀ ਵਿਆਹ। ਭਰਾਤਰੀ ਬਹੁਪਤੀ ਵਿਆਹ ਵਿੱਚ ਇਸਤਰੀ ਸਾਰੇ ਭਰਾਵਾਂ ਦੀ ਪਤਨੀ ਮੰਨੀ ਜਾਂਦੀ ਹੈ। ਜਦੋਂ ਕਿ ਗ਼ੈਰ-ਭਰਾਤਰੀ ਵਿਆਹ ਵਿੱਚ ਪਤਨੀ ਦੇ ਸਾਰੇ ਪਤੀ ਆਪਸ ਵਿੱਚ ਭਰਾ ਨਹੀਂ ਹੁੰਦੇ। ਅਕਸਰ ਕਈ ਖੇਤੀ ਪ੍ਰਧਾਨ ਸਮਾਜ ਵਿੱਚ ਖੇਤੀ ਯੋਗ ਭੂਮੀ ਦੀ ਵੰਡ ਤੋਂ ਬਚਣ ਲਈ

ਬਹੁਪਤੀ ਵਿਆਹ ਦਾ ਪ੍ਰਚਲਨ ਸੀ। ਦੂਜੇ ਪਾਸੇ ਜਨਜਾਤੀ ਸਮਾਜਾਂ ਵਿੱਚ ਜ਼ਿਆਦਾਤਰ ਵੱਧ ਕੰਨਿਆਂ ਮੁੱਲ ਦੇ ਕਾਰਨ ਗ਼ੈਰ-ਭਰਾਤਰੀ ਬਹੁਪਤੀ ਵਿਆਹ ਹੁੰਦੇ ਸਨ।

## ਜੀਵਨ ਸਾਥੀ ਦੀ ਚੋਣ ਕਰਨ ਦੇ ਨਿਯਮ

ਸਮਾਜ ਆਪਣੇ ਮੈਂਬਰਾਂ ਦੇ ਵਿਆਹੁਤਾ ਸੰਬੰਧਾਂ ਨੂੰ ਨਿਯਮਤ ਕਰਨ ਦੇ ਲਈ ਕੁਝ ਨਿਸ਼ਚਿਤ ਨਿਯਮ ਤਿਆਰ ਕਰਦਾ ਹੈ, ਜਿਨ੍ਹਾ ਨੂੰ ਜੀਵਨ ਸਾਥੀ ਦੀ ਚੋਣ ਕਰਨ ਦੇ ਨਿਯਮ ਕਹਿੰਦੇ ਹਨ। ਹਰੇਕ ਸਮਾਜ ਜੀਵਨ ਸਾਥੀ ਦੀ ਚੋਣ ਕਰਨ ਦੇ ਆਪਣੇ ਨਿਯਮ ਤਿਆਰ ਕਰਦਾ ਹੈ। ਉਦਾਹਰਨ ਦੇ ਲਈ ਇਕ ਸਮਾਂ ਸੀ ਜਦੋਂ ਭਾਰਤ ਵਿੱਚ ਵਿਆਹ ਦੇ ਲਈ ਕੋਈ ਨਿਸ਼ਚਿਤ ਉਮਰ ਸੀਮਾ ਨਹੀਂ ਸੀ। ਅਸਲ ਵਿੱਚ, ਕਿਸ਼ੋਰ ਅਵਸਥਾ ਤੋਂ ਪਹਿਲਾਂ ਹੀ ਲੜਕੀ ਦੇ ਵਿਆਹ ਕਰਨ ਦਾ ਪ੍ਰਥਾ ਪ੍ਰਚਲਿਤ ਸੀ ਪ੍ਰੰਤੂ ਹੁਣ ਵਿਆਹ ਭਾਰਤ ਸੰਵਿਧਾਨ ਵਿੱਚ ਦੇ ਲਈ ਲੜਕੀ ਦੀ ਉਮਰ 18 ਸਾਲ ਅਤੇ ਲੜਕੇ ਦੀ ਉਮਰ 21 ਸਾਲ ਨਿਰਧਾਰਿਤ ਹੈ। ਸਮਾਜ ਵਿੱਚ ਵਿਆਹ ਦੇ ਕੁੱਝ ਪ੍ਰਤੀਬੰਧਿਤ ਅਤੇ ਨਿਰਧਾਰਿਤ ਨਿਯਮ ਹਨ, ਜਿਸਦੇ ਆਧਾਰ ਤੇ ਜੀਵਨ ਸਾਥੀ ਦੀ ਚੋਣ ਕਰਨ ਦਾ ਨਿਯਮ ਹੈ।

**ਪ੍ਰਤੀਬੰਧਿਤ ਨਿਯਮ :-** ਇਹ ਉਹ ਨਿਯਮ ਹਨ, ਜੋ ਜੀਵਨ ਸਾਥੀ ਚੁਣਨ ਦੇ ਤਰੀਕਿਆਂ 'ਤੇ ਪ੍ਰਤੀਬੰਧ ਲਗਾਉਂਦੇ ਹਨ। ਇਹ ਨਿਯਮ ਇਸਤਰੀ ਅਤੇ ਪੁਰਸ਼ ਦੇ ਵਿਆਹ ਸੰਬੰਧਾਂ ਵਿੱਚ ਪ੍ਰਵੇਸ਼ ਕਰਨ ਦੇ ਲਈ ਕੁਝ ਨਿਸ਼ਚਿਤ ਸ਼੍ਰੇਣੀਆਂ ਵਿੱਚੋਂ ਜੀਵਨ ਸਾਥੀ ਨੂੰ ਚੁਣਨ ਲਈ ਰੋਕ ਲਗਾਉਂਦੇ ਹਨ, ਜੋ ਉਹਨਾਂ ਦੇ ਧਾਰਮਿਕ ਨਿਯਮਾਂ ਜਾਂ ਸਥਾਨਿਕ ਪ੍ਰਥਾਵਾਂ ਦੇ ਅਨੁਕੂਲ ਹੁੰਦੇ ਹਨ।

**1. ਰਿਸ਼ਤੇਦਾਰੀ ਵਿੱਚ ਵਿਆਹੁਤਾ ਸੰਬੰਧਾਂ ਦੀ ਮਨਾਹੀ :-** ਇਹ ਨਿਯਮ ਦੋ ਵਿਅਕਤੀਆਂ ਦੇ ਵਿਚਕਾਰ ਜੈਵਿਕ ਜਾਂ ਵਿਆਹੁਤਾ ਸੰਬੰਧਾਂ ਤੇ ਲਾਗੂ ਹੁੰਦਾ ਹੈ ਜੋ ਇਕ ਦੂਜੇ ਨਾਲ਼ ਖ਼ੂਨ ਦੇ ਰਿਸ਼ਤਿਆਂ ਜਾਂ ਇਕ ਹੀ ਪਰਿਵਾਰ ਨਾਲ਼ ਸੰਬੰਧਿਤ ਹੁੰਦੇ ਹਨ। ਇਹਨਾਂ ਰਿਸ਼ਤਿਆਂ 'ਤੇ ਕੁਝ ਮਨੁੱਖੀ ਸਮਾਜਾਂ ਵਿੱਚ ਪਾਬੰਧੀ ਲਗਾਈ ਜਾਂਦੀ ਹੈ ਭਾਵੇਂ ਵਿਭਿੰਨ ਸੱਭਿਆਚਾਰਾਂ ਵਿੱਚ ਇਸ ਸੰਬੰਧ ਵਿੱਚ ਵੱਖਰੇ ਨਿਯਮ ਹੋ ਸਕਦੇ ਹਨ,



ਕਿਸੇ ਸਮਾਜ ਵਿੱਚ ਖ਼ੂਨ ਦੇ ਰਿਸ਼ਤੇ ਜਾਂ ਯੌਨ ਸੰਬੰਧ ਬਣਾਉਣ ਦੀ ਆਜ਼ਾਦੀ ਹੋ ਸਕਦੀ ਹੈ ਅਤੇ ਕਿਸੇ ਸਮਾਜ ਵਿੱਚ ਨਹੀਂ ਹੋ ਸਕਦੀ। ਕੁਝ ਸਮਾਜਾਂ ਵਿੱਚ ਪਿਤਾ ਅਤੇ ਪੁੱਤਰੀ, ਮਾਤਾ ਅਤੇ ਪੁੱਤਰ, ਭਰਾ ਅਤੇ ਭੈਣ ਦੇ ਵਿਚਕਾਰ ਵਿਆਹ ਸੰਬੰਧਾਂ ਤੇ ਪਾਬੰਧੀ ਹੁੰਦੀ ਹੈ। ਇਨ੍ਹਾਂ ਪਾਬੰਧੀਆਂ ਨੂੰ ਰਿਸ਼ਤੇਦਾਰੀ ਵਿੱਚ ਵਿਆਹ ਪਾਬੰਧੀਆਂ ਦਾ ਨਾਂ ਦਿੱਤਾ ਜਾਂਦਾ ਹੈ। ਕੁਝ ਸਮਾਜਾਂ ਵਿੱਚ ਨੇੜੇ ਦੇ ਸੰਬੰਧਾਂ ਵਿੱਚ ਵਿਆਹ ਦੀ ਆਗਿਆ ਪ੍ਰਦਾਨ ਕੀਤੀ ਜਾਂਦੀ ਹੈ। ਉਦਾਹਰਨ ਦੇ ਲਈ ਕਈ ਸੱਭਿਆਚਾਰਾਂ ਵਿੱਚ ਚਚੇਰੇ ਅਤੇ ਮਮੇਰੇ ਭੈਣ ਭਰਾਵਾਂ ਵਿੱਚ ਵਿਆਹ ਨੂੰ ਰੋਕਿਆ ਨਹੀਂ ਜਾਂਦਾ ਬਲਕਿ ਉਹਨਾਂ ਨੂੰ ਪਹਿਲ ਦਿੱਤੀ ਜਾਂਦੀ ਹੈ।